# ਚਿਰਾਗ

ਅਕਤੂਬਰ-ਦਸੰਬਰ 1999

**October -December 1999**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : ਦਸ ਰੁਪਏ -30- ਅਕਤੂਬਰ-ਦਸੰਬਰ, 1999

# ਚਿਰਾ.ਗ (ਤਿਮਾਹੀ)

## ਅਕਤੂਬਰ-ਦਸੰਬਰ, 1999

ਸੰਪਾਦਕ : ਹਰਭਜਨ ਸਿੰਘ ਹੁੰਦਲ
ਪ੍ਰਤੀਨਿਧ : ਅਵਤਾਰ ਸਾਦਕ (ਯੂ.ਕੇ.)
ਮਾਨ ਸਿੰਘ ਭਾਰਗਵ (ਜੰਮੂ)

**ਸੰਪਾਦਕੀ ਮੰਡਲ :** ਡਾ. ਕਰਮਜੀਤ ਸਿੰ
ਸੁਰਜੀਤ ਗਿੱਲ, ਸੂਫ਼ੀ ਅਮਰਜੀਤ

## ਤਤਕਰਾ

* ਇਸ ਅੰਕ ਦਾ ਕਵੀ (ਗੁਰਦੀਪ ਡੇਹਰਾਦੂਨ ਦੀਆਂ ਸੱਤ ਕਵੀਆਂ ਗ਼ਜ਼ਲਾਂ)
* *ਨਜ਼ਮਾਂ :-* ਡਾ. ਸੁਖਦੇਵ ਸਿੰਘ ਦੀਆਂ ਚਾਰ ਨਵੀਆਂ ਨਜ਼ਮਾਂ
* *ਕਹਾਣੀ :-* ਐਨਕ (ਲਾਲ ਸਿੰਘ ਦੀ ਲੰਮੀ ਕਹਾਣੀ)
* *ਸਿਰਜਣ-ਕਿਰਿਆ :-* ਕਵਿਤਾ ਵਿਚੋਂ ਕਵਿਤਾ (ਹਰਭਜਨ ਸਿੰਘ ਹੁੰਦਲ)
* *ਵਾਘਿਉਂ ਪਾਰ :-* ਬਾਬਾ ਨਜਮੀਂ (ਨਜ਼ਮ ਤੇ ਗ਼ਜ਼ਲ) ਅਹਿਮਦ ਸਲੀਮ (ਨਜ਼ਮ) ਚਾ ਮਿੰਨੀ ਨਜ਼ਮਾਂ ਇਕਬਾਲ ਕੈਸਰ, ਕਹਾਣੀ (ਬੋਲੀ ਦਾ ਖੁਰਾ) ਨਸੀ ਅਹਿਮਦ ਚੀਮਾ
* *ਯਾਦਾਂ :-* ਕਵਿਤਾ ਤੇ ਰਾਜਨੀਤੀ (ਪਾਬਲੋ ਨੇਰੂਦਾ ਦੀ ਸਵੈ-ਜੀਵਨੀ ਵਿ
* *ਆਲੋਚਨਾ :-* ਪੰਜਾਬੀ ਕਹਾਣੀ ਦਾ ਤੀਜਾ ਪੜਾਅ (ਡਾ. ਬਲਦੇਵ ਸਿੰ ਧਾਲੀਵਾਲ), ਅਜੋਕੀ ਪੰਜਾਬੀ ਕਵਿਤਾ ਦਾ ਵਿਚਾਰਧਾਰਕ ਆਧ (ਡਾ. ਰਜਨੀਸ਼ ਬਹਾਦਰ ਸਿੰਘ)
* *ਗ਼ਜ਼ਲਾਂ :-* ਮੱਖਣ ਕੁਹਾੜ ਦੀਆਂ ਚਾਰ ਗ਼ਜ਼ਲਾਂ
* *ਵਾਦ-ਵਿਵਾਦ :-* ਬੇਤਰਕ ਨਤੀਜਾ (ਬਲਦੇਵ ਦੂਹੜੇ-ਕੈਨੇਡਾ)
* *ਪੁਸਤਕ ਪ੍ਰੀਚੈ :-* ਸੁਲੱਖਣ ਸਰਹੱਦੀ
* *ਪੁਸਤਕ ਪੜਚੋਲ :-* ਹਮੀਰਗੜ੍ਹ (ਸੁਰਜੀਤ ਗਿੱਲ) ਦੋ ਟਾਪੂ (ਡਾ. ਲਾਭ ਸਿੰਘ ਖੀਵ ਬਿਰਤਾਂਤ), (ਡਾ. ਕਰਮਜੀਤ ਸਿੰਘ)
* *ਖਿਆਲ ਆਪੋ-ਆਪਣਾ:-* ਮਹਿੰਦਰ ਸਾਥੀ (ਮੋਗਾ), ਸੁਲੱਖਣ ਸਰਹੱਦੀ, ਐਸ.ਐਨ. ਆਹਲੂਵਾਲੀਆ (ਅੰਮ੍ਰਿਤਸਰ), ਖਾਲਦ ਕਿਫ਼ਾਇਤ (ਮਲੇਰਕੋਟਲਾ) ਪ੍ਰਦੁਮਣ ਸਿੰਘ ਬੇਦੀ (ਲੁਧਿਆਣਾ)
* *ਪੁਸਤਕ ਪ੍ਰਾਪਤੀ :-* ...........

**Postal Address :**
**Harbhajan Singh Hundal,**
**V. Fatu Chak,**
**P.O. Dhilwan,**
**Distt. Kapurthala-144804**
**(Pb.) India.**

ਚੰਦਿਆਂ ਦਾ ਵੇਰਵਾ:

| | | |
|---|---|---|
| ਦੇਸ਼ ਵਾਰਸ਼ਿਕ | : | 40 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 50 ਰੁਪਏ |
| ਬਦੇਸ਼, ਯੂ.ਕੇ. | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁਪਏ |

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1--96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

## ਇਸ ਅੰਕ ਦਾ ਕਵੀ

(ਪੰਜਾਬੀ ਕਾਵਿ-ਜਗਤ ਵਿਚ ਘੱਟ ਜਾਣਿਆਂ ਜਾਣ ਵਾਲਾ ਕਵੀ ਗੁਰਦੀਪ ਵਿਲੱਖਣ ਪ੍ਰਤਿਭਾ ਦਾ ਮਾਲਕ ਹੈ। ਪੁਰਾਤਨ ਰਿਸ਼ੀਆਂ ਵਾਂਗ, ਡੇਹਰਾਦੂਨ ਦੀ ਸੁੰਦਰ ਵਾਦੀ ਵਿਚ ਵੱਸਦੇ, ਉਸ ਨੇ ਗਜ਼ਲ ਬਾਰੇ ਡੂੰਘੀ ਸਮਝ ਪ੍ਰਾਪਤ ਕੀਤੀ ਹੈ। ਐਪਰ ਪੰਜਾਬ ਤੋਂ ਦੂਰ ਬੈਠਾ ਅਤੇ ਚਰਚਾ ਕਰਨ, ਕਰਾਉਣ ਤੋਂ ਬੇਨਿਆਜ਼ ਉਹ ਉਰਦੂ ਤੇ ਪੰਜਾਬੀ ਗ਼ਜ਼ਲ ਬਾਰੇ ਡੂੰਘੀ ਜਾਣਕਾਰੀ ਰੱਖਦਾ ਹੈ। ਉਸ ਦੀ ਗਜ਼ਲ ਵਿਚਲੀ ਪ੍ਰਪੱਕਤਾ ਉਸ ਨੂੰ ਪੰਜਾਬੀ ਦੇ ਸ਼੍ਰੇਸ਼ਟ ਗ਼ਜ਼ਲਗੋਆਂ ਵਿਚ ਸ਼ਾਮਿਲ ਕਰਦੀ ਹੈ। ਪੇਸ਼ ਨੇ ਉਸ ਦੀਆਂ ਕੁਝ ਨਵੀਆਂ ਗ਼ਜ਼ਲਾਂ-ਸੰਪਾਦਕ)

### ਗੁਰਦੀਪ

(1)

ਗਵਾ ਚੁਕੇ ਨੇ ਪਿਪਲ ਬੋਹੜ ਸਭ ਰਾਹਤ ਦਾ ਸਿਰਨਾਵਾਂ।
ਬੜੀ ਮੁਸ਼ਕਿਲ ਹੈ ਛਾਵਾਂ ਨੂੰ ਕਰਨ ਤੇ ਕੀ ਕਰਨ ਛਾਵਾਂ।
ਬੜੇ ਹੀ ਅਰਸ਼ ਦਿੰਦੇ ਨੇ ਬੁਲਾਵੇ ਹੁਣ ਵੀ ਨਜ਼ਰਾਂ ਨੂੰ,
ਗਵਾ ਕੇ ਖੰਭ ਮੈਂ ਆਖਿਰ ਕਦੋਂ ਤੀਕਰ ਉਡੀ ਜਾਵਾਂ।
ਉਸਾਰੀ ਅੰਬਰਾਂ ਨੂੰ ਛੋਹ ਰਹੀ ਹੈ ਸ਼ਹਿਰਕਾਰੀ ਦੀ,
ਨਹੀਂ ਵਸੀਆਂ ਦਿਲਾਂ ਦੇ ਸ਼ਹਿਰ ਵਿਚ ਪਰ ਸੁੰਞੀਆਂ ਥਾਵਾਂ।
ਮੇਰੇ ਰਸਤੇ ਦੇ ਸਾਰੇ ਹਾਦਸੇ ਇਤਫ਼ਾਕ ਵਰਗੇ ਸੀ,
ਕਿਹੜਾ ਹਾਦਸਾ ਇਥੇ ਮੈਂ ਕਿਸ ਇਤਫ਼ਾਕ ਸਿਰ ਲਾਵਾਂ।
ਕਿਸੇ ਅਪਣੱਤ ਦੇ ਨਕਸ਼ਾਂ ਨੂੰ ਮਿਟਦਾ ਕੌਣ ਦੇਖੇਗਾ,
ਸ਼ਨਾਖ਼ਤ ਹੀ ਗਵਾ ਬਹਿੰਦਾ ਜਿਹੜਾ ਸ਼ਹਿਰ ਅਪਣਾਵਾਂ।
ਤਰਾਨੇ ਵਸਲ ਦੇ ਗਾਉਣੇ ਨੇ ਮਿਲ ਕੇ ਨਾਲ ਸ਼ਾਮਾਂ ਦੇ,
ਤੁਸੀਂ ਠਹਿਰੋ ਤਸੱਵਰ ਵਿਚ ਮੈਂ ਦੋ ਜਾਮ ਲੈ ਆਵਾਂ।

(2)

ਥੱਕ ਕੇ ਧੜਕਣ ਦੇ ਜਿਹੜੇ ਕਾਰਵਾਂ ਮੁੜੇ।
ਪੀੜਾਂ ਦੇ ਕਾਰੋਬਾਰ ਵੱਲੋਂ ਬਦਗੁਮਾਂ ਮੁੜੇ।
ਲੱਗਾ ਹਾਂ ਜਾਣ ਬਹੁਤ ਚਿਰ ਉਸ ਨੂੰ ਉਡੀਕ ਕੇ,
ਮੇਰਾ ਸੁਨੇਹਾ ਦੇ ਦਿਓ. ਜਿਸ ਦਿਨ ਸਮਾਂ ਮਿਲੇ।
ਘੁੰਮਦਾ ਹੈ ਰਾਹ ਮੇਰਾ ਸੂਰਜ ਦੇ ਨਾਲ-ਨਾਲ,
ਦੇਖੀਏ ਏਧਰ ਕਦੋਂ ਰੁੱਖਾਂ ਦੀ ਛਾਂ ਮੁੜੇ।
ਕੁਝ ਵੀ ਪਛਾਣ ਆਪਣੀ ਦਾ ਨਾਲ ਨਾ ਲਿਆ,
ਸ਼ਹਿਰਾਂ ਦੇ ਵੱਲ ਇਸ ਤਰ੍ਹਾਂ ਸਾਡੇ ਗਰਾਂ ਮੁੜੇ।
ਸੱਚ ਦੀ ਸਿਆਣ ਨੂੰ ਮੁੱਦਾ ਬਣਾਉਣ ਬਾਦ.

ਵਾਪਸ ਮੁੜੇ ਜੇ ਪਾਰਾ੍ਹੂ ਤੇ ਬਦਗੁਮਾਂ ਮੁੜੇ।
ਇਕੋ-ਰੁਖਾ ਹੈ ਰਾਸਤਾ ਸਾਰਾ ਹਯਾਤ ਦਾ,
ਏਧਰ ਦੀ ਗੁਜ਼ਰ ਜਾਣ ਵਾਲਾ ਕਿਸ ਤਰ੍ਹਾਂ ਮੁੜੇ।
ਧੜਕਣ ਨੇ ਕੋਈ ਰੌਸ਼ਨੀ ਦੇਖੀ ਕਿਤੇ ਨਹੀਂ,
ਕਾਤਲ ਮੁੜੇ ਨਾ ਇਸੇ ਤਰਫ਼ ਮਿਹਰਬਾਂ ਮੁੜੇ।
ਰਾਤਾਂ ਹੁਸੀਨ ਖ਼ਾਬ ਸੀ ਦਿਨ ਰੰਗ ਮਹਿਫ਼ਲਾਂ,
ਮੇਰੇ ਸ਼ਹਿਰ 'ਚ ਫਿਰ ਉਹ ਹਾਲਾਤ ਨਾ ਮੁੜੇ।

(3)

ਹਰ ਸ਼ਾਮ ਸਵੇਰੇ ਦੇ ਇਕਰਾਰ ਦਾ ਚਾਅ ਹੋਣਾ।
ਤੇ ਦਿਲ ਨੂੰ ਤਹੱਮਲ ਦੇ ਆਦਾਬ ਸਿਖਾ ਹੋਣਾ।
ਹਮਸਫ਼ਰ ਕਯਾਮਤ ਦੇ ਮੈਂ ਨਕਸ਼ ਤਰਾਸ਼ ਲਵਾਂ,
ਇਸ ਵਾਸਤੇ ਲਾਜ਼ਮ ਹੈ ਪਰ ਦਿਲ 'ਚ ਟਿਕਾ ਹੋਣਾ।
ਤੇਰੇ ਵੀ ਗਿਲੇ ਵਾਜਬ ਮੇਰੇ ਵੀ ਗਿਲੇ ਸੱਚੇ,
ਪਰ ਦਰਦ ਦੇ ਰਿਸ਼ਤੇ ਦਾ ਲਾਜ਼ਮ ਹੈ ਨਿਭਾ ਹੋਣਾ।
ਹਰ ਸ਼ਾਮ ਮੇਰਾ ਬਹਿਣਾ ਯਾਦਾਂ ਦਾ ਸਬੂ ਲੈ ਕੇ,
ਹਰ ਰੋਜ਼ ਵਿਛੋੜੇ ਦਾ ਅਹਿਸਾਸ ਸਵਾ ਹੋਣਾ।
ਉਸ ਤਰਫ ਸਹੂਲਤ ਦਾ ਕਬਜ਼ਾ ਹੈ ਮੁਹੱਬਤ ਤੇ,
ਕੁਝ ਆਮ ਜਿਹਾ ਬਣਿਆ ਗਿਣਮਿੱਥ ਕੇ ਜੁਦਾ ਹੋਣਾ।
ਮਕਸਦ ਹੈ ਵਫਾਵਾਂ ਦਾ ਬਸ ਆਪ ਵਫਾਵਾਂ ਹੀ,
ਇਹ ਵਣਜ ਨਹੀਂ ਗਿਣਦਾ ਘਾਟਾਂ ਜਾਂ ਨਫਾ ਹੋਣਾ।
ਨਿੰਮੀ ਜਹੀ ਲੋਅ ਕੋਈ ਪਹਿਚਾਣ ਸਿਤਾਰੇ ਦੀ,
ਤੇ ਚੰਦ ਲਈ ਸੋਹੇ ਪੁਰਨੂਰ ਫਿਜ਼ਾ ਹੋਣਾ।
ਇਕ ਉਮਰ ਅਕੀਦਤ ਦੀ ਕਰ ਦਿੱਤੀ ਤੇਰੇ ਨਾਂਵੇ,
ਬਾਕੀ ਹੀ ਰਿਹਾ ਲੇਕਿਨ ਸਜਦੇ ਦਾ ਅਦਾ ਹੋਣਾ।
ਖੁਸ਼ ਰੰਗ ਲਕੀਰਾਂ ਨੇ ਹੱਥਾਂ 'ਚ ਮੇਰੇ ਭਾਵੇਂ,
ਆਸਾਨ ਨਹੀਂ ਲੇਕਿਨ ਕਿਸਮਤ ਦਾ ਬਣਾ ਹੋਣਾ।
ਧੜਕਣ ਦੀ ਹਕੀਕਤ ਵਿਚ ਵਿਸਫੋਟ ਜਿਹਾ ਕੋਈ,
ਨਾ ਹੋਣ ਜਿਹੇ ਵਰਗਾ ਬੰਦੇ ਦਾ ਖ਼ੁਦਾ ਹੋਣਾ।
ਕੁਝ ਹੋਰ ਪਿਲਾ ਸਾਕੀ ਰੰਗਾਂ ਦੇ ਤਸੱਵਰ ਨੂੰ,
ਹਾਲੀ ਵੀ ਜ਼ਰੂਰੀ ਹੈ ਕੁਝ ਹੋਰ ਭੁੱਲਾ ਹੋਣਾ।

ਬਣਾਓ ਪੁਲ ਕੋਈ ਇਸ ਅਜਨਬੀਅਤ ਦੀ ਨਦੀ ਉਤੇ।
ਰਹੇ ਇਤਬਾਰ ਕੋਈ ਜ਼ਿੰਦਗੀ ਨੂੰ ਜ਼ਿੰਦਗੀ ਉੱਤੇ।
ਸਾਨੂੰ ਫਖ਼ਰ ਹੁਣ ਵੀ ਹੈ ਗ਼ਮਾਂ ਦੀ ਆਸ਼ਨਾਈ ਤੇ,
ਗਿਲੇ ਵੀ ਹੋਣਗੇ ਸੋ ਦੋਸਤੀ ਨੂੰ ਦੋਸਤੀ ਉੱਤੇ।
ਮੈਨੂੰ ਪੁਛਦੇ ਨੇ ਜ਼ਖ਼ਮ ਨੰਗੇ ਮੇਰੀ ਦੁਨੀਆਂ ਦੇ,
ਭਰੋਸਾ ਅਕਲ ਤੇ ਕਰੀਏ ਜਾਂ ਕਰੀਏ ਬੇਖ਼ੁਦੀ ਉੱਤੇ।
ਉਨ੍ਹਾਂ ਦਰਦ-ਏ-ਦਿਲ ਨੂੰ ਚੁਣ ਲਿਆ ਏ ਹਮਸਫਰ ਆਪਣਾ,
ਤਰਸ ਆਉਂਦਾ ਏ ਮੈਨੂੰ ਧੜਕਣਾਂ ਦੀ ਸਾਦਗੀ ਉੱਤੇ।
ਸੁੱਖਾਂ ਦਾ ਵੇਸ ਤਨ ਪਾਕੇ ਦਿਖਾਕੇ ਚਮਤਕਾਰਾਂ ਨੂੰ,
ਸਮਾਂ ਹੈ ਤਲਖ ਹੋਈ ਜਾ ਰਿਹਾ ਏ ਆਦਮੀ ਉੱਤੇ।
ਰਹੀ ਨਾ ਕੋਈ ਕੀਮਤ ਜ਼ਿੰਦਗੀ ਵਿਚ ਜਾਨਬਾਜ਼ੀ ਦੀ,
ਜਦੋਂ ਦਾ ਸਿਰ ਟਿਕਾਉਣਾ ਸਿਖਿਆ ਏ ਮੈਂ ਤਲੀ ਉੱਤੇ।
ਖੁਦਾ ਜਾਣੇ ਮੇਰੇ ਤੋਂ ਜ਼ਿੰਦਗੀ ਨੂੰ ਕੀ ਤਵੱਕੋ ਹੈ,
ਨਾ ਖੁਸ਼ ਹੈ ਮਾਣ ਤੇ ਮੇਰੇ ਨਾ ਖੁਸ਼ ਹੈ ਆਜਜ਼ੀ ਉੱਤੇ।
ਖੁਦਾ ਦੇ ਵਾਸਤੇ ਸੁਪਨੇ ਦੇ ਰਾਹਾਂ ਨੂੰ ਬਖਸ਼ ਦੇਵੋ,
ਤੁਸੀਂ ਇਲਜ਼ਾਮ ਜੋ ਲਾਉਣਾ ਹੈ ਲਾਓ ਰਹਿਬਰੀ ਉੱਤੇ।

(5)

ਪਾਕ ਸੀਰਤ ਤੇ ਰੱਬ ਦੇ ਨਾਂ ਵਾਲੇ।
ਦਿਲ ਦੇ ਗਏ ਖਿਲਾਫ਼ ਨਿਆਂ ਵਾਲੇ।
ਸਿੱਖ ਲਈਏ ਸੰਭਾਲਣ ਦਿਲਾਂ ਅੰਦਰ,
ਕੋਨੇ ਭੀੜ ਤੋਂ ਵੱਖਰੀ ਥਾਂ ਵਾਲੇ।
ਕਰ ਗਏ ਗੁਲਕਾਰੀਆਂ ਦਿਲਾਂ ਉੱਤੇ,
ਸੁਪਨੇ ਵਿਚ ਹੀ ਹੱਥ ਹਿਨਾਂ ਵਾਲੇ।
ਤਪਸ਼ ਨਾਲ ਇਸ ਜੂਝਦੇ ਸ਼ਹਿਰ ਅੰਦਰ,
ਬੁਹੜੇ ਰੁੱਖ ਨੇ ਸੰਘਣੀ ਛਾਂ ਵਾਲੇ।
ਇਕ ਮੈਂ ਹਾਂ ਦਰਦ ਦਾ ਯਾਰ ਜਾਨੀ,
ਚੰਦ ਹੋਰ ਨੇ ਸੁਖ਼ਨਵਰ ਨਾਂ ਵਾਲੇ।
ਮੱਝਾਂ ਹੋਣ ਤੇ ਲੱਭ ਲਿਆਉਣ ਮਾਹੀ,
ਪੱਤਣ ਗਏ ਗਵਾਚ ਝਨਾਂ ਵਾਲੇ।

(6)

ਜਾਮ ਨੂੰ ਫੁਰਸਤ ਮਿਲੀ ਮੁਸਕਾਉਣ ਦੀ।
ਮਿਹਰਬਾਨੀ ਦੋਸਤਾਂ ਦੇ ਆਉਣ ਦੀ।
ਜੇ ਖਿਜ਼ਾਂ ਪਿਛੋਂ ਨਹੀਂ ਕੋਈ ਬਹਾਰ,

ਲੋੜ ਹੈ ਵੇਲੇ ਨੂੰ ਰਾਹੇ ਪਾਉਣ ਦੀ।
ਰੰਗ ਨੂੰ ਆਉਂਦੀ ਹੈ ਸੈਨਤ ਮਾਰਨੀ,
ਜਾਚ ਹੈ ਹਸਰਤ ਨੂੰ ਦਿਲ ਤੜਪਾਉਣ ਦੀ।
ਅਸਤਦੇ ਸੂਰਜ ਸਦਾ ਖਾਤਰ ਨਹੀਂ,
ਗਲ ਐਡੀ ਵੀ ਨਹੀਂ ਘਬਰਾਉਣ ਦੀ।
ਦਿਲ ਗਵਾਚੇ ਚੈਨ ਨੂੰ ਲੱਭੀ ਗਿਆ,
ਰਾਤ ਭਰ ਮੁਹਲਤ ਮਿਲੀ ਨਾਂ ਸਾਉਣ ਦੀ।
ਫੁੱਲ ਜੋ ਖਿੜਦੇ ਨੇ ਮੁਰਝਾਉਂਦੇ ਵੀ ਨੇ,
ਰੁੱਤ ਇੱਕ ਖਿੜਨ ਦੀ, ਮੁਰਝਾਉਣ ਦੀ।
ਦੌੜਕੇ ਚਾਹਿਆ ਮੈਂ ਫੜਨਾ ਵਕਤ ਨੂੰ,
ਹੁਸਨ ਨੂੰ ਸੁੱਝੀ ਸਮਾਂ ਖਿਸਕਾਉਣ ਦੀ।
ਧਰਤ ਨੂੰ ਲੁੱਟਣ ਦੇ ਪਿੱਛੋਂ ਹਵਸ ਹੁਣ,
ਸੋਚਦੀ ਹੈ ਅਰਸ਼ ਨੂੰ ਉਲਟਾਉਣ ਦੀ।
ਅਜ਼ਲ ਤੋਂ ਆਈ ਹੈ ਤੁਰਦੀ ਜ਼ਿੰਦਗੀ,
ਜਾਚ ਨਾਂ ਆਈ ਕਿਤੇ ਦਿਲ ਲਾਉਣ ਦੀ।

(7)

ਕਹਿਰ ਦਾ ਮੋੜ ਤੱਕਣ ਦੀ ਮੈਂ ਆਦਤ ਪਾਲ ਬੈਠਾ ਹਾਂ।
ਹਸ਼ਰ ਨੂੰ ਗਲਤ ਠਹਿਰਾ ਕੇ ਕਯਾਮਤ ਪਾਲ ਬੈਠਾ ਹਾਂ।
ਵੇਚਣ ਵਾਸਤੇ ਕਰਦਾ ਹੈ ਬੰਧਨ ਮੁਕਤ ਜੋ ਦਿਲ ਨੂੰ,
ਮੈਂ ਦਿਲ ਵਿਚ ਉਸ ਨਿਆਂ ਖਾਤਰ ਬਗਾਵਤ ਪਾਲ ਬੈਠਾ ਹਾਂ।
ਮੈਲਾ ਹੋ ਰਿਹਾ ਹੈ ਰਾਤ ਦਿਨ ਜਿਸ ਥਾਂ ਹਵਾ ਪਾਣੀ,
ਮੈਂ ਉਸ ਧਰਤੀ ਦੇ ਉੱਤੇ ਇਕ ਨਫ਼ਾਸਤ ਪਾਲ ਬੈਠਾ ਹਾਂ।
ਤੁਸੀਂ ਜੋ ਨਜ਼ਰ ਨੂੰ ਸਾਣੋਂ-ਚੜ੍ਹਾਏ ਬਿਨ ਨਹੀਂ ਰਹਿੰਦੇ,
ਤੇ ਜ਼ਖ਼ਮੀ ਦਿਲ 'ਚ ਮੈਂ ਵਾਧੂ ਨਜ਼ਾਕਤ ਪਾਲ ਬੈਠਾ ਹਾਂ।
ਨਾ ਕੱਲਾ ਰਹਿਣ ਜੋਗਾ ਹਾਂ, ਨਾ ਰੌਣਕ ਰਾਸ ਹੈ ਮੈਨੂੰ,
ਮੇਰੇ ਰੱਬਾ ਮੈਂ ਕਿਦਾਂ ਦੀ ਤਬੀਅਤ ਪਾਲ ਬੈਠਾ ਹਾਂ।
ਮੇਰੇ ਹਰ ਫੇਅਲ ਵਿਚ ਆ ਕੇ ਜੋ ਕਰਦੀ ਹੈ ਨਸ਼ਰ ਮੈਨੂੰ,
ਮੈਂ ਦਿਲ ਵਿਚ ਇਸ ਤਰ੍ਹਾਂ ਦੀ ਇਕ ਅਕੀਦਤ ਪਾਲ ਬੈਠਾ ਹਾਂ।
ਛੋਟਾ ਹੋ ਕੇ ਮੈਨੂੰ ਹੋਰ ਛੁਟਿਆਇਆ ਨਾ ਕਰ ਜ਼ਾਲਮ,
ਮੈਂ ਤੇਰੀ ਕਸਮ ਚੁੱਕਣ ਦੀ ਇਹ ਆਦਤ ਪਾਲ ਬੈਠਾ ਹਾਂ।

**(ਰੇਸ਼ਮ ਮਾਜਰੀ, ਵਾਇਆ, ਡੋਈ ਵਾਲਾ, ਡੇਹਰਾਦੂਨ (ਯੂ.ਪੀ.)**



**ਚਾਰ ਕਵਿਤਾਵਾਂ**

## ਡਾ. ਸੁਖਦੇਵ ਸਿੰਘ ਸਿਰਸਾ

(ਨਵੀਂ ਪੀੜੀ ਦੇ ਮਾਰਕਸਵਾਦੀ ਆਲੋਚਕਾਂ ਵਿਚ ਡਾ. ਸੁਖਦੇਵ ਸਿੰਘ ਸਿਰਸਾ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਪਿਛਲੇ ਦਿਨੀਂ ਆਧੁਨਿਕ ਪੰਜਾਬੀ ਕਵਿਤਾ ਬਾਰੇ ਛਪੀ ਉਨ੍ਹਾਂ ਦੀ ਅਲੋਚਨਾਮਿਕ ਪੁਸਤਕ ਆਧੁਨਿਕ ਪੰਜਾਬੀ ਕਵਿਤਾ ਦਾ ਕਾਵਿ-ਸ਼ਾਸ਼ਤਰ ਜ਼ਿਕਰਯੋਗ ਪ੍ਰਾਪਤੀ ਹੈ। ਪੇਸ਼ ਹਨ ਉਨ੍ਹਾਂ ਦੀਆਂ ਕੁਝ ਸੱਜਰੀਆਂ ਕਵਿਤਾਵਾਂ, ਜਿਹੜੀਆਂ ਲੇਖਕ ਦੇ ਸੰਵੇਦਨਸ਼ੀਲ ਮਨ ਦੀ ਤਰਜਮਾਨੀ ਕਰਦੀਆਂ ਹਨ। ਸੰਪਾਦਕ)

**ਹੇ ਕਵਿਤਾ!**

1.

ਕਵਿਤਾ ਮੈਨੂੰ ਭਗਵਾਂ ਭੇਸ ਰੰਗਾ ਦੇ
ਭਿੱਛਿਆ ਮੇਰੀ ਬਗਲੀ ਦੇ ਵਿਚ
ਦੋ ਬੁੱਕ ਸ਼ੁਹਲੇ ਪਾ ਦੇ

ਹਰ ਸੁਪਨੇ ਦੇ ਉੱਗੀ ਕਬਰ ਸਿਰਹਾਣੇ
ਹਰ ਇੱਛਾ 'ਤੇ ਬੈਠਾ ਗੋਰਖ ਪਹਿਰੇ
ਸੁਪਨਿਆਂ ਵਿਚ ਜੋ ਵਸਦੀ-ਡੱਸਦੀ
ਉਹੀਓ ਮੁੰਦਰਾਂ ਗੋਰਖ ਤੋਂ ਬਖ਼ਸ਼ਾ ਦੇ
ਕਵਿਤਾ ਮੈਨੂੰ ਹਰ ਅੱਖੜੀ ਦੀ
ਸੁਪਨੇ-ਜੂਨੀ ਪਾ ਦੇ।

ਰਾਜ-ਭਾਗ ਦੇ ਅਗਨ ਸ਼ਾਸਤਰਾਂ ਸਾਹਵੇਂ
ਬੇਵੱਸ ਮਿਰਜ਼ਾ ਨਾਲੇ ਤੀਰ ਨਿਮਾਣੇ
ਖੌਫ਼-ਜ਼ਦਾ ਕਲਮਾਂ ਦੇ ਮੂੰਹ
ਕੋਈ ਬਿਸੀਅਰ ਜੀਭ ਲਗਾ ਦੇ
ਸਿਰ ਧਰ ਤਲੀ ਗਲੀ ਲੰਘ ਜਾਵਾਂ
ਕਵਿਤਾ ਮੈਨੂੰ ਖੰਡਿਓਂ ਪਹੁਲ ਛਕਾ ਦੇ!

ਮੰਡੀ ਤੇ ਟਕਿਆਂ ਦੀ ਚਕਾਚੌਂਧ
ਕੁੱਲ ਸ਼ਬਦ ਮੁਨਾਖੇ ਕੀਤੇ
ਭੁੱਲੜ ਗੀਤਾਂ ਦੇ ਨੈਣਾਂ ਵਿਚ
ਨੀਝ ਦਾ ਸੁਰਮਾ ਪਾ ਦੇ
ਕਵਿਤਾ ਨ੍ਹੇਰੇ ਰਾਹਾਂ ਵਿਚ
ਕੋਈ ਚੰਨ ਦੀ ਰਿਸ਼ਮ ਬਿਠਾ ਦੇ!

ਝਿਲਮਿਲ ਝਿਲਮਿਲ ਤਾਰੇ ਬੰਨ੍ਹਦੇ
ਰੂਹ ਮੇਰੀ ਦੇ ਪੱਲੇ।
ਮਨ ਦੀ ਮਾਰੂਥਲੀ, ਹੇ ਕਵਿਤਾ!
ਸੱਤ-ਰੰਗ ਪੀਂਘ ਚੜ੍ਹਾ ਦੇ
ਬਖ਼ਸ਼ ਕਾਫ਼ੀਆ ਅੰਬਰ ਜਿੱਡਾ
ਦਹਿ-ਦਿਸ਼ ਨਜ਼ਰ ਫੈਲਾਅ ਦੇ

ਕਵਿਤਾ ਮੈਨੂੰ ਸੂਹਾ ਵੇਸ ਰੰਗਾ ਦੇ
ਮੇਰੇ ਵਿਚ ਸੁਤ-ਨੀਂਦਾ ਪੂਰਨ ਪੁੱਤ ਜਗਾ ਦੇ।

**2. ਵਾਵਰੋਲਾ**

ਦਾਦੀ ਸੁਣਾ ਅੱਜ ਫੇਰ
ਸੱਤ ਦਰਵਾਜ਼ਿਆਂ ਵਾਲੇ ਕਿਲ੍ਹੇ ਚ
ਬੰਦ ਸਹਿਜ਼ਾਦੀ ਦੀ ਬਾਤ, ਸੌਣ ਦੇਵੇ ਨਾ ਜਿਸ ਨੂੰ
ਮਾਨਸ-ਖਾਣਾ ਦੇਓ
ਅਖੇ "ਮੈਂ ਹਰ ਸੁਪਨੇ ਦਾ
ਖੁਰਾ ਨੱਪਣਾ ਹੈ
ਸੁਪਨਾ 'ਆਦਮ-ਜ਼ਾਤ' ਦਾ ਗੁਨਾਹ
ਬੀਜਦਾ ਮਨਾਂ ਚ
ਬਗਾਵਤ ਦੇ ਬੀਜ
ਰੱਬ ਉਤੇ, ਦਿਉਤੇ ਉਤੇ ਕਰਦਾ ਸੰਦੇਹ
ਸਿਰਜਦਾ ਭਰਮ ਮਨੁੱਖ ਦੇ
ਰੱਬ ਜਿੱਡਾ, ਦਿਉਤੇ ਜਿੱਡਾ ਹੋਣ ਦਾ
ਸੁਪਨਾ ਧਰਤੀ ਦੇ ਕੀੜੇ ਦੀ
ਸਭ ਤੋਂ ਖ਼ਤਰਨਾਕ ਸਾਜਿਸ਼
ਸੁਪਨਾ ਉਂਘਦੇ ਬੰਦੇ ਦੇ
ਮਨ ਚ ਉਠਦਾ ਵਾਵਰੋਲਾ
ਜਦੋਂ ਵੀ ਅੱਖ ਚ ਜਗੇ ਸੁਪਨਾ
ਡੋਲਣ ਕੁੱਲ ਪਾਤਸ਼ਾਹੀਆਂ ਦੇ
ਤਖ਼ਤਾਂ ਦੇ ਪਾਵੇ
ਸੁਪਨੇ ਤੇ ਤਖਤ ਦਾ
ਵੈਰ ਮੁਢ-ਮੁੱਢੀ ਕਦੀਮੀ!"

ਦਾਦੀ ਦਉ ਸੱਚ ਕਹਿੰਦਾ
'ਸਹਿਜ਼ਾਦੀ ਖ਼ੁਦ ਇਕ ਸੁਪਨਾ ਹੈ।'
ਸੋਲ੍ਹਵੇਂ ਵਰ੍ਹੇ 'ਚ
ਧਰਤੀ ਦੀ ਹਰ ਚਿੜੀ ਦੇ ਮਨ ਚ
ਅੰਗੜਾਈ ਲੈਂਦਾ ਇਕ ਛਲੇਡਾ
ਘੁੱਟ ਕੇ ਭੀੜੇ ਦਿਲ ਦੇ ਦਰਾਂ ਨੂੰ
ਰਤਾ ਵੀ ਖ਼ਬਰ ਨਹੀਂ ਹੁੰਦੀ
ਬਸ ਇਕ ਧੂਣੀ ਜਿਹੀ
ਧੁਖਣ ਲਗਦੀ ਹੈ ਅੰਦਰੋ-ਅੰਦਰ
ਮੁੱਛ ਫੁੱਟੇ ਤਾਂ ਝੱਲਾ ਸੁਪਨਾ
ਖ਼ੂਨ ਚ ਰੀਗੋਂ ਕਰੇ ਕੁਤ-ਕਤਾੜੀਆਂ
ਦਾਦੀ ਦੇਓ ਸੱਚ ਕਹਿੰਦਾ
'ਬੰਦਾ ਖ਼ੁਦ ਇਕ ਸੁਪਨਾ ਹੈ।'

ਦਾਦੀ ਤੂੰ ਤਾਂ ਕਹਿੰਦੀ ਸੀ,
"ਆਇਆ ਇਕ ਦਿਨ ਵਾਵਰੋਲਾ
ਗਰਦਾ ਗਰ ਉਡਾਉਂਦਾ ਹਰ ਸ਼ੈਅ



ਜੋ ਉਸਦੇ ਰਾਹ ਆਈ
ਭੰਨਦਾ-ਤੋੜਦਾ ਲੰਘ ਗਿਆ
ਕਿਲ੍ਹੇ ਦੇ ਸੱਤੇ ਦਰਵਾਜ਼ੇ ਵਾਵਰੋਲੇ ਚੋਂ ਇਕ ਰਾਜ ਕੁਮਾਰ
ਸੁਧਾ ਸਹਿਜ਼ਾਦੀ ਦਾ ਸੁਪਨਾ
ਲੈ ਉਡਿਆ ਬੰਦੀਖਾਨੇ ਚੋਂ
ਸੁਪਨੇ-ਉਣਦੀ ਸਹਿਜ਼ਾਦੀ
ਦਾਦੀ ਦੇਓ ਸੱਚ ਕਹਿੰਦਾ
'ਸੁਪਨਾ ਇਕ ਵਾਵਰੋਲਾ।'

ਦਾਦੀ ਇਹ ਸਾਨੂੰ ਕੀ ਹੋ ਗਿਆ
ਸਾਡੇ ਕੋਲ ਮਰੇ ਮਰੇ ਸੁਪਨੇ ਹਨ
ਕਦੇ-ਕਦਾਈਂ ਮਨਾਂ ਚ
ਇਕ ਵਾਵਰੋਲਾ ਜਿਹਾ ਉਠਦਾ ਹੈ
ਖਿੰਡਾ ਜਾਂਦਾ ਹੈ
ਨਿੱਕੇ ਨਿੱਕੇ ਸੁਪਨਿਆਂ ਦੇ ਸਾਰੇ ਤੀਲੇ
ਭੰਨ ਜਾਂਦਾ ਹੈ ਮਨ ਦੇ ਕਿਲ੍ਹੇ ਦੇ
ਸਾਰੇ ਦਰਵਾਜ਼ੇ
ਅਸੀ ਹਾਂ ਕਿ ਬੱਸ
ਮੁਠੀਆਂ ਮੀਚ ਕੇ ਰਹਿ ਜਾਂਦੇ ਹਾਂ
ਦਾਦੀ ਤੇਰੀ ਬਾਤ ਵਰਗਾ ਵਾਵਰੋਲਾ
ਹੁਣ ਕਦੋਂ ਆਵੇਗੇ?
ਦਾਦੀ ਸੁਣਾ ਅੱਜ ਫੇਰ ਬਾਤ
ਤੜੱਕ ਤੜੱਕ ਟੁਟਦੇ ਦਰਵਾਜ਼ਿਆਂ ਦੀ
ਸੁਪਨਿਆਂ ਦੀ ਹਿੱਕ ਤੇ ਬੈਠਾ ਦੇਓ
ਹੁਣ ਹੋਰ ਝੱਲਿਆ ਨਹੀਂ ਜਾਂਦਾ
ਦਾਦੀ ਸੁਣਾ ਅੱਜ ਫੇਰ...........

**3. ਝੱਲਾ ਅੱਥਰੂ**

ਮਨ ਦੇ ਪੱਛਾਂ ਤੇ ਲੜਦਾ
ਡੁੱਬ-ਜਾਣਾ ਲੂਣਾ ਅੱਥਰੂ
ਕਰੇ ਖ਼ਿਆਲਾਂ ਚ ਸਰਸਰਾਹਟ
ਜਿਉਂ ਨੰਗੇ ਪਿੰਡੇ ਤੇ ਰੀਂਗੇ ਦਮੂੰਹੀ
ਨਾ ਸੁਖ-ਨੀਂਦੇ ਸੌਂਦਾ
ਨਾ ਸੌਣ ਦਿੰਦਾ
ਪੱਛਦਾ ਹਰ ਵਕਤ ਜ਼ਿਹਨ
ਬੜੀਆਂ ਅਜੀਬ ਪੁੱਛਾਂ ਪੁੱਛਦਾ
ਬੁਝ ਗਏ ਜੁਗਨੂੰਆਂ ਬਾਰੇ
ਉਦਾਸ ਬੰਸਰੀ ਦੀ ਖ਼ਾਮੋਸ਼ੀ ਬਾਰੇ
ਰੋਹੀਆਂ ਚ ਸੁਆ ਦਿਤੇ ਗਏ
ਜਾਂ-ਬਾਜ਼ਾਂ ਨੂੰ ਉਡੀਕਦੀਆਂ
ਮੁੱਠੀਆਂ ਚ ਕਾਲਜੇ ਲੈ ਕੇ
ਰਾਤ ਰਾਤ ਭਰ ਜਾਗਦੀਆਂ ਮਾਵਾਂ ਬਾਰੇ
ਤੇ ਹੋਰ ਕਿੰਨੇ ਹੀ

ਗੁਸਤਾਖ਼ ਪ੍ਰਸ਼ਨ ਪੁੱਛਦਾ ਹੈ
ਇਹ ਝੱਲਾ ਅੱਥਰੂ।

ਸਿੰਮ ਅੱਥਰੂ ਤਾਂ
ਜਾਗ ਪੈਣ ਸਿਮਰਤੀਆਂ
ਸਿਮਰਤੀਆਂ ਚ ਵਸਦੇ ਸਲੋਨੇ ਯਾਰ
ਯਾਰ, ਜੋ ਰੋਹੀਆਂ ਚ ਮਿਲਿਆ। ਜੀਹਦੇ ਹੱਥਾਂ ਚ ਟਿਮਟਿਮਾਉਂਦੇ
ਜੁਗਨੂੰਆਂ ਦਾ ਜੋੜਾ ਸੀ
ਅਖੇ, "ਭੁੱਲੇ ਭਟਕੇ ਰਾਹੀਆਂ ਲਈ
ਏਨਾ ਕੁ ਚਾਨਣ ਬਚਾਈ ਫਿਰਦਾ ਹਾਂ
ਇਕ ਕਿਰਣ ਤੂੰ ਵੀ ਲੈ ਜਾ
ਹੋ ਸਕੇ ਤਾਂ
ਹਨੇਰਿਆਂ ਨਾਲ ਲੜਦਾ ਜਾਵੀਂ।"

ਅਸੀਂ ਦੂਸਰੀ ਵਾਰ ਮਿਲੇ
ਤਾਂ ਚੁਫੇਰੇ ਘਣਾ ਜੰਗਲ ਸੀ
ਸੀ ਚੇਹਰੇ ਤੇ ਜੇਤੂ ਅਹਿਸਾਸ
ਉਹਦੇ ਇਕ ਹੱਥ ਲਿਸ਼ਕਦਾ ਖੰਜਰ ਸੀ
ਮੈਂ ਕੱਲੋਕਾਰੇ ਮੁਸਾਫ਼ਰਾਂ ਲਈ
ਬਣਕੇ ਢਾਲ ਆਇਆ ਹਾਂ।
ਕਹੇ ਤਾਂ ਤੈਨੂੰ ਵੀ
ਤੇਰੇ ਮੁਕਾਮ ਤੱਕ ਛਡ ਆਵਾਂ।"

ਜਦੋਂ ਉਹਦੇ ਬੁੱਲਾਂ ਤੇ ਬੰਸਰੀ
ਤੇ ਦਿਲ ਚ ਹਜ਼ਾਰਾਂ ਨਗ਼ਮੇ ਸਨ
ਸੁਰਮਈ ਸ਼ਾਮ ਚ ਨਦੀ ਕੰਢੇ
ਸਾਡੀ ਆਖਰੀ ਮੁਲਾਕਾਤ ਸੀ,
'ਮੈਂ ਕਦੋਂ ਦਾ ਤੈਨੂੰ ਉਡੀਕਦਾ ਹਾਂ
ਲੈ ਸਾਂਭ ਬੰਸਰੀ
ਤਾਰੇ ਗਿਣਦੀਆਂ ਫ਼ੌਜਣਾਂ ਨੂੰ
ਬਾਲੂ-ਮਾਹੀਆਂ
ਤੇ ਮਾਂ-ਮਹਿੱਟਰਾਂ ਨੂੰ ਲੋਰੀ ਸੁਣਾਈਂ।
ਮੈਂ ਜੰਗਲ ਚ ਭਟਕਿਆਂ ਨੂੰ
ਮੋੜ ਲਿਆਵਾਂ।"

ਸਵੇਰੇ ਜੰਗਲ ਚ ਸੀ ਉਸਦੀ ਲਾਸ਼
ਝੁਲਸੇ ਹੱਥ
ਆਪਣੇ ਹੀ ਖ਼ੰਜਰ ਚ ਖੁੱਭਿਆ ਸੀਨਾ
ਬੁੱਲ੍ਹਾਂ ਦੀ ਪੇਪੜੀ ਚ ਜਾਮ ਨਗ਼ਮੇ
ਤੇ ਅੱਖਾਂ ਚ ਪਥਰਾ ਗਏ ਸੁਪਨੇ
ਮੈਂ ਕੰਬਦੇ ਹੱਥਾਂ ਨਾਲ
ਬੰਸਰੀ ਉਹਦੇ ਬੁੱਲਾਂ ਤੇ ਰੱਖ
ਦੱਬੇ ਪੈਰੀਂ ਪਰਤ ਆਇਆ



ਮੈਂ ਸਾਰਾ ਰਾਹ
ਉਸ ਬਾਰੇ ਸੋਚਦਾ ਰਿਹਾ
ਜੁਗਨੂੰ, ਬੰਸਰੀ ਤੇ ਖੰਜਰ
ਸੈਣਤਾਂ ਮਾਰਦੇ ਰਹੇ
ਉਂਜ ਤਾਂ ਮੈਂ ਇਕ ਅੱਥਰੂ
ਉਹਦੇ ਲਈ ਉਥੇ ਕੇਰ ਆਇਆਂ
ਪਰ ਇਕ ਅੱਥਰੂ
ਅਜੇ ਵੀ ਮੇਰੀ ਅੱਖ ਵਿਚ ਉਬਲਦਾ ਹੈ
ਰੂਹ ਨੂੰ ਪੁੱਛਦਾ
ਹਰ ਵਕਤ ਕਰਦਾ ਜਲੂਣ
ਅੱਥਰੂ ਜੋ ਖ਼ਾਮੋਸ਼ ਨਹੀਂ
ਸਾਡੇ ਵਾਂਗ ਕਾਇਰ ....

4. ਮੋਰਨੀਆਂ ਦਾ ਰੁਦਨ

ਝੱਖੜ ਵਾਂਗ ਆਇਆ,
ਸਾਉਣ ਦੀ ਪਹਿਲੀ ਫ਼ੁਹਾਰ ਬਣ,
ਉਹ ਰਿਮ-ਝਿਮ ਵਰਸਿਆ,
ਮੇਰੇ ਅੰਦਰ ਘਾਹ ਦੀਆਂ ਤਿੜ੍ਹਾਂ ਵਰਗਾ,
ਕੁਝ ਫੁੱਟਿਆ, ਮੌਲਿਆ, ਮਹਿਕਿਆ।

ਹੁਣ ਤਾਂ ਸੱਚ ਨਹੀਂ ਆਉਂਦਾ
ਇਹ ਸੁਪਨਾ ਸੀ
ਜਾਂ ਗੱਡੀਓ ਖੁੰਝੇ ਮੁਸਾਫ਼ਰਾਂ ਦੀ
ਬੀਆਬਾਨ ਟੇਸ਼ਣ ਤੇ ਹੋਈ ਮੁਲਾਕਾਤ
ਉਹ ਚੰਦਰਾ ਨਾ ਭੁਲਦਾ ਹੈ
ਨਾ ਘਰ ਮੁੜਦਾ ਹੈ
ਨਾ ਕਦੇ ਖ਼ਤ ਲਿਖਦਾ ਹੈ
ਬਸ! ਮੇਰੇ ਚੇਤਿਆਂ ਚ ਤੁਰਦਾ ਹੈ
ਜਿਉਂ ਲਹੂ-ਨਾੜਾਂ ਚ ਤੁਰੇ ਵਿਸ਼ ਜਿਹਾ
ਸਵਾਂ ਤਾਂ ਸੁਪਨਿਆਂ ਚ ਖ਼ਲਲ ਪਾਉਂਦਾ
ਬਾਲ ਭੋਲਾ ਜਿਉਂ ਮੇਲੇ ਚ ਜ਼ਿੱਦ ਕਰਦਾ
ਪੱਟ ਤੇ ਮੋਰਨੀ ਪਵਾਉਣ ਲਈ
ਉਸ ਦਰਦ ਤੋਂ ਬੇਖ਼ਰ
ਜੋ ਮੋਰਨੀਆਂ ਖੁਣਨ ਵਾਲੇ ਦੀ
ਪਿੱਛੇ ਇਕੱਲੀ ਰਹਿ ਗਈ
ਮੋਰਨੀ ਜਰਦੀ ਹੈ ਚੁੱਪ-ਚਾਪ...
ਮੈਂ ਉਠਦੀ, ਬੈਠਦੀ, ਸੌਂਦੀ ਜਾਗਦੀ
ਕਲਹਿਰੀ ਮੋਰ ਦੀ ਹਿਝ ਨੂੰ
ਸਿੱਕਦੀ ਮੋਰਨੀ
ਕਦੇ ਕਦੇ ਸੋਚਦੀ ਹਾਂ ......

ਨਾ ਉਹ ਮਿਰਜ਼ਾ, ਨਾ ਰੰਝੇਟਾ
ਵੱਢਿਆ ਚੰਧੜਾਂ ਸਿਆਲਾਂ ਧਾਰ ਕੇ

ਨਾ ਉਹ ਵੈਰਾਗੀ ਪੂਰਨ ਜੋਗੀੜਾ
ਗੋਰਖ-ਬੱਚਾ, ਜਤੀ-ਸਤੀ ਪੱਕਾ
ਸੰਤੋਖਿਆ, ਗੁਰੂ ਦਾ ਵਰਜਿਆ
ਅੱਖ ਨਾ ਜਿਸਦੀ ਹੁਸਨ ਤੇ ਠਹਿਰਦੀ
ਉਹ ਤਾਂ ਸੁਧੀ ਮੋਹ ਦੀ ਮੂਰਤ
ਭੋਲਾ ਪਾਤਸ਼ਾਹ ਬੇਗੋ ਦਾ ਇੰਦਰ ਬਾਣੀਆਂ
ਮਾਰ ਟੁੱਭੀ ਅੱਗ ਦੀ ਨਦੀ ਚੋਂ
ਬੇਗੋ ਨਾਰ ਆਪਣੀ ਟੋਲਦਾ
ਰੰਗ-ਮਜੀਠੀ ਇਸ਼ਕ ਵਾਲੇ ਰੰਗਿਆ
ਕਦੀ ਨਾ ਸੀ ਖਾਂਦਾ ਵਿਸਾਹ
ਅੱਖਾਂ ਚ ਵਗਦਾ, ਵਸਾਉਂਦਾ
ਕੌਲ ਕਰਦਾ ਸੀ ਅਜ਼ਲ ਤੀਕ
ਰੰਗ ਵਾਂਗੂ ਨਿਭਣ ਦਾ ..........

ਮੰਗਦਾ ਹੋਵੇਗਾ ਉਹ ਵੀ
ਅਣ-ਪੁੱਗੇ ਇਸ਼ਕ ਦੀ ਸਲਾਮਤੀ
ਕਦੇ ਤਾਂ ਆਪਣੇ ਪੱਟ ਤੇ ਖੁਣੀ
ਮੋਰਨੀ ਦੀ ਸਿਸਕੀ ਸੁਣਦਾ ਹੋਵੇਗਾ ਜ਼ਰੂਰ
ਰੋਂਦਾ ਹੋਵੇਗਾ ਝੀਣਈ-ਬਾਣ
ਜਿਉਂ ਸੁਰ ਹੋਈ ਸਾਰੰਗੀ ਨੂੰ
ਛੂਹ ਕੇ ਤ੍ਰਭਕ ਪਏ ਸਾਜ਼ਿੰਦਾ ਸੁਤਨੀਂਦਾ
ਦੇਖ ਕੇ ਘਟਾਵਾਂ, ਝਲਕਦੇ ਮੇਘਲੇ
ਪੈਲ ਪਾਣ ਲਈ
ਆਹੁਲਦੇ ਹੋਣਗੇ ਉਹਦੇ ਵੀ ਪੈਰ
ਉਹਦੇ ਰੰਗਲੇ ਸੁਪਨਿਆਂ-ਹਾਰ ਫ਼ੰਘ
ਬਿਗਾਨੀ ਜੂਹ ਦੀਆਂ ਪੌਣਾਂ ਨੇ
ਕਰ ਦਿੱਤੇ ਹਨ ਬਦਰੰਗ
ਨਹੀਂ ਤਾਂ ਭਲਾ ਕਦੋਂ ਕੋਈ
ਆਪਣੇ ਪੱਟ ਤੇ ਖੁਣੀ ਮੋਰਨੀ ਨੂੰ
ਚੁੱਪ-ਚਾਪ ਮਰਨ ਦਿੰਦਾ ਹੈ
**(ਸਰਕਾਰੀ ਕਾਲਜ ਸਿਰਸਾ, ਹਰਿਆਣਾ)**

### ਕਵੀਆਂ ਪ੍ਰਤੀ ਬੇਨਤੀ

ਸਾਡਾ ਇਸ 'ਵਾਰ ਦਾ ਵਿਸ਼ੇਸ਼ ਕਵੀ' ਕਾਲਮ ਹੋਰ ਬਹੁਤ ਸਾਰਿਆਂ ਪਰਚਿਆਂ ਨੇ ਚੁਰਾ ਜਾਂ ਅਪਣਾ ਲਿਆ ਹੈ। ਉਹ ਹਰ ਰੰਗ ਤੇ ਖਿਆਲ ਦੇ ਕਵੀਆਂ ਨੂੰ, ਬਿਨਾਂ ਸੋਚੇ ਸਮਝੇ ਜਾਂ ਵਿਚਾਰੇ, ਪੇਸ਼ ਕਰੀ ਜਾ ਰਹੇ ਹਨ। ਪਰ ਸਾਡੀ ਚੋਣ ਵੱਖਰੀ ਹੁੰਦੀ ਹੈ। ਅਸੀਂ ਸਿਰਫ ਉਹ ਕਵੀ ਹੀ ਪੇਸ਼ ਕਰਦੇ ਹਾਂ, ਜਿਨ੍ਹਾਂ ਵਿਚ ਕਾਵਿਕ ਪ੍ਰਤਿਭਾ ਦੇ ਨਾਲ ਨਾਲ ਜਨ-ਜੀਵਨ ਪ੍ਰਤੀ ਸਾਰਥਕ ਵਫਾਦਾਰੀ ਤੇ ਵਚਨਬੱਧਤਾ ਹੁੰਦੀ ਹੈ। ਬਹੁਤ ਸਾਰੇ ਕਵੀ ਮਿੱਤਰ ਆਪਣੇ ਆਪ ਹੀ ਸਾਨੂੰ ਇਸ ਕਾਲਮ ਵਿਚ ਸ਼ਾਮਿਲ ਕਰਨ ਲਈ ਆਖਦੇ ਹਨ। ਇਸ ਸਥਿਤੀ ਵਿਚ ਸਾਡੇ ਕੋਲ ਮੁਸ਼ਕਿਲ ਆ ਖੜਦੀ ਹੈ। ਇਸ ਕਾਲਮ ਲਈ ਚੋਣ ਸਾਡੀ ਆਪਣੀ ਹੁੰਦੀ ਹੈ। ਚੰਗਾ ਹੋਵੇ, ਜ਼ਮਾਂ ਭੇਜ ਕੇ ਸਾਨੂੰ ਮੁਸ਼ਕਿਲ ਸਥਿਤੀ ਵਿਚ ਨਾ ਪਾਇਆ ਜਾਵੇ।

**-ਸੰਪਾਦਕ**



**ਕਹਾਣੀ**

### *ਐਨਕ/ਲਾਲ ਸਿੰਘ*

ਹਵੇਲੀ ਦੇ ਹੇਠਲੇ ਹਿੱਸੇ 'ਚ ਪਹਿਲਾਂ ਬਾਬਾ ਜੀ ਦੀ ਉੱਚੀ ਗੜ੍ਹਕਵੀਂ ਆਵਾਜ਼ ਸੁਣਾਈ ਦਿੱਤੀ,
ਫਿਰ ਉਪਰੋ-ਥਲੀ ਚੱਲੀਆਂ ਦੋ ਗੋਲੀਆਂ ਦੀ ਕੜ-ਕੜਾਹਟ- ਠਾਹਮ.......ਠਾਆ......!
ਆਪੋ ਆਪਣੀ ਥਾਂ ਬੈਠੇ-ਖੜੇ ਘਰ ਦੇ ਸਾਰੇ ਜੀਅ ਘਬਰਾ ਗਏ। ਉਹਨੀਂ ਪੈਰੀਂ ਉੱਠ ਕੇ ਹਰ ਕੋਈ
ਉੱਪਰ ਪਹੁੰਚ ਗਿਆ।
ਐਸੀ ਗੱਲ ਨਈਂ ਕਿ ਉਹਨਾਂ ਕਦੀ ਨਾਲੀ, ਦੋ-ਨਾਲੀ ਚਲਦੀ ਨਹੀਂ ਸੀ ਦੇਖੀ, ਜਾਂ ਐਹੋ ਜਿਹੀ
ਠਾਹ-ਠੂਹ ਓਪਰੀ ਜਿਹੀ ਨਵੀਂ ਜਿਹੀ ਗੱਲ ਸੀ ਉਹਨਾਂ ਲਈ।
ਉਹਨਾਂ ਲਈ ਤਾਂ ਆਮ ਜਿਹਾ ਵਰਤਾਰਾ ਸੀ ਇਹ। ਘਰ ਦੇ ਜਿੰਨੇ ਜੀਅ, ਉਸ ਤੋਂ ਦੋ-ਤਿੰਨ
ਗੁਣਾਂ ਵੱਧ ਹਥਿਆਰ।
ਕੋਈ ਛੋਟਾ, ਕੋਈ ਵੱਡਾ।
ਬਾਬਾ ਜੀ ਕੋਲ ਵੀ ਦੋ ਰਾਈਫ਼ਲਾਂ ਸਨ- ਇਕ ਸ਼ਿਕਾਰ ਖੇਡਣ ਲਈ ਤੇ ਦੂਜੀ . ਦੂਜੀ ਬੱਸ ਐਵੇਂ
ਨਿਸ਼ਾਨੇ ਵਿੰਨਣ ਲਈ, ਬਾਹਰ ਖੁੱਲ੍ਹੀ ਥਾਂ 'ਚ। ਝੰਗੀਆਂ-ਝਿੜੀਆਂ 'ਚ। ਜੰਗਲੀ ਜਾਨਵਰਾਂ, ਜਾਹਲ
ਪੰਛੀਆਂ ਨੂੰ ਡਰਾਉਣ-ਧਮਕਾਉਣ ਲਈ।
ਚੜ੍ਹਦੀ ਉਮਰ ਤੋਂ ਲੈ ਕੇ ਢਲਦੀ ਉਮਰ ਤੱਕ ਉਹਨਾਂ ਬੜਾ ਕੁਝ ਕੀਤਾ। ਇਕ ਤੋਂ ਇਕ ਤੇਜ਼-
ਤਰਾਰ ਜਾਨਵਰ ਢਾਹਿਆ। ਇਕ ਤੋਂ ਇਕ ਉਡਾਰ ਪੰਛੀ ਫੁੰਡਿਆ। ਪੂਰਾ ਦਬ-ਦਬਾ ਬਣਾਕੇ ਰੱਖਿਆ
ਉਹਨਾਂ ਝੰਗੀਆਂ-ਝਿੜੀਆਂ ਤੇ। ਝੰਗੀਆਂ-ਝਿੜੀਆਂ ਅੰਦਰਲੇ ਜੀਵ-ਜੰਤੂਆਂ ਉੱਤੇ।
ਘੁੱਗੀਆਂ-ਚਿੜੀਆਂ ਤਾਂ ਉਹਨਾਂ ਦੀ ਪੈੜ ਚਾਲ ਸੁਣਦਿਆਂ ਸਾਰ ਸਹਿਮ ਜਾਂਦੀਆਂ। ਰਤਾ ਕੁ
ਜਿਨੀ ਠੂਹ-ਠਾਅ ਹੋਣ ਤੇ ਉਹਨਾਂ ਦਾ ਜਿਵੇਂ ਸਾਹ ਈ ਸੂਤਿਆ ਜਾਂਦਾ। ਉੱਡਦੀਆਂ-ਭੱਜਦੀਆਂ ਨੂੰ
ਰਾਹ ਨਾ ਲੱਭਦਾ। ਛਾਰਕਾਂ-ਛਿੱਕਰੇ-ਤੋਤੇ ਜਾਂ ਮੁੜ-ਘੜੀ ਝਕਾਨੀ ਦੇ ਕੇ ਉਹਨਾਂ ਦੇ ਅੰਬਾਂ ਜਾਮਨੂਆਂ
ਦਾ ਨੁਕਸਾਨ ਕਰਦੇ ਤਾਂ ਮਜ਼ਬੂਰਨ ਉਹਨਾਂ ਨੂੰ ਦੋ-ਨਾਲੀ ਕੱਢਣੀ ਪੈਂਦੀ।
ਪਰ ਚੁਬਾਰੇ 'ਚ ਬੈਠਿਆਂ ਉਹਨਾਂ ਕਦੇ ਕੋਈ ਫਾਇਰ ਨਹੀਂ ਸੀ ਕੀਤਾ। ਕਿਸੇ ਵੀ ਛਿਕਰੇ-ਤੋਤੇ
ਨੂੰ ਨਿਸ਼ਾਨਾ ਨਹੀਂ ਸੀ ਬਣਾਇਆ। ਪਿਤਾ ਪੁਰਖਿਆਂ ਦੀ, ਘਰ ਹਵੇਲੀ ਦੀ ਮਰਯਾਦਾ ਨਹੀਂ ਸੀ
ਤੋੜੀ। ਇਥੇ ਬਾਬਾ ਜੀ ਦਾ ਪਲੰਘ ਬਿਸਤਰਾ ਵਿਛਦਾ। ਕੁਰਸੀ ਡਹਿੰਦੀ। ਛੋਟੀ ਕੰਧ ਅੰਦਰਲੇ, ਵੱਡੇ
ਝਰੋਖੇ 'ਚ। ਉੱਤਰ ਵਾਲੇ ਪਾਸੇ ਨੂੰ ਪੂਰੀ ਦੀ ਪੂਰੀ ਕੰਧ 'ਚ ਲੱਗੇ ਵੱਡੇ ਤਾਕ 'ਚ। ਬਾਹਰ ਖੇਤੀ-ਨੌਕਰਾਂ
ਤੇ ਨਿਗਾਹ ਰੱਖਣ ਲਈ। ਦੂਰ ਤੱਕ ਚੱਲਦੇ ਕੰਮਾਂ ਤੇ' ਵਗ ਰਹੇ ਹਲਾਂ ਤੇ, ਚੱਲ ਰਹੇ ਹਲਟਾਂ ਤੇ। ਜਿੱਥੇ
ਕਿਧਰੇ ਵੀ ਬਾਬਾ ਜੀ ਨੂੰ ਕੋਈ ਢਿੱਲ-ਮੱਠ, ਕੋਈ ਸੁਸਤੀ-ਕਮਜ਼ੋਰੀ ਦਿਸਦੀ, ਉਸੇ ਵੇਲੇ ਉਹਨਾਂ ਦੀ
ਗੜ੍ਹਕਵੀਂ ਆਵਾਜ਼, ਚੁਬਾਰੇ ਅੰਦਰੋਂ ਗੂੰਜ ਪੈਂਦੀ। ਰਿੱਛਾ, ਗਧਿਆ, ਜਨੌਰਾ ਜਾਂ ਡੰਗਰਾ ਆਖ ਕੇ।
ਦੇਬੂ-ਨਾਨਕੂ-ਰੁਲਦੂ ਜਾਂ ਪਾਸ਼ੀ ਤੋਸ਼ੀ 'ਚੋ ਕਿਸੇ ਇਕ ਨੂੰ।
ਦੇਬੂ-ਨਾਨਕੂ-ਰੁਲਦੂ ਜਾਂ ਪਾਸ਼ੀ ਤੋਸ਼ੀ ਬਾਬਾ ਜੀ ਦੀ ਝਿੜਕ-ਦਬਕ ਸੁਣ ਕੇ ਸਹਿਮ ਈ ਜਾਂਦੇ।
ਤਿੱਤਰਾਂ-ਬਟੇਰਿਆਂ ਵਾਂਗ ਉਹਨਾਂ ਦਾ ਸਾਹ ਈ ਸੂਤਿਆ ਜਾਂਦਾ। ਪਰ ਉਹ 'ਉੱਡ-ਪੁੱਡ' ਕੇ ਜਾਂਦੇ
ਕਿਧਰੇ ਨਾ। ਉਹ ਸਮਝਦੇ ਸਨ-'ਬਾਬਾ ਮੂੰਹ ਦਾ ਕੌੜਾ ਜ਼ਰੂਰ ਐ, ਦਿਲੋਂ ਮਾੜਾ ਨਈ . ਏਦੇ ਆਸਰੇ
ਈ ਦਿਨ ਕਟੀ ਹੁੰਦੀ ਆ, ਨਈਂ ਛੋਟੇ ਸਰਦਾਰ ਤਾਂ ਦੇਨੋਂ ਈ.....!
ਸੱਚ-ਮੁਚ ਛੋਟੇ ਸਰਦਾਰ ਉਹਨਾਂ ਲਈ ਜਿਵੇਂ ਕਿਸੇ ਓਪਰੀ ਜਿਹੀ ਵੱਖਰੀ ਜਿਹੀ ਦੁਨੀਆ ਦੇ

ਜੀਵ-ਜੰਤੂ ਹੋਣ। ਕਦੀ ਉਹਨਾਂ ਨਾਲ ਹੱਸ ਖੇਲ ਕੇ ਬੋਲੇ ਹੀ ਨਹੀਂ ਸਨ, ਉਹ। ਨਾ ਕਦੀ ਉਹਨਾਂ ਦੇ ਕੰਮ-ਕਾਰ ਦੀ, ਮਿਹਨਤ-ਮੁਸ਼ੱਕਤ ਦੀ ਸਿਫ਼ਤ-ਸਲਾਹ ਹੀ ਕੀਤੀ ਸੀ।

ਨਾ ਦਾਰ ਜੀ ਨੇ, ਨਾ ਚਾਚਾ ਜੀ ਨੇ।

ਦਾਰ ਜੀ ਜੇ ਖੇਤ ਬੰਨੇ ਵੱਲ ਜਾਂਦੇ ਹੀ ਜਾਂਦੇ ਤਾਂ ਉਂਈ ਘੁੰਮ-ਘੁਮਾ ਕੇ ਵਾਪਿਸ ਪਰਤ ਆਉਂਦੇ। ਆਪਣੇ ਅੱਡੇ ਤੇ। ਆਪਣੀ ਬੈਠਕ 'ਚ ਤੇ ਚਾਚਾ ਜੀ.........ਚਾਚਾ ਜੀ ਨੂੰ ਉੱਪਰਲੇ-ਹੇਠਲੇ ਕੰਮਾਂ ਤੋਂ ਵਿਹਲ ਹੀ ਨਹੀਂ ਸੀ ਮਿਲਦੀ। ਉਹ ਜੇ ਦੋ-ਚਾਰ ਦਿਨਾਂ ਲਈ ਪਿੰਡ ਆਉਂਦੇ ਈ ਆਉਂਦੇ ਤਾਂ ਮਗਰੇ ਉਹਨਾਂ ਲਈ ਕੋਈ ਨਵਾਂ ਆਦੇਸ਼ ਪਹੁੰਚ ਜਾਂਦਾ-" ਆਹ ਕਰਨਾ ਐ, ਉਹ ਕਰਨਾ ਐ ਚਾਚਾ ਜੀ, ਐਥੇ ਮਾਰਚ ਐ, ਉਥੇ ਜਲਸਾ ਐ ਚਾਚਾ ਜੀ।"

ਉਹਨਾਂ ਦੇ ਬੇਲੀਆਂ-ਹਮਚੋਲੀਆਂ ਨੇ ਉਹਨਾਂ ਦਾ ਪੱਕਾ ਨਾਂ ਈ ਚਾਚਾ-ਜੀ ਰੱਖ ਲਿਆ ਸੀ।

ਬਾਬਾ ਜੀ ਉਹਨਾਂ ਦੇ ਕੰਮਾਂ ਕਾਰਾਂ ਤੋਂ ਬੜਾ ਚਿੜਦੇ। ਬਿਲਕੁਲ ਪਸੰਦ ਨਹੀਂ ਸਨ ਕਰਦੇ ਉਹ। ਉਹ, ਚਾਚਾ ਜੀ ਤੇ ਅਕਸਰ ਖ਼ਫ਼ਾ ਰਹਿੰਦੇ। ਉਹਨਾਂ ਨੂੰ ਤਾੜਦੇ ਝਿੜਕਦੇ--"ਤੈਨੂੰ ਲਿਖਣ-ਪੜਨ ਨੂੰ ਭੇਜਿਆ ਸੀ ਲਾਹੌਰ ਕਿ ਹਾਅ ਊਲ-ਜਲੂਲ ਗੱਲਾਂ ਸਿੱਖਣ' ਏਹ ਮੜੀ-ਮੋਰਚੇਬਾਜ਼ੀ ਸਾਡੇ ਲੋਕਾਂ ਦਾ ਕੰਮ ਨਈਂ, ਸਫੈਦ-ਪੋਸ਼ਾਂ ਦਾ। ਇਹ ਭੁੱਖੇ-ਨੰਗੇ ਜੱਟਾਂ ਦਾ ਕੰਮ ਐ, ਜਾਂ ਕਮੀਂ-ਕਮੀਨਾਂ ਦਾ। ਅਹੀਂ ਸਰਦਾਰ-ਜੈਲਦਾਰ ਲੋਕ ਤਾਂ ਮੁੱਢ-ਸ਼ੁਰੂ ਤੋਂ ਆਜ਼ਾਦ ਆਂ, ਅੱਵਲ ਜ਼ਰਮ-ਕਰਮ ਤੋਂ। ਹੁਣ ਤੋਂ ਵੱਡੀ "ਜ਼ਾਦੀ ਸਾਨੂੰ ਹੋਰ ਕੇੜੇ ਰਾਜ 'ਚ ਮਿਲ ਜੂ.....?"

ਚਾਚਾ ਜੀ ਨੂੰ ਉਹਨਾਂ ਦੀ ਟੋਕ-ਟਕਾਈ ਤੰਗ-ਪ੍ਰੇਸ਼ਾਨ ਤਾਂ ਕਰਦੀ, ਪਰ ਉਹਨਾਂ ਸਾਹਮਣੇ ਚਾਚਾ ਜੀ ਕਦੇ ਬੋਲੇ ਨਾਂ। ਉਹਨਾਂ ਦੀ ਦਬਕ-ਝਿੜਕ ਦਾ ਬੁਰਾ ਨਾ ਮਨਾਇਆ।

ਅਸਲ 'ਚ ਬਾਬਾ ਜੀ, ਚਾਚਾ ਜੀ ਨੂੰ ਵੱਡਾ ਅਫ਼ਸਰ ਬਣਿਆ ਲੋਚਦੇ ਸਨ। ਬਹੁਤ ਵੱਡਾ ਸਰਕਾਰੀ ਆਹੁਦੇਦਾਰ। ਨੈਟੋਵਾਲੀਏ ਸ਼ੇਰ ਖਾਂ ਦੇ ਫ਼ਰਜੰਦ ਅਸਲਮ ਸ਼ੇਰ ਖਾਂ ਨਾਲੋਂ ਵੀ ਵੱਡਾ। ਇਸ ਨਾਲ ਉਹਨਾਂ ਦਾ ਦਰਜਾ-ਰੁਤਬਾ ਹੋਰ ਵੀ ਵੱਡਾ-ਉੱਚਾ ਹੋਣਾਂ ਸੀ। ਘੱਟ ਪਹਿਲੋਂ ਵੀ ਨਹੀਂ ਸਨ ਉਹ ਸ਼ੇਰ ਖਾਂ ਨਾਲੋਂ। ਪੈਲੀ ਵੀ ਵੱਧ ਤੇ ਸੀ ਵੀ ਭਾਰੀ। ਸੂਆ ਵਿਚਕਾਰੋਂ ਲੰਘਦਾ ਸੀ ਦੋਨਾਂ ਲਈ ਸਾਂਝਾ। ਇਕ ਬੰਨੇ ਝੱਜਾਂ ਪਿੰਡ ਤੱਕ ਬਾਬਾ ਜੀ ਦੇ ਮੁਰੱਬੇ, ਦੂਜੇ ਵੰਨੇ ਨੈਟੋਵਾਲ ਤੱਕ ਸ਼ੇਰ ਖਾਂ ਹੀ ਸ਼ੇਰ ਖਾਂ। ਦੂਜੇ ਚੌਥੇ ਉਹਨਾਂ ਦੀਆਂ ਘੋੜੀਆਂ ਸੂਏ ਤੇ ਟੱਕਰ ਜਾਂਦੀਆਂ। ਬਾਬਾ ਜੀ ਉਸਨੂੰ 'ਸਲਾਮਾ-ਲੈਕਮ ਆਖਦੇ। ਸ਼ੇਰ ਖਾਂ ਬਾਬਾ ਜੀ ਨੂੰ ਸਾ-ਸਰੀ-ਕਾਲ। ਸ਼ੇਰ ਖਾਂ ਬਾਬਾ ਜੀ ਦਾ ਆਦਰ ਸਤਿਕਾਰ ਵੀ ਬਹੁਤ ਕਰਦਾ ਸੀ, ਉਮਰੋਂ ਛੋਟਾ ਹੋਣ ਕਰਕੇ ਵੀ, ਮਿੱਠੇ-ਮਿਲਾਪੜੇ ਸੁਭਾ ਕਰਕੇ ਵੀ। ਬਾਬਾ ਜੀ ਨੇ ਵੀ ਕਦੀ ਉਸਨੂੰ ਓਪਰਾ ਨਹੀਂ ਸੀ ਸਮਝਿਆ। ਸਕੇ ਵੀਰਾਂ ਵਾਂਗ ਉਸ ਨਾਲ ਬਗਲਗੀਰ ਹੁੰਦੇ। ਆਪਣੀ ਘਰ-ਕਹਾਣੀ ਦੱਸਦੇ, ਉਸਦੀ ਸੁਣਦੇ।

ਅਸਲਮ ਸ਼ੇਰ ਖਾਂ ਵੀ ਪਿੰਡ ਆਇਆ ਬਾਬਾ ਜੀ ਨੂੰ ਜ਼ਰੂਰ ਮਿਲ ਕੇ ਜਾਂਦਾ। ਉਹਨਾਂ ਦੇ ਗੋਡੀਂ ਹੱਥ ਲਾਉਂਦਾ। ਉਹਨਾਂ ਤੋਂ ਹੋਰ ਵੱਡਾ ਅਫਸਰ ਬਨਣ ਦੀ ਥਾਪਨਾ ਵੀ ਲੈਂਦਾ--"ਜੀਊਂਦਾ ਰਹੋ, ਜੁਆਨ, ਜੁਆਨੀਆਂ ਮਾਣ; ਰੱਬ ਹੋਰ ਵੀ ਰੈਮਤਾਂ ਬਖਸ਼ੇ ਮੇਰੇ ਪੁੱਤਰ ਨੂੰ, ਇਸ ਤੋਂ ਵੱਡੀਆਂ ਪਦਵੀਆਂ.......।" ਉਸ ਨੂੰ ਹੋਰ ਵੱਡਾ ਅਫ਼ਸਰ ਬਨਣ ਦੀ ਅਸ਼ੀਰਵਾਦ ਦਿੰਦੇ ਬਾਬਾ ਜੀ ਦਾ ਅੰਦਰ ਤਿੜਕ ਜ਼ਰੂਰ ਜਾਂਦਾ। ਅੰਗ-ਪੈਰ ਨਿਢਾਲ ਜਿਹੇ ਹੋਣ ਲੱਗਦੇ। ਉਹਨਾਂ ਅੰਦਰ ਦੂਰ ਹੇਠਾਂ ਕਿਧਰੇ ਦੱਬ ਹੋਈ, ਘੁੱਟ ਹੋਈ ਰੀਝ ਫਿਰ ਤੋਂ ਉਸਲ ਵੱਟ ਲੈਣ ਲਗਦੀ। ਟਿੱਕਾ ਅਮਰਜੀਤ ਉਹਨਾਂ ਨੂੰ ਜਿਵੇਂ ਚੋਰ-ਡਾਕੂ ਦਿਸਣ ਲਗਦਾ। ਖੂੰਖਾਰ ਕਾਤਲ। ਜਿਸ ਨੇ ਉਹਨਾਂ ਦੇ ਚਾਵਾਂ-ਮਲਾਰਾ ਦਾ ਸ਼ਰੇਆਮ ਘਾਣ ਕੀਤਾ ਸੀ। ਸੜੇ-ਸੰਗਰਾਮੀਆਂ ਨਾਲ ਮਿਲਾ ਕੇ।...... ਅਸਲਮ ਵੀ ਤਾਂ ਉਸਦਾ ਹੀ ਹਾਣੀ ਸੀ।



ਉਹ ਵੀ ਉਸੇ ਸ਼ਹਿਰ ਪੜ੍ਹਿਆ ਸੀ। ਉਸੇ ਹੀ ਕਾਲਜ਼ 'ਚ, ਲਾਹੌਰ। ਅਮਰਜੀਤ ਤੋਂ ਸਾਲ-ਖੰਡ ਅੱਗੇ-ਪਿੱਛੇ। ਉਹ ਤਾਂ ਕਿਸੇ ਵਿੰਗੇ-ਅਵੈੜੇ ਰਾਹੇ ਨਹੀਂ ਸੀ ਪਿਆ। ਕਿਸੇ ਵੀ ਸੰਗ-ਕੁਸੰਗ ਦੇ ਟੇਟੇ ਨਹੀਂ ਸੀ ਚੜ੍ਹਿਆ। ਉਸਨੇ ਰੂਹ-ਜਾਨ ਨਾਲ ਪੜਾਈ ਕੀਤੀ, ਸਿੱਧੀ ਜ਼ਿਲੇਦਾਰੀ ਹਥਿਆ ਲਈ।

ਸ਼ੇਰ ਖਾਂ ਦਾ ਛੇ-ਫੁੱਟ ਲੰਮਾ ਕੱਦ, ਉਸਨੇ ਕਈ ਫੁੱਟ ਹੋਰ ਵੀ ਉੱਚਾ ਕਰ ਛੱਡਿਆ।

ਕਈ ਕਈ ਮਹੀਨੇ ਘਰੋਂ ਬਾਹਰ ਰਹਿੰਦੇ ਚਾਚਾ ਜੀ ਤੇ ਬਾਬਾ ਜੀ ਨੂੰ ਹੋਰ ਵੀ ਗੁੱਸਾ ਆਉਣ ਲਗਦਾ। ਉਹ ਖਿਝਦੇ, ਖਪਦੇ। ਆਪੇ ਤੋਂ ਬਾਹਰ ਹੋਏ ਬਾਬਾ ਜੀ ਦਾ ਨਜ਼ਲਾ ਚਾਚਾ ਜੀ ਦੀ ਥਾਂ ਬੇਬੇ ਜੀ ਤੇ ਆ ਡਿਗਦਾ-"ਤੂੰ.... ਤੂੰ ਜੰਮੀ ਕਾਤੋ ਸੀ ਐਹੀ ਜੇਈ ਗੰਦੀ 'ਲਾਦ! ਮੈਨੂੰ ਜੇ ਪਤਾ ਹੁੰਦਾ ਏਸ ਕੰਜਰ ਦੇ ਨੇ ਐਹਾ-ਜਿਆ ਨਿਕਲਨਾ-ਨਿਕੰਮਾ, ਉਜੱਡ, ਆਵਾਰਾਗਰਦ! ਤਾਂ ਗੋਲੀ ਮਾਰ ਦੇਣੀ ਸੀ ਮੈਂ ਜੰਮਦੇ ਨੂੰ ਏਨੂੰ.........!?"

ਪਰ ਬਾਬਾ ਜੀ ਤੋਂ ਚਾਚਾ ਜੀ ਦੇ ਗੋਲੀ ਤਾਂ ਕਦੀ ਵੀ ਨਹੀਂ ਸੀ ਮਾਰੀ ਗਈ।

ਸਰ੍ਹਾਦੇ ਲਟਕਦੀ ਰਾਈਫ਼ਲ ਨੂੰ ਕਦੀ ਹੱਥ ਤੱਕ ਨਹੀਂ ਸੀ ਲਾਇਆ। ਚੁਬਾਰੇ 'ਚ ਬੈਠਿਆਂ। ਆਪਣੀ ਕੁਰਸੀ ਤੇ। ਵੱਡੇ-ਝਰੋਖੇ ਦੇ ਐਨ ਵਿਚਕਾਰ। ਖੇਤਾਂ ਪੈਲੀਆਂ 'ਚ ਹੁੰਦੇ ਕੰਮਾਂ ਤੇ ਨਿਗਾਹ ਰੱਖਦਿਆਂ। ਦੂਰ ਤੱਕ ਹੁੰਦੇ ਖੇਤੀ ਕੰਮਾਂ ਤੇ। ਵਗ ਰਹੇ ਹਲਾਂ ਤੇ। ਚੱਲ ਰਹੇ ਹਲਟਾਂ ਤੇ। ਵੱਢ ਹੁੰਦੀਆਂ, ਬੀਜ ਹੁੰਦੀਆਂ ਫ਼ਸਲਾਂ ਤੇ। ਜਿੱਥੇ ਕਿਤੇ ਵੀ ਬਾਬਾ ਜੀ ਨੂੰ ਕੋਈ ਢਿੱਲ-ਮੱਠ ਕੋਈ ਸੁਸਤੀ-ਅਲਗਰਜ਼ੀ ਦਿਸਦੀ, ਉਸੇ ਵੇਲੇ ਉਹਨਾਂ ਦੀ ਉੱਚੀ-ਭਾਰੀ ਆਵਾਜ਼ ਚੁਬਾਰੇ ਅੰਦਰੋਂ ਗੂੰਜ ਪੈਂਦੀ-ਓਏ ਰਿੱਛਾ, ਗਧਿਆ, ਜਨੌਰਾ ਜਾਂ ਡੰਗਰਾ ਆਖ ਕੇ।

ਦੇਬੂ-ਨਾਨਕ-ਰੁਲਦੂ ਜਾਂ ਪਾਸ਼ੀ-ਤੋਸ਼ੀ 'ਚੋ ਕਿਸੇ ਇਕ ਨੂੰ।

ਚਾਚਾ ਜੀ ਤੇ ਆਇਆ ਗੁੱਸਾ, ਭੂੜ-ਸੁਆਇਆ ਹੋ ਕੇ ਖੇਤੀ-ਨੌਕਰਾਂ ਤੇ ਉਲੱਦਿਆ ਜਾਂਦਾ।

ਪਰ, ਇਕ ਦਿਨ...... ਇਕ ਦਿਨ, ਬਾਬਾ ਜੀ ਦੀ ਉੱਚੀ-ਭਾਰੀ ਗੜ੍ਹਕ ਜਿਵੇਂ ਉਹਨਾਂ ਦੀ, ਛਾਤੀ ਅੰਦਰ ਹੀ ਘੁੱਟੀ ਗਈ। ਉਹਨਾਂ ਦੇ ਗਲੇ ਅੰਦਰ ਹੀ ਕਿਧਰੇ ਨੱਪ ਜਿਹੀ ਹੋ ਗਈ।

ਉਹਨਾਂ ਨੂੰ ਸਮਝ ਨਹੀਂ ਸੀ ਆਈ, ਇਹ ਸਾਰਾ ਕੁਝ ਵਾਪਰ ਕਿਵੇਂ ਗਿਆ। ਰੱਸਦਾ-ਵੱਸਦਾ ਨੈਟੋਵਾਲ, ਅੱਗਾਂ-ਲਾਟਾਂ ਦੀ ਬਲੀ ਕਿਉਂ ਚੜ੍ਹ ਗਿਆ.........?

ਆਮ ਵਰਗੀ ਬਰਸਾਤ ਇਸ ਵਾਰ ਐਨੀ ਭਿਆਨਕ ਕਿਉਂ ਹੋ ਉੱਤਰੀ!?

ਚੁਬਾਰੇ 'ਚ ਬੈਠਿਆ ਨਾ ਉਹਨਾਂ ਨੂੰ ਸ਼ੇਰ ਖਾਂ ਦੀ ਹਵੇਲੀ ਨਜ਼ਰ ਆਉਂਦੀ ਸੀ, ਨਾ ਵਾਗਲਾ-ਤਬੇਲਾ।

ਬਾਹਰ ਵਗਦੇ ਹੜ੍ਹਾਂ ਜਿੰਨਾ ਪਾਣੀ ਅੱਖਾਂ 'ਚ ਮੁਧੋਰਦੇ ਬਾਬਾ ਜੀ ਕਈ ਦਿਨ ਤਰਲੋ-ਮੱਛੀ ਹੋਏ ਰਹੇ। ਮੁੜ-ਘੜੀ ਇਕੋ ਸਵਾਲ ਉਹਨਾਂ ਸਾਹਮਣੇ ਆ ਖਲੋਂਦਾ-'ਏਹ ਸਾਰਾ ਕੁਝ ਕੀਤਾ ਕਿਨੇ ਆ.......? ਦੇਬੂ-ਨਾਨਕ-ਰੁਲਦੂ ਜਾਂ ਪਾਸ਼ੀ-ਤੋਸ਼ੀ ਨੇ.........! ਨਈਂ ਨਈਂ ....ਉਨ੍ਹਾਂ 'ਚੋ ਤਾਂ ਗਿਆ ਕੋਈ ਨਈਂ ਉਧਰ.......! ਉਹ ਤਾਂ ਵਖ਼ਤਾਂ ਮਾਰੇ ਊਈਂ ਅੰਦਰੀਂ ਦੜੇ ਰਹੇ, ਡਰੇ-ਸਹਿਮੇ ਰਹੇ। ... ਹੋਰ ਕੌਣ ਹੋ ਸਕਦਾ ..!? ਨਾਜ਼ਰ ਪਾਖ਼ਰ-ਫੱਲੀ-ਅੱਛਰੂ..! ਉਨ੍ਹਾਂ ਦੇ ਆਪਣੇ ਈ ਪਿੰਡ ਦੇ ਟੁੱਟ-ਪੂੰਜੀਏ, ਥੁੜੇ-ਟੁੱਟੇ ਕਿਸਾਨ!! .. ਚਾਚਾ ਅਮਰ ਅਜੀਤ ਨੇ ਉਹਨਾਂ ਬਾਰੇ ਕਈ ਕੁਝ ਦੱਸ ਰੱਖਿਆ ਸੀ ਬਾਬਾ ਜੀ ਨੂੰ ਪਹਿਲੀਆਂ 'ਚ। ਉਹਨਾਂ ਦੇ ਸੁਭਾ ਬਾਰੇ, ਉਹਨਾਂ ਦੇ ਰੰਗ-ਢੰਗ, ਵਿਹਾਰ-ਆਚਾਰ ਬਾਰੇ-"ਏਹ ਉਹੀ ਲੋਕ ਨੇ, ਜਿਨ੍ਹਾਂ ਦੇ ਵੱਡੇ-ਵਡੇਰਿਆਂ ਦੇ ਪਿੰਡਿਆਂ ਤੇ ਹਿੰਦੋਸਤਾਨ ਦੀ ਰੱਖਿਆ ਸੁਰੱਖਿਆ ਦਾ ਕੁਲ ਇਤਿਹਾਸ ਲਿਖਿਆ ਪਿਐ। ਗਜ਼ਨੀ-ਅਬਦਾਲੀ ਤੋਂ ਲੈ ਕੇ ਬਾਬਰ-ਸਕੰਦਰ ਤੱਕ। ਮਿਸਲਾਂ-ਘੱਲੂਘਾਰਿਆਂ ਤੋਂ ਲੈ ਕੇ ਅੱਜ ਤੱਕ। ..ਸਤਲੁਜ ਦੇ ਵਹਿਣਾਂ ਤੋਂ ਲੈ ਕੇ ਜਮਰੌਦ ਦੇ ਬੁਰਜਾਂ-ਬੁੰਗਿਆਂ

ਤੱਕ ਹਰ ਘਟਨਾ-ਦੁਰਘਟਨਾ ਏਨਾਂ ਦੇ ਖ਼ੂਨ 'ਚ ਰੰਗ ਹੋ ਕੇ ਵਾਪਰੀ ਐ ...।"

ਉਦੋਂ ਅਜੇ ਚਾਚਾ ਜੀ ਦੀ ਬਾਬਾ ਜੀ ਨਾਲ ਬਹੁਤੀ ਨਹੀਂ ਸੀ ਬਿਗੜੀ।

ਉਸ ਸਮੇਂ ਬਾਬਾ ਜੀ ਨੂੰ ਇਹ ਸਭ ਕੁਝ ਚੰਗਾ-ਚੰਗਾ ਲਗਦਾ। ਕਈ ਵਾਰ ਬਹੁਤ ਹੀ ਚੰਗਾ। ਨਾਜ਼ਰ-ਪਾਖ਼ਰ-ਫ਼ੱਲੀ-ਅੱਛਰੂ, ਉਹਨਾਂ ਦੇ ਪਿਓ-ਦਾਦੇ ਕਮਾਲ ਦੇ ਜੀਵ-ਜੰਤੂ ਲਗਦੇ ਉਨ੍ਹਾਂ ਨੂੰ - 'ਧਰਤ ਭੂਏ ਉਨ੍ਹਾਂ ਦੀ, ਮਨਸਬਦਾਰੀਆਂ-ਜ਼ੈਲਦਾਰੀਆਂ ਉਨ੍ਹਾਂ ਦੇ ਪਿਤਾ-ਪੁਰਖ਼ਿਆਂ ਦੇ ਘਰੀਂ-ਵਿਹੜੀਂ ਤੇ ਰਾਖੇ-ਰਖਵਾਲੇ... ਰਖਵਾਲੇ.. ਰਾਖੇ.. ਭੁੱਖੀ ..ਨੰਗੀ ਜੱਟ-ਮੁੰਢੀਰ ..!'

ਹੁਣ..ਹੁਣ ਉਸੇ ਜੱਟ-ਮੁੰਢੀਰ ਨੂੰ, ਨਾਜ਼ਰ-ਪਾਖ਼ਰ-ਫ਼ਲੀ ਅੱਛਰੂ ਨੂੰ 'ਸਾਹਮਣੇ ਕਰਦਿਆਂ' ਸਾਰ ਉਨ੍ਹਾਂ ਨੂੰ ਤਾਅ ਜਿਹਾ ਚੜ੍ਹਨ ਲਗਦਾ। ਹੱਥਾਂ-ਤਲੀਆਂ 'ਚੋਂ ਜਿਵੇਂ ਅੰਗਿਆਰ ਜਿਹੇ ਝਰਨ ਲਗਦੇ।

ਉਹਨਾਂ ਦੇ ਮਨ 'ਚ ਆਉਂਦੀ ਕਿ ਸਾਰੇ ਦੇ ਸਾਰੇ ਜੱਟਾਂ ਨੂੰ ਇੱਕੋ ਪਾਲ 'ਚ ਖ਼ੜਾ ਕਰਕੇ, ਇੱਕੋ ਫਾਇਰ ਨਾਲ ਵਿੰਨ੍ਹ ਸੁੱਟਣ। ਇਕੋ ਗੋਲ਼ੀ ਨਾਲ ਪਾਰ ਬੁਲਾ ਦੇਣ।

ਪਰ, ਹੁਣ ਤੱਕ ਉਹਨਾਂ ਦੇ ਤਰਲੋਮੱਛੀ ਹੋਏ, ਆਕੜਾਂ ਭੰਨਦੇ ਹੱਥ, ਸਰ੍ਹਾਣੇ ਲਟਕਦੀ ਰਾਈਫ਼ਲ ਤੱਕ ਨਹੀਂ ਸੀ ਅੱਪੜੇ।

ਇਕੱਠਿਆਂ ਤਾਂ ਕੀ ਨਾਜ਼ਰ-ਪਾਖ਼ਰ-ਫ਼ੱਲੀ-ਅੱਛਰੂ 'ਚੋਂ ਕਿਸੇ ਇਕ 'ਤੇ ਗੋਲ਼ੀ ਨਹੀਂ ਸੀ ਦਾਗ਼ੀ ਗਈ। ਬਾਹਰ ਕਿਸੇ ਉਲੜੇ-ਲੁਕਵੇਂ ਥਾਂ ਤੇ ਵੀ ਨਹੀਂ। ..ਚੁਬਾਰੇ 'ਚ ਬੈਠਿਆਂ ਤਾਂ ਉਹਨਾਂ ਐਹੋ ਜਿਹਾ ਮਾੜਾ-ਚੰਗਾ ਵਿਚਾਰ ਕਦੀ ਆਪਣੇ ਦਿਲ-ਦਿਮਾਗ਼ ਅੰਦਰ ਦਾਖ਼ਲ ਤੱਕ ਨਹੀਂ ਸੀ ਹੋਣ ਦਿੱਤਾ।

ਇਹ ਸਰ੍ਹਾਣੇ ਲਟਕਦੀ ਰਾਈਫ਼ਲ ਤਾਂ ਬਾਬਾ ਜੀ ਤੋਂ ਉਸ ਦਿਨ ਸ਼ੇਰ ਖਾਂ ਵਲ੍ਹ ਵੀ ਨਹੀਂ ਸੀ ਸੇਧੀ ਗਈ।.. ਨਿਸ਼ਾਨਾ ਤਾਂ ਉਹਨਾਂ ਵੀ ਸ਼ੇਰ ਖਾਂ ਤੋਂ ਕਦੀ ਘੱਟ ਨਹੀਂ ਸੀ ਲਾਇਆ। ਤਿੱਤਰ -ਬਟੇਰਾਂ ਦਾ ਸ਼ਿਕਾਰ ਕਰਦਿਆਂ। ਮਘ੍ਹਾਂ-ਮੁਰਗਾਬੀਆਂ ਨੂੰ ਢੇਰੀ ਕਰਦਿਆਂ, ਇਕੱਠਿਆਂ।

ਸ਼ੇਰ ਖਾਂ ਦੀ ਪੱਕੀ ਗੋਲੀ ਤਾਕ 'ਚ ਆ ਵੱਜਣ ਤੇ ਉਹ ਪਲ ਦੀ ਪਲ ਤਿਲਮਲਾ ਜ਼ਰੂਰ ਗਏ ਸਨ। ਕੀਲੀ ਨਾਲ ਲਟਕਦੀ ਦੋ-ਨਾਲ਼ੀ ਉਹਨਾਂ ਦੇ ਚੁਸਤ ਫ਼ਰਤੀਲੇ ਹੱਥਾਂ 'ਚ ਘੁੱਟੀ ਵੀ ਗਈ ਸੀ। ਪਰ, ਅਗਲੇ ਹੀ ਛਿਨ ਉਹਨਾਂ ਦੀ ਮਜ਼ਬੂਤ ਪਕੜ ਇਕ-ਦੱਮ ਢਿੱਲੀ ਜਿਹ਼ੀ ਪੈ ਗਈ ਸੀ। ਅੰਦਰੋਂ ਉਠਿਆ ਰੋਹ ਬੱਸ ਉਬਾਲਾ ਜਿਹਾ ਮਾਰ ਕੇ ਬਾਹਰ ਖਿੰਡ-ਪੁੰਡ ਗਿਆ ਸੀ। ਹਿਰਖੀਆਂ-ਬਿੱਲੀਆਂ ਅੱਖਾਂ-ਖ਼ਾਰੀ ਸਿੱਲ੍ਹ ਨਾਲ ਸਿਲਾਭੀਆਂ ਗਈਆਂ ਸਨ। ਦਾਗ਼ੀ ਹੋਏ ਪੱਲੇ ਨੂੰ ਇਕ-ਟੱਕ ਨਿਹਾਰਦੇ ਜਿਵੇਂ ਉਹ ਸ਼ੇਰ ਖਾਂ ਦੇ 'ਗਿਲੇ-ਸ਼ਿਕਵੇ' ਸਾਹਮਣੇ ਆਵਾਕ ਜਿਹੇ ਹੋਏ ਰਹੇ। ... ਬੈਠੇ ਤਾਂ ਖੁੱਲ੍ਹੇ ਝਰੋਖੇ ਦੇ ਐਨ ਵਿਚਕਾਰ ਕਰਕੇ ਸਨ। ਲਕੜ ਦੇ ਪੱਲੇ 'ਚ ਵੱਜਣ ਵਾਲੀ ਬੁਲਟ ਉਹਨਾਂ ਦਾ ਸਿਰ-ਸੀਨਾ ਵੀ ਤਾਂ ਵਿਨ੍ਹ ਸਕਦੀ ਸੀ!

ਪਰ ਸ਼ੇਰ ਖਾਂ ਨੇ ਅਜਿਹਾ ਨਹੀਂ ਸੀ ਕੀਤਾ।

ਸ਼ਾਇਦ ਹੋ ਹੀ ਨਹੀਂ ਸੀ ਸਕਿਆ ਉਸ ਤੋਂ!

ਹਵੇਲੀ-ਤਬਲਾ, ਜਾਗੀਰ-ਮੁਰੱਬੇ ਨੂੰ ਪੱਕੀ ਅਲਵਿਦਾ ਕਹਿਣ ਲੱਗਿਆਂ ਵੀ ਨਹੀਂ ਸੀ ਹੋ ਸਕਿਆ।

.. ਦਾਗ਼ੀ ਹੋਏ ਪੱਲੇ ਨਾਲ ਢੋਅ ਲਾਈ, ਉਸ ਦਿਨ ਬਾਬਾ ਜੀ ਗਈ ਰਾਤ ਤੱਕ ਗੁੰਮ ਹੋਏ ਬੈਠੇ ਰਹੇ ਸਨ. ਸ਼ੇਰ ਖਾਂ ਨੂੰ 'ਗਲਵਕੜੀ ਪਾਈ'।

ਫਿਰ. ਕਈ ਦਿਨ ਲਗਾਤਾਰ ਉਹਨਾਂ ਦੀ ਹਾਲਤ ਉਵੇਂ ਦੀ ਉਵੇਂ ਬਣੀ ਰਹੀ ਸੀ. ਉੱਖੜੀ-ਉਲਝੀ ਜਿਹੀ।

ਸੁਬਾਹ-ਸਵੇਰੇ ਉੱਠ. ਉਹ ਸਿੱਧਾ ਚੁਬਾਰੇ 'ਚ ਆ ਬੈਠਦੇ।



ਵੱਡੇ ਤਾਕ 'ਚ ਲੱਗੇ ਗੋਲ਼ੀ ਦੇ ਨਿਸ਼ਾਨ ਨੂੰ ਉਹ ਕਦੀ ਪੋਲਾ ਪੋਲਾ ਪਲੋਸਦੇ, ਕਦੀ ਖਿਝ-ਗੁੱਸੇ 'ਚ ਆ ਕੇ, ਪਰਾਂ ਜਾ ਖਲੋਂਦੇ, ਇਸ ਤੋਂ।

ਦੂਰ ਬਸੀਮਿਉਂ ਪਾਰ, ਸ਼ੇਰ ਖਾਂ ਦੀ ਹਵੇਲੀ ਨੂੰ ਲੱਗੀ ਅੱਗ ਤਾਂ ਆਉਂਦੇ ਦਿਨਾਂ ਦੀ ਆਪ-ਹੁਦਰੀ ਝੜੀ ਨੇ ਬੁੱਝਦੀ ਕਰ ਦਿੱਤੀ, ਪਰ ਚਾਚਾ ਅਮਰਜੀਤ ਲਈ ਬਣੀ-ਵਿਰਾਸੀ ਨਫ਼ਰਤ ਬਾਬਾ ਜੀ ਅੰਦਰ ਹੋਰ ਵੀ ਪ੍ਰਚੰਡ ਹੋ ਉੱਠੀ -"ਇਹ ਸਾਰਾ ਕਸੂਰ ਈ ਏਸ ਮੁੰਢੀਰ-ਵਾਧੇ ਦਾ, ਏਨਾ ਦੇ ਜੁੱਟ-ਟੋਲੇ ਦਾ। ..ਏਨ੍ਹਾਂ ਈ ਵੰਡ ਦੁਫੇੜ ਪਾਈ ਆ ਰਸਦੇ-ਵਸਦੇ ਘਰਾਂ-ਟੱਬਰਾਂ 'ਚ। ਚੁੱਕੇ 'ਜਾਦੀ ਦੇ..!'

ਖਿੱਝਦੇ-ਪੱਖਦੇ ਬਾਬਾ ਜੀ ਨੂੰ ਵਿੱਚ ਵਾਰ ਚਾਚਾ ਜੀ ਵਲੋਂ ਕਈ ਵਾਰ ਦਿੱਤਾ ਸਫਾਈ ਪੱਖ ਵੀ ਯਾਦ ਆਉਣ ਲੱਗਦਾ-"ਇਹ ਖ਼ੂਨ-ਖਰਾਬਾ, ਵੱਢ-ਟੁੱਕ, ਸਾੜ-ਫੂਕ ਰਾਜ ਲੋਭੀ ਨਰਮਦਲੀਆਂ ਦੇ ਅਹਿਦਨਾਮੇਂ ਦਾ ਸਿੱਟਾ ਐ, ਸਾਡਾ ਨਈਂ। ਅਸੀਂ ..ਅਸੀਂ ਤਾਂ ਮੁੱਢ-ਸ਼ੁਰੂ ਤੋਂ ਵਿਰੋਧ ਕਰਦੇ ਆਏ ਆਂ, ਵੰਡ-ਵੰਡੀਏ ਦਾ, ਉੱਜੜ-ਉਜਾੜੇ ਦਾ।"

ਹੁਣ ਤੱਕ ਬਾਬਾ ਜੀ ਨੇ ਚਾਚਾ ਜੀ ਦੀ ਕਿਸੇ ਗੱਲ ਦਾ ਸੱਚ ਨਹੀਂ ਸੀ ਮੰਨਿਆ, ਉਹਨਾਂ ਦੇ ਆਖੇ-ਦੱਸੇ ਤੇ ਯਕੀਨ ਨਹੀਂ ਸੀ ਕੀਤਾ। ਉਂਝ ਵੀ ਉੱਪਰਲੀ-ਹੇਠਲੀ ਸਿਆਸਤ ਦੀ ਬਹੁਤੀ ਸ਼ਮਝ ਨਹੀਂ ਸੀ ਬਾਬਾ ਜੀ ਨੂੰ। ਉਹ ਤਾਂ ਬੱਸ ਨਰਮ-ਗਰਮ ਦਲਾਂ ਦੇ ਸ਼ਾਬਦਿਕ ਅਰਥਾਂ ਤੋਂ ਹੀ ਉਹਨਾਂ ਦੇ ਤਾਪਮਾਨ ਦਾ ਅੰਦਾਜ਼ਾ ਲਾਉਂਦੇ ਰਹੇ ਸਨ। ਅਹਿੰਸਵਾਦੀ. ਸਿਆਣੇ-ਬਿਆਣੇ, ਚਿੱਟ-ਕੱਪੜੀਏ ਭਲੇ-ਲੋਕਾਂ ਦੀ ਬੀਬੀ-ਰਾਣੀ ਪਾਰਟੀ ਉਹਨਾਂ ਲਈ ਨਰਮ-ਦਲ ਸੀ ਤੇ ਠੂਹ-ਠਾਅ, ਸਾੜ-ਫੂਕ, ਲੁੱਟ-ਮਾਰ ਕਰਨ ਵਾਲੇ ਨੌਜਵਾਨ ਟੋਲੇ ਨੂੰ ਉਹ ਉਜੱਡ ਮੁੰਡਿਆਂ ਦਾ ਗਰਮ ਦਲ ਗਿਣਦੇ।

ਨਾਜ਼ਰ-ਪਾਖ਼ਰ-ਫ਼ਲੀ-ਅੱਛਰੂ ਉਹਨਾਂ ਇਸ ਟੋਲੇ ਨਾਲ ਆਪਣੇ ਆਪ ਜੋੜ ਲਏ। ਸ਼ੇਰ ਖਾਂ ਦੀ ਹਵੇਲੀ-ਤਬੇਲੇ ਦੀ ਸਾੜ-ਫੂਕ ਦਾ ਜ਼ੁੰਮਾ ਬਾਬਾ ਜੀ ਨੇ ਉਹਨਾਂ ਸਿਰ ਪੈਂਦੀ ਸੱਟ ਮੜ੍ਹ ਦਿੱਤਾ।

..ਥੋੜਾ ਕੁ ਟਿਕ-ਟਿਕਾ ਹੋਏ ਤੇ ਉਹਨਾਂ ਇੱਕ ਦਿਨ ਨਾਜ਼ਰ ਪਾਖ਼ਰ-ਫ਼ੱਲੀ-ਅੱਛਰੂ ਨੂੰ ਘਰ ਸੱਦ ਲਿਆ। ਘਰ ਕਾਹਨੂੰ ਹਵੇਲੀ। ਸਨੇਹਾ ਭੇਜ ਕੇ, ਲੌਢੇ ਕੁ ਵੇਲੇ। ਬਾਬਾ ਜੀ ਬਾਹਰ ਬੈਠੇ ਸਨ, ਟਾਹਲੀ ਹੇਠਾਂ ਚਿੱਤਕਬਰੀ ਜਿਹੀ ਛਾਂ 'ਚ। ਆਰਾਮ ਕੁਰਸੀ ਤੇ। ਨਾਜ਼ਰ-ਪਾਖ਼ਰ-ਫ਼ਲੀ ਲਈ ਉਹਨਾਂ ਮੰਜੀਆਂ ਡਹਾ ਦਿੱਤੀਆਂ, ਦੋ-ਤਿੰਨ। ਖਸਤ਼ ਜਿਹੀਆਂ। ਦੇਬੂ-ਨਾਕੂ-ਰੁਲਦੂ ਜਾਂ ਪਾਸ਼ੀ-ਤੋਸ਼ੀ ਤਾਂ ਕਦੀ ਬੈਠੇ ਨਹੀਂ ਸਨ ਮੰਜੀਆਂ ਤੇ। ਉਹ ਤਾਂ ਖੜੇ-ਖੜੋਤੇ ਹੀ ਵਸੂਲ ਕਰਦੇ ਸਨ, ਹੁਕਮ-ਹਦਾਇਤਾਂ।

ਜੇ ਕਦੀ ਬੈਠਣਾਂ ਵੀ ਪਵੇ ਅਣਸਰਦੇ ਨੂੰ, ਲੱਸੀ-ਪਾਣੀ ਪੀਣ ਲਈ ਜਾਂ ਹੋਰ ਕਿਸੇ ਕਾਰਨ ਤਾਂ ਹੇਠਾਂ, ਮੂੜੇ ਤੇ। ਜਾਂ ਪੈਰਾਂ-ਭਾਰ।

ਪਰ, ਨਾਜ਼ਰ-ਪਾਖ਼ਰ-ਫ਼ਲੀ-ਅੱਛਰੂ ਦੀ ਹੋਰ ਗੱਲ ਸੀ। ਥਾਂ ਉੱਚੀ ਸੀ ਉਹਨਾਂ ਦੀ, ਦੇਬੂ - ਨਾਨਕੂ, ਰੁਲਦੂ, ਜਾਂ ਪਾਸ਼ੀ-ਤੋਸ਼ੀ ਤੋਂ। ਭਾਈਚਾਰਾ ਗਿਣਿਆਂ ਕਦੀ ਨਹੀਂ ਸੀ ਉਹਨਾਂ ਨੂੰ ਬਾਬਾ ਜੀ ਨੇ .. "ਦੋ-ਦੋ, ਚਾਰ-ਚਾਰ ਖੇਤਾਂ-ਖੱਤਿਆਂ ਦੀ ਮਾਲਕੀ ਵੀ ਕੀ ਮਾਲਕੀ ਹੋਈ। ਉਹ ਵੀ ਰੈਂਦ-ਖੂੰਦ, ਟੋਏ-ਟਿੱਬੇ, ਵਰਾਨ-ਬੰਜਰ। ਨਾ ਕਿਸੇ ਕੋਲ ਕੰਮ ਦਾ ਹਲ. ਨਾ ਹਰ ਨਾੜੀ..." ਉਹਨਾਂ ਲਈ ਉਹ ਜਿਵੇਂ ਜੱਟਾਂ ਦੀ ਰਹਿੰਦ-ਖੂੰਦ ਹਣ।

ਏਧਰ ਉਹਨਾਂ ਕੋਲ੍ਹ, ਬਾਬਾ ਜੀ ਕੋਲ੍ਹ ਪੂਰੀ ਦੀ ਪੂਰੀ ਜ਼ੈਲ। ਅੱਧਿਉਂ ਵੱਧ ਪਿੰਡ ਦੀ ਮਾਲਕੀ. ਚਾਰ-ਪੰਜ ਹਲਟ, ਦਰਸ਼ਣੀ ਜੋਗਾਂ। ਸਾਰੇ ਦੇ ਸਾਰੇ ਸੰਦ। ਉਹਨਾਂ ਦੀ ਹੱਦ-ਬਸਤ ਦੇ ਪਾਰਲੇ ਸਿਰੇ ਸੂਆ, ਸਰਕਾਰੀ, ਅੱਧਾ ਬਾਬਾ ਜੀ ਲਈ. ਅੱਧਾ ਸ਼ੇਰ ਖਾਂ ਲਈ। ਬਾਬਾ ਜੀ ਦੇ ਭਾਈ-ਬੰਦ. ਯਾਰ-ਮਿੱਤਰ ਸ਼ੇਰ ਖਾਂ ਲਈ। ਬਾਬਾ ਜੀ ਸ਼ੇਰ ਖਾਂ ਨੂੰ ਸਕਿਆਂ ਨਾਲੋਂ ਵੱਧ ਸਤਿਕਾਰਦੇ। ਉਹ ਜਦ ਵੀ ਝੱਜੀਂ ਆਉਂਦਾਂ, ਉਹਦੇ ਲਈ ਕੁਰਸੀ ਹਾਜ਼ਰ ਹੁੰਦੀ. ਵੱਡੀ. ਪਲੰਘ ਵਿਛਦਾ. ਨਆਰੀ. ਉਂਝ ਕੱਲੀ-

ਗਲਾਸ-ਥਾਲੀ-ਛੰਨਾ ਅੱਡ ਸਾਂਭ ਰੱਖਿਆ ਸੀ ਉਹਦੇ ਲਈ ਬਾਬਾ ਜੀ ਨੇ ਵੱਖਰੀ ਅਲਮਾਰੀ 'ਚ। ਆਪਣੀ ਦੇਖ-ਰੇਖ 'ਚ।

ਧਰਮਾਂ ਦੀ ਸੁਚੱਮ-ਜੁਠਮ ਤੋਂ ਬਚਾ ਕਰਨ ਲਈ । ਜਿਵੇਂ ਸ਼ੇਰ ਖਾਂ ਨੇ ਸਾਂਭ ਰੱਖ ਸੀ ਏਨੇ ਕੁ ਭਾਂਡੇ ਬਾਬਾ ਜੀ ਲਈ। ਆਪਣੀ ਹਵੇਲੀ, ਨੈਣੋਵਾਲ।

ਨੈਣੋਵਾਲ ਦੇ ਉਜਾੜੇ ਦੀ ਸਾਰੀ ਜ਼ੁੰਮੇਵਾਰੀ ਉਹਨਾਂ ਪੈਂਦੀ-ਸੱਟ ਨਾਜ਼ਰ-ਪਾਖਰ-ਫ਼ੌਲੀ-ਅੱਛਰੂ ਸਿਰ ਮੜ੍ਹ ਦਿੱਤੀ। ਉਹਨਾਂ ਦੇ ਹਵੇਲੀ ਪੁੱਜਦਿਆਂ ਸਾਰ।

ਉਹਨਾਂ ਤੋਂ ਵੱਧ ਚਾਚਾ ਜੀ ਸਿਰ। ਸਮੇਤ ਲੁੱਟ-ਖਸੁੱਟ-"ਸਾਨੂੰ ਸਭ ਪਤਆ, ਤੁਆਨੂੰ ਕਿੰਨੇ ਚੁੱਕ ਦਿੱਤੇ ਐ, ਕਿੰਨੇ ਪੁੱਠ ਚਾੜ੍ਹੀ ਐ.. । ਤੁਹੀ ਜੇੜ੍ਹੀ ਅਤਿ ਚੁੱਕੀ ਰੱਖੀ ਨਾ ਮੀਨਾਂ ਭਰ, ਵੱਡੇ ਗਰਮਦਲੀਆਂ ਨੇ। ਭੁਗਤੋ ਹੁਣ। ..ਨਾਲੇ ਖਾਓ ਟੰਬੇ, ਨਾਲੇ ਮੋੜੋ ਮਾਲ ਅਗਲੇ ਸਾਈਆਂ ਦਾ, ਅਗਲਿਆਂ ਟਕੇ-ਟਕੇ ਦਾ ਸਾਬ੍ਹ ਲੈਣਾ..।"

ਉੜਕ-ਛੋਹੇ ਜਿਹੇ ਬੈਠੇ ਨਾਜ਼ਰ-ਪਾਖ਼ਰ-ਫਲੀ-ਅੱਛਰੂ ਬਾਬਾ ਜੀ ਦਾ ਫ਼ੁਰਮਾਨ ਸੁਣ ਕੇ ਘਬਰਾਏ ਨਹੀਂ। ਘਬਰਾਉਣਾ ਜਿਵੇਂ ਉਹਨਾਂ ਦੀ ਆਦਤ ਹੀ ਨਾ ਹੋਵੇ, ਰੂਹ-ਜਾਨ ਦਾ ਹਿੱਸਾ ਹੀ ਨਾ ਹੋਵੇ।

ਪਰ ਅਮਰ ਅਜੀਤ ਨੂੰ ਆਪਣੇ ਨਾਲ ਗੰਢ ਹੋਇਆ ਸੁਣ ਕੇ ਉਹ ਹੈਰਾਨ ਜ਼ਰੂਰ ਹੋਏ। .. ਚਾਚਾ ਅਮਰਅਜੀਤ ਤਾਂ ਉਹਨਾਂ ਨੂੰ ਮਿਲਿਆ-ਗਿਲਿਆ ਹੀ ਨਹੀਂ ਸੀ ਕਦੀ। ਜੇ ਕਿਧਰੇ ਮਿਲਿਆ-ਟੱਕਰਿਆ ਵੀ ਰਾਹ-ਖਹਿੜੇ ਜਾਂ ਬਾਹਰ ਖੇਤੀਂ ਬੰਨੀਂ ਤਾਂ ਉਹਨਾਂ ਕੋਈ ਬਾਤ-ਚੀਤ ਕਦੀ ਨਹੀਂ ਸੀ ਕੀਤੀ, ਕਿਸੇ ਵੀ ਤਰਾਂ ਦੀ .. ਘਰ-ਬਾਹਰ ਦੀ, ਪਿੰਡ-ਸ਼ਹਿਰ ਦੀ, ਲੜਾਈ-ਭੜਾਈ ਦੀ। ਉਹ ਤਾਂ ਉਸਨੂੰ ਅਜੇ ਤੱਕ ਪੜ੍ਹਨ-ਪੜ੍ਹਾਈ 'ਚ ਰੁਝ-ਖੁੱਭਾ ਸਮਝਦੇ ਸਨ, ਦੂਰ ਪਾਰ ਕਿਸੇ ਵੱਡੇ ਸ਼ਹਿਰ। ਉਹਨਾਂ ਦੇ ਤਾਂ ਯਾਦ-ਚਿੱਤ ਵੀ ਨਹੀਂ ਸੀ ਕਿ ਸਭ-ਕੁਝ ਛੱਡ-ਛਡਾ ਕੇ ਉਹ ਕਿਸੇ ਹੋਰ ਵੀ ਬੰਨੇ ਜੁੱਟਿਆ ਪਿਐ। ਹੋਰ ਵੀ ਰਾਹੇ ਤੁਰਿਆ, ਬੜੀ ਦੂਰ ਅਗਾਂਹ ਨਿਕਲ ਗਿਐ!

ਨਰਮ-ਗਰਮ ਦਲਾਂ ਦੇ ਨਾਂ ਵੀ ਉਹਨਾਂ ਪਹਿਲੀ ਵਾਰ ਸੁਣੇ ਉਸ ਦਿਨ ਬਾਬਾ ਜੀ ਤੋਂ। ਉਹ ਤਾਂ ਮੜ੍ਹੇ ਮੁਲਕ ਤੋਂ, ਇਹਦੀ ਟੁੱਟ-ਭੱਜ ਤੋਂ ਵੰਡ-ਵੰਡੀਏ ਤੋਂ ਰਤੀ ਭਰੀ ਵੀ ਜਾਣੂ ਨਹੀਂ ਸਨ... ਏਹ ਕਿਉਂ ਹੋਈ ਐ, ਕਿੰਨੇ ਕੀਤੀ ..!

ਉਹ ਤਾਂ ਬੱਸ ਐਨਾ ਕੁ ਜਾਣਦੇ ਸਨ ਕਿ ਹੜੇ-ਹਮਲੇ ਹੋਣ ਤਾਂ ਲੁੱਟ-ਮਾਰ ਹੁੰਦੀ ਹੀ ਹੁੰਦੀ ਐ!

ਉਹਨਾਂ ਪਿਤਾ-ਪੁਰਖਿਆ, ਪਿਓ-ਦਾਦਿਆਂ, ਪੜਦਾਦਿਆਂ ਤੋਂ ਸੁਣਿਆ-ਸਿੱਖਿਆ ਉਹੋ ਸੀ ਹੁਣ ਤੱਕ।

ਬਾਬਾ ਜੀ ਦਾ ਗੁੱਭ-ਗੁਬਾਰ ਸੁਣਦੇ ਉਹ ਚੁੱਪ-ਚਾਪ ਬੈਠੇ ਰਹੇ। ਹੁਣੇ-ਹੁਣੇ ਮਿਲਿਆ ਡਰ-ਡਰਾਵਾ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਬੇਚੈਨ ਨਾ ਕਰ ਸਕਿਆ। ਉਹਨਾਂ ਲਈ ਕਿਹੜਾ ਨਵਾਂ ਕੰਮ ਸੀ ਇਹ' ਕਦੀ-ਕਦਾਈਂ ਉਲਟ-ਗੇੜ ਵੀ ਲਗਦਾ ਰਿਹਾ -ਸਜ਼ਾ ਵੀ ਖਾਣੀ ਪਈ ਤੇ ਲੁਟਿਆ, ਚੋਰੀ ਕੀਤਾ ਮਾਲ ਅਸਬਾਬ ਵੀ ਵਾਪਿਸ ਕਰਨਾ ਪਿਆ। ਤਾਂ ਵੀ .. ਤਾਂ ਵੀ ਇੱਕ-ਦੋ ਹੇਰ-ਫੇਰ ਤਾ ਉਹਨਾਂ ਕੀਤੇ ਵੀ ਕੀਤੇ, ਵਰ੍ਹੇ ਛਿਮਾਹੀ। ਆਈ-ਚਲਾਈ ਖ਼ਾਤਰ। ਪੱਤਣੋਂ ਪਾਰ ਦਾ ਮਾਲ-ਡੰਗਰ ਐਧਰ, ਐਧਰਲਾ ਓਧਰ। ਖ਼ਾਸ ਕਰ ਜੋਗਾਂ ਘੜੀਆਂ। ਗਾਵਾਂ ਮੱਝਾਂ ਦੀ ਖਲ੍ਹ-ਖੁਲ੍ਹਾਈ ਵਲ੍ਹ ਬਹੁਤਾ ਧਿਆਨ ਨਹੀਂ ਸਨ ਦਿੰਦੇ। ਇੱਕ ਤਾਂ ਕੱਟਿਆਂ-ਵੱਛਿਆਂ ਦੀ ਚੱਕ-ਥੱਲ ਬੜਾ ਤੰਗ ਕਰਦੀ ਸੀ, ਦੂਜੇ ਝਿੜੀ ਵਾਲੇ ਬਾਬੇ ਦੀ ਖ਼ਾਸ ਹਦਾਇਤ ਉਹਨਾਂ ਨੂੰ .' ਕਿਸ ਘਰੋਂ ਦੁਧਾਰ-ਡੰਗਰ ਚੋਰੀ ਨਈਂ ਕਰਨਾ ..।'

ਕਿਧਰੇ ਹੋਰ ਥਾਂ ਹੱਥ ਅੜਦਾ ਨਾ ਦੇਖ ਕੇ ਜੇ ਕਦੇ-ਕਦਾਈਂ ਕੀਤਾ ਈ ਕੋਈ ਹੇਠਾਂ-ਉੱਤ੍ਹਾ ਤਾਂ ਉਹਨਾਂ ਨੂੰ ਢੇਰ ਸਾਰੀ ਜ਼ਹਿਮਤ ਝੱਲਣੀ ਪਈ, ਕਿਉਂ ਜ ਅਗਲੇ ਦੀ ਦਾਦ-ਫਰਿਆਦ ਵੀ ਉੱਥੇ ਹੀ



ਹੁੰਦੀ, ਉਸੇ ਈ ਬਾਬਾ ਜੀ ਕੋਲ। ਅਗਲਾ ਵੀ ਪੁੱਛ ਲੈਣ ਲਈ ਉੱਥੇ ਹੀ ਪੁੱਜਾ ਹੁੰਦਾ। ਚੋਰ-ਉਚੱਕੇ ਦੀ ਸੂਹ ਲੈਣ ਲਈ, ਝਿੜੀ ਵਾਲੇ ਬਾਬਾ ਜੀ ਨੂੰ ਹਰ ਕਿਸੇ ਦਾ ਦੁੱਖ-ਦਰਦ ਸੁਨਣਾ ਪੈਂਦਾ। ਖ਼ਾਸ ਮਾਈਆਂ-ਬੀਬੀਆਂ ਦਾ । ਮਾਈਆਂ-ਬੀਬੀਆਂ ਨੂੰ ਦੁੱਧੀਂ -ਪੁੱਤੀਂ ਹਰੀਆਂ-ਭਰੀਆਂ ਕਰਨ ਲਈ, ਹਰੀਆਂ-ਭਰੀਆਂ ਕੀਤੀ ਰੱਖਣ ਲਈ, ਸਿੱਖ ਸੇਵਕੀ ਖ਼ਾਤਰ । ਧਾਗੇ ਤਵੀਤ ਦੇ ਕੇ । ਜਲ-ਭਭੂਤਾ ਬਖ਼ਸ਼ ਕੇ।

ਨਾਜ਼ਰ-ਪਾਖਰ-ਫ਼ੌਲੀ-ਅੱਛਰੂ ਵੀ ਕੋਈ ਛੋਟੇ-ਮੋਟੇ ਭਗਤ ਨਹੀਂ ਸਨ ਬਾਬਾ ਜੀ ਦੇ। ਉਹਨਾਂ ਦਾ ਕਾਰੋਬਾਰ ਵੀ ਬਾਬਾ ਜੀ ਦੀ ਅਸ਼ੀਰਵਾਦ ਆਸਰੇ ਹੀਂ ਚਲਦਾ ਸੀ, ਬਹੁਤਾ।

ਇਉਂ ਵਿਚਕਾਰ ਜਿਹੇ ਫਸੇ ਬਾਬਾ ਜੀ ਨੇ ਉਹਨਾਂ ਨੂੰ ਸਿਆਣੀ ਜਿਹੀ ਹਦਾਇਤ ਲੁਕਵੇਂ ਜਿਹੇ ਢੰਗ ਨਾਲ ਕਰ ਛੱਡੀ ਸੀ-'ਦੇਖੋ ਬੱਚਾ ਕਿਸੀ ਗਈ-ਸੁਆਣੀ ਦੇ ਬਾਲ-ਬੱਚੇ ਦੇ ਮੂੰਹ ਸੋਏ ਦੁੱਧ ਸੀਰ ਖੋਹਨਾਂ ਪਾਪਾ ਹੈ, ਮਹਾਂ ਪਾਪ.. ।' ਤੇ ਫਿਰ ਉਹਨਾਂ ਐਹੋ ਜਿਹਾ ਪਾਪ, ਮਹਾਂਪਾਪ ਕੀਤਾ ਕਦੀ ਨਾ । ਸਟੇਸ਼ਨ ਬਾਬੂ ਦੀ ਮੱਝ ਖੋਲਣ ਤੋਂ ਪਿਛੋਂ ਤਾਂ ਬਿਲਕੁੱਲ ਹੀ ਨਹੀਂ। ਉਸ ਵਾਰ.. ਟਿਕਵੀਂ ਰਾਤ ਦਾ ਪਹਿਲਾ ਪੱਖ ਸੀ, ਸਿਆਲੂ ਦਿਨ ਸਨ। ਕੱਟਰੂ ਹੈ ਨਹੀਂ ਸੀ ਮੱਝ ਦਾ। ਚਲਦਾ ਬਣਿਆ ਸੀ ਕੋਰੇ-ਕੱਕਰ ਦੀ ਫੰਡ ਖਾ ਕੇ । ਸੀਲ ਡੰਗਰ ਨੇ ਰਤਾ ਭਰ ਹੇਹਾ ਨਾ ਕੀਤਾ। ਇਕ ਵੀ ਡੰਗ ਨਾ ਭੰਨਿਆ, ਦੁਧੋਂ । ਨਾਜ਼ਰ-ਪਾਖਰ-ਅੱਛਰੂ ਜਿਵੇਂ ਭੁਲ੍ਹੇ ਪਏ ਸਨ ਦਰਸ਼ਣੀ ਮੱਝ ਤੇ।

ਸਟੇਸ਼ਨ ਬਾਬੂ ਧਿਆਨ ਤਾਂ ਪੂਰਾ ਰੱਖਦਾ ਸੀ ਸਭ ਤਰ੍ਹਾਂ ਦਾ। ਪਰ ਨੀਂਦ ਆਖ਼ਿਰ ਨੀਂਦ ਹੁੰਦੀ ਐ, ਉਹ ਵੀ ਸਿਆਲ੍ਹੂ। ਫਿਰ ਰਾਤ ਦੇ ਪਹਿਲੇ ਪਹਿਰ ਦੀ। ਸੰਨ ਲੱਗਣ ਵੇਲੇ ਤਾਂ ਕਿਸੇ ਨੂੰ ਵਿੜਕ ਤੱਕ ਨਾ ਲੱਗੀ। ਉਂਞ ਅੱਧੀ ਕੁ ਰਾਤੀਂ ਬਾਬੂ ਜੀ ਜਾਗ ਜ਼ਰੂਰ ਖੁਲ੍ਹ ਗਈ। ਚਾਣਚੱਕ ਨਈਂ ਫ਼ਿਕਰ-ਚਿੰਤਾ ਕਾਰਨ। ਅਗਲੇ ਦਿਨ ਲਾਟ ਸਾਬ੍ਹ ਦਾ ਲਾਂਘਾ ਸੀ ਉਧਰੋਂ। ਲਾਹੌਰ ਵੰਨੀ ਨੂੰ। ਪੂਰੀ ਦੀ ਪੂਰੀ ਗ਼ਾਰਦ ਹੋਣੀ ਸੀ ਨਾਲ । ਅਹਿਲਕਾਰਾਂ ਦੀ ਵੱਖਰੀ, ਪਹਿਰੇਦਾਰਾਂ ਦੀ ਵੱਖਰੀ । ਸਟੇਸ਼ਨ ਬਾਬੂ ਨੂੰ ਫ਼ਿਕਰ ਖਾਈ ਜਾਂਦਾ ਸੀ, ਬਣਦੇ-ਸਰਦੇ ਦਿੱਖ-ਦਿਖਾਵੇ ਦਾ। ਏਧਰ ਬਾਬਾ ਜੀ ਵੱਖ ਗੇੜੇ ਤੇ ਗੇੜਾ ਮਾਰਦੇ ਆਏ ਸਨ। ਸ਼ੇਰ ਖਾਂ ਉਹਨਾਂ ਤੋਂ ਵੀ ਉੱਪਰ। ਆਖ਼ਿਰ ਦੋਨਾਂ ਦੀ ਜ਼ੈਲ 'ਚ ਪੈਂਦਾ ਸੀ ਸਟੇਸ਼ਨ! ਆਪ ਤਾਂ ਕਹਿ ਕੇ ਬਣਵਾਇਆ ਸੀ, ਦੋਨਾਂ ਪਿੰਡਾਂ ਲਈ ਸਾਂਝਾ । ਉਹਨਾਂ ਵੀ ਹਾਜ਼ਰੀ ਭਰਨੀ ਸੀ, ਜ਼ਰੂਰੀ। ਹਾਰਾਂ-ਫੁੱਲਾਂ ਸਮੇਤ। ਟੱਬਰ-ਟੀਰੂ ਸਮੇਤ । ਲੰਘਦੀ ਗੱਡੀ ਲਾਗੇ ਖੜੋ ਕੇ । ਖੜੇ ਹੋ ਕੇ ਸਿਰ ਝੁਕਾ ਕੇ।

ਸ਼ੇਰ ਖਾਂ ਨੇ ਤਾਂ ਅਗਾਊਂ ਸਨੇਹਾ ਭੇਜ ਕੇ ਅਫ਼ਸਰ ਪੁੱਤਰ ਅਸਲਮ ਸ਼ੇਰ ਖਾਂ ਨੂੰ ਵੀ ਬੁਲਾ ਲਿਆ ਸੀ, ਦੋ-ਚਾਰ ਦਿਨਾਂ ਲਈ। ਉਹ ਤਾਂ ਬੜੇ ਇਤਮੀਨਾਨ ਨਾਲ ਬੈਠਾ ਸੀ ਪਿੰਡ, ਆਪਣੀ ਹਵੇਲੀ, ਉਸ ਦਿਨ ਲਈ ਤਿਆਰੀ ਕਰਕੇ। ਪਰ, ਬਾਬਾ ਜੀ ਬੇ-ਹੱਦ ਪ੍ਰੇਸ਼ਾਨ ਸਨ। ਤਰਲੋ-ਮੱਛੀ ਹੋਏ ਪਏ ਸਨ, ਉਸ ਪੱਖੋਂ।..ਚਾਚਾ ਜੀ ਤਾਂ ਉਂਈਂ ਜਿਵੇਂ ਮਰ-ਮੁੱਕ ਗਏ ਹੋਣ ਉਹਨਾਂ ਲਈ ਤੇ ਦਾਰ ਜੀ..ਦਾਰ ਜੀ ਆਪਣੇ ਹੀ ਰੰਗ-ਰੋਸ਼ਨ 'ਚ ਮਸਤ, ਬਾਬਾ ਜੀ ਦੀ ਗੱਲ-ਕੱਥ ਵਲ੍ਹ ਧਿਆਨ ਈ ਕੋਈ ਨਾ ਦਿੱਤਾ।

ਆਖ਼ਿਰ ਬਾਬਾ ਜੀ ਦਾ ਸਾਰਾ ਰੋਹ-ਗੁੱਸਾ ਸਟੇਸ਼ਨ ਬਾਬੂ ਤੇ ਵਰ੍ਹਦਾ ਰਿਹਾ, ਸਵੇਰੇ ਸ਼ਾਮ। ਹਰ ਰੋਜ਼ ਕੋਈ ਨਾ ਕੋਈ ਨਵੀਂ ਹਦਾਇਤ ਸਟੇਸ਼ਨ ਬਾਬੂ ਦੀ ਹਿੱਕ ਤੇ ਸਵਾਰ ਹੁੰਦੀ-"ਓਹ ਕਰ, ਆਹ ਕਰ। ਆਹ ਨਈਂ ਕੀਤਾ।"

ਆਪਣੀ ਵਲੋਂ ਤਾਂ ਸਟੇਸ਼ਨ ਬਾਬੂ ਵੀ ਕਿਸ ਗੱਲੇ ਪਿਛਾਂਹ ਨਹੀਂ ਸੀ ਰਿਹਾ। ਕੋਈ ਵੀ ਢਿੱਲ ਮੱਠ ਨਹੀਂ ਸੀ ਦਰਸਾਈ, ਵਾਹ ਲੱਗਦੀ ਨੂੰ। ਆਪਣੇ ਆਪ ਬਾਰੇ ਸੋਚ ਕੇ, ਆਪਣੀ ਉ[illegible] ਬਾਰੇ।

ਉਹਨੇ ਮਨ-ਚਿੱਤ ਲਾ ਕੇ ਬੜਾ ਸਾਫ਼ ਕੀਤਾ ਆਪ। ਲੱਕੜ ਕੰਸਿ[illegible] ਪੁਝ ਕੀਤੀ। ਬੱਤੀਆਂ-ਖੰਭੇ ਲਿਸ਼ਕਾਏ। ਆਪਣੀ ਵਲੋਂ ਪੂਰਾ ਲਿੱਪ-ਟਾਪ ਕਰਕੇ ਅਜੇ ਉਹ ਸੌਂਣਾ ਹੀ ਸੀ ਉਸ ਰਾਤ । ਉਸ ਨੂੰ ਲੱਗਾ ਕਿ ਲਾਟ ਸਾਬ੍ਹ ਦੀ ਰੇਲ ਉਸ ਦੇ [illegible] ਆ ਰੁਕੀ ਐ, ਕਰੀਚ ਕਰਦੀ ।

ਧੂੰਆਂ ਛੱਡਦਾ ਇੰਜਣ ਥੋੜਾ ਕੁ ਅਗਾਂਹ ਲੰਘ ਕੇ ਖੜਾ ਐ. ਥੜੇ ਦੀ ਅਗਲੀ ਨੁੱਕਰੇ। ਲਾਟ ਸਾਬ੍ਹ ਦਾ ਡੱਬਾ ਉਸ ਦੇ ਐਨ ਸਾਹਮਣੇ ਐ ਕੈਬਿਨ ਲਾਗੇ। ਕੁਰਸੀ ਤੋਂ ਉਠ ਕੇ ਲਾਟ ਸਾਬ੍ਹ ਪਹਿਲਾਂ ਡੱਬ ਦੇ ਦਰਵਾਜ਼ੇ ਲਾਗੇ ਆਏ ਹਨ, ਫਿਰ.. ਫਿਰ ਹੇਠਾਂ ਪਲੇਟ-ਫ਼ਾਰਮ ਤੇ, ਲਿਸ਼ਕੇ-ਪੁਸ਼ਕੇ ਥੜੇ ਤੇ।

ਐਧਰ-ਓਧਰ ਨਿਗਾਹ ਘੁਮਾ ਕੇ, ਉਹਨਾਂ ਅੱਛਾ-ਖ਼ਾਸਾ ਨਰੀਖਣ ਕੀਤਾ ਹੈ, ਸਫ਼ਾਈ-ਧੁਲਾਈ ਦਾ। ਫਿਰ .. ਸਹਿਜ ਕਦਮੀਂ ਤੁਰਦੇ ਉਸ ਦੇ ਲਾਗੇ ਆ ਖੜੋਏ ਹਨ, ਉਸ ਦੇ ਕੈਬਿਨ 'ਚ ਪਹੁੰਚ ਕੇ।

ਹੱਥ ਜੋੜੀ ਖੜੇ ਸਟੇਸ਼ਨ ਬਾਬੂ ਤੋਂ ਲਾਟ ਸਾਬ੍ਹ ਦਾ ਜਲ-ਜਲੌ ਝੱਲਣਾ-ਸਹਾਰਨਾ ਔਖਾ ਹੋ ਰਿਹਾ ਹੈ ... ਹੋਰ ਵੀ ਕਠਿਨ!

ਝੱਟ ਉਸ ਦਾ ਝੁਕਿਆ-ਨਿਵਿਆ ਸਿਰ ਲਾਟ-ਸਾਬ੍ਹ ਦੇ ਪੈਰਾਂ ਤੇ ਸਿੱਧਾ ..।

".. ਗੁਅਡ ਵੈਰੀ ਗੁਅੱਡ, ਉਠੋ ਰਾਮ ਪਰ ਸਾਡ ਉਅ ਠੋ.... ਹਮ ਟੁੰਮ ਪੇਅ ਬਹੋਟ ਖੁਸ਼ ਹੈਅ . ਬਉਹੱਟ ਪੜਸ਼ਸ਼ਨ ਹੈਂਅ ..। ਹੱਮ.. ਹੱਮ ਤੁਅੱਮ ਕੋ ਤੜੱਅਕੀ ਦੇਤਾ ਹੈਅ, ਆਜ ਹੀ ਇਸ਼ੀ ਵਕਟ ... ! ਆਜ ਸੇ ਟੁੱਮ ਬੜਾ ਮਾਸ਼ਟੜ ਹੋਗਾ। ਲਾਹੌਅੜ ਦਾ ਅਸਟੇਸ਼ਨ ਮਾਸਟੜ..।"

ਲਾਟ ਸਾਬ੍ਹ ਦੀ ਅਸ਼ੀਰਦਵਾਦ ਨੇ ਮੂੰਹਦੜੇ ਮੂੰਹ ਸੁੱਤੇ ਰਾਮ-ਪ੍ਰਸ਼ਾਦ ਨੂੰ ਜਿਵੇਂ ਮੋਢਿਓਂ ਫੜ ਕੇ ਖੜਾ ਕਰ ਦਿੱਤਾ।

ਅਬੜਵਾਹੇ ਉੱਠਦੇ ਨੇ ਉਸ ਨੇ ਉੱਪਰ ਲਈ ਲੇਫ ਵਗਾਹ ਕੇ ਪਰਾਂ ਮਾਰੀ। ਮਿੰਨੀ ਕੀਤੀ ਲਾਲਟੈਣ, ਕਾਫੀ ਸਾਰੀ ਉਤਾਂਹ ਸੀਖ਼ ਲਈ ।ਸਰਾਣੇ ਪਈ ਖ਼ੇਸੀ ਦੀ ਬੁੱਕਲ ਮਾਰ ਕੇ ਉਹ ਝੱਟ ਬਾਹਰ ਆ ਖੜਿਆ ਸੀ, ਕੈਬਿਨ ਸਾਹਮਣੇ ਥੜੇ ਤੇ !

ਥੜੇ ਲਾਗੇ ਵਿਛੀ ਪਟੜੀ ਜਿਵੇਂ ਘੋੜੇ ਵੇਚ ਕੇ ਸੁੱਤੀ ਪਈ ਸੀ ।

ਨਾ ਉਥੇ ਰੇਲ ਸੀ, ਨਾ ਇੰਜਣ, ਨਾ... । ਸਿਆਲੂ ਰਾਤ ਦਾ ਟਿਕਾ, ਹਰ ਸ਼ੈਅ-ਹਰ ਵਸਤ ਨੂੰ ਆਪਣੇ ਆਪਣੇ ਘੁਰਨੀਂ ਦੜੀ ਬੈਠਾ ਸੀ।

ਦੂਰ ਤੱਕ ਵਿਛੇ ਬਾਬਾ ਜੀ ਦੇ, ਸ਼ੇਰ ਖਾਂ ਦੇ ਖੇਤ-ਮੁਰੱਬੇ ਗੂੜ੍ਹੀ ਨੀਂਦ ਸੁੱਤੇ ਪਏ ਸਨ। ਸ਼ਾਹ ਕਾਲੇ ਹਨੇਰੇ ਦੀ ਚਾਦਰ 'ਚ ਲਿਪਟੇ।

ਖੜੇ-ਖੜੋਤੇ ਰਾਮ ਪ੍ਰਸ਼ਾਦ ਨੇ ਹਲਕੀ ਜਿਹੀ ਗਾਲ੍ਹ ਕੱਢੀ ਸੀ, ਪਤਾ ਨਹੀਂ ਕਿਸ ਨੂੰ!

ਰੇਲ-ਥੜੇ ਤੇ ਪੱਸਰੀ ਧੁੰਦ ਜਿਵੇਂ ਉਸ ਦੇ ਹੱਥ ਫੜੀ ਲਾਲਟੈਣ ਦੀ ਸੰਘੀ ਘੁੱਟਣ ਲੱਗ ਪਈ ਸੀ, ਪਰ ਉਸ ਦਾ ਧਿਆਨ ਏਧਰ ਵੰਨੇ ਵੀ ਨਹੀਂ ਸੀ।

ਉਹ ਤਾਂ.. ਉਸਦਾ ਅੰਦਰ ਬਾਹਰ ਤਾਂ ਜਿਵੇਂ ਭਰਿਆ ਪਿਆ ਸੀ, ਸਰਸ਼ਾਰ ਹੋਇਆ ਪਿਆ ਸੀ .. ਲਾਟ ਸਾਬ੍ਹ ਦੇ ਦਰਸ਼ਨਾਂ ਨਾਲ। ਉਸ ਵੱਲੋਂ ਮਿਲੇ ਤਰੱਕੀ ਹੁਕਮਾਂ ਨਾਲ ..।

ਯੱਖ਼-ਠੰਡੀ ਰਾਤ ਉਸ ਦੇ ਅੰਗਾਂ-ਪੈਰਾਂ ਨੂੰ ਅੱਛਾ-ਖ਼ਾਸਾ ਨਿੱਘ ਦੇ ਰਹੀ ਸੀ।

ਟਹਿਲਦਾ-ਝੂੰਮਦਾ ਉਹ ਸਲੀਪਰ-ਝੁੱਗੀ ਅੰਦਰ ਜਾਣ ਤੋਂ ਪਹਿਲਾਂ ਮੱਝ-ਢਾਰੇ ਵਲ੍ਹ ਨੂੰ ਹੋ ਤੁਰਿਆ। ਕੈਬਿਨ ਦੀ ਪਿਛਵਾੜੀ ਸੁਭਾਵਿਕ ਹੀ।

ਕੁੱਲੀ ਦੀ ਟਿੱਟੀ ਉਸ ਨੂੰ ਥਾਂ ਸਿਰ ਦਿਸੀ ਨਾ। ਉਹ ਰਤਾ ਕੁ ਚੌਂਕਿਆ .."ਡੇਗ ਦਿੱਤੀ ਹੋਣੀ ਆ ਗਦੂਤ ਜੋਈ ਨੇ, ਸਿਰ ਮਾਰ ਕੇ! ਏਨੂੰ ਕੰਜਰ ਦੀ ਮਾਰ ਨੂੰ ਹਜੇ ਤੱਕ ਭੁਲਿਆ ਨਈਂ ਕਟ ਰੂਟ।

ਮੱਝ ਨੂੰ ਬੁਰਾ-ਭਲਾ ਕਹਿੰਦਾ ਉਹ ਸੁਪਨੇ ਦੀ ਜੱਦ 'ਚੋਂ ਬਾਹਰ ਆ ਗਿਆ।

ਹੱਥ ਫੜੀ ਲਾਲਟੈਣ, ਉਸ ਨੇ ਹੋਰ ਉਤਾਂਹ ਚੁੱਕ ਕੇ ਕੁੱਲੀ ਅੰਦਰ ਝਾਕਿਆ।

ਅੰਦਰ ਸੁੰਨਮਸਾਨ ਸੀ, ਭੂਤ-ਬੰਗਾਲੇ ਵਰਗੀ।

ਉਸ ਦੀ ਦਰਸਣੀ ਮੱਝ ਗਾਇਬ ਸੀ।



ਉਸਨੂੰ ਜ਼ੋਰਦਾਰ ਝਟਕਾ ਲੱਗਾ। ਉਹ ਜਿਵੇਂ ਹੇਠਾਂ ਆ ਡਿਗਿਆ ਉੱਚੇ ਅਕਾਸ਼ੀ ਹਵਾ-ਮਹਿਲ ਤੋਂ। ਹੇਠਾਂ.. ਰੜੀ ਖੁਰਦਰੀ ਧਰਤੀ ਤੇ !

ਚੀਕ ਮਾਰਨ ਵਾਂਗ ਉਸ ਨੇ ਗੀਤਾ ਨੂੰ 'ਅਵਾਜ਼ ਮਾਰੀ, ਘਤਨੀ ਨੂੰ । ਇਕ ਹੋਰ ... ਫਿਰ ਇਕ ਹੋਰ।

ਨੰਦੂ ਨੂੰ ਵੀ, ਨੰਦੂ ਕੁਲੀ ਨੂੰ।

ਦੋਨੋਂ ਮੂੰਹ ਸਿਰ ਲਿਪੇਟੀ, ਉਸ ਦੇ ਲਾਗੇ ਆ ਖੜੋਏ।

ਮੱਝ ਦੇ ਚੋਰੀ ਹੋਣ ਦਾ ਸੁਣ ਕੇ ਗੀਤਾ ਤਾਂ ਜਾਣੋ ਫਿੱਸ ਹੀ ਪਈ, ਵੈਣ ਜਿਹੇ ਪਾਉਣ ਲੱਗ ਪਈ, ਉੱਚੀ-ਉੱਚੀ।

ਅੱਧੀ ਰਾਤ ਦਾ ਹਨੇਰ੍ਹਾ, ਹਰ ਪਾਸਿਉਂ ਛਣ ਗਿਆ।

ਗਿੱਦੜ ਮੋਰ ਕੁੱਤੇ ਵੀ ਵਾਰੀਆਂ ਲਾਉਣ 'ਚ ਪਿਛਾਂਹ ਨਾ ਰਹੇ।

ਉਹ ਵੀ ਜਿਵੇਂ ਗੀਤਾ ਦੇ ਰੋਣ-ਧੋਣ 'ਚ ਸ਼ਰੀਕ ਹੋ ਗਏ ਹੋਣ।

ਪਰ ਬਾਬਾ ਜੀ ਨੂੰ, ਸ਼ੇਰ ਖਾਂ ਨੂੰ ਆਪਣੀ ਜੱਦ 'ਚ ਪਿਆ ਚੀਕ-ਚਿਹਾੜਾ ਬੁਰਾ ਲੱਗਾ, ਬਹੁਤ ਹੀ ਬੁਰਾ ।

ਉਹਨਾਂ ਉਸੇ ਵੇਲੇ ਬੰਦੇ ਭੇਜ ਕੇ ਗੀਤਾ ਨੂੰ, ਉਸ ਦੇ ਬਾਲ-ਬੱਚੇ ਨੂੰ ਚੁੱਪ-ਰਹਿਣ ਦਾ ਹੁਕਮ ਅੱਪੜਾ ਕਰ ਦਿੱਤਾ।

ਘੱਟੋ-ਘੱਟ ਲਾਟ ਸਾਬ੍ਹ ਦੇ ਲੰਘ ਜਾਣ ਤੱਕ।

ਜ਼ੈਲ-ਮਾਲਕਾਂ ਤੋਂ ਡਰੀ-ਸਹਿਮੀ ਗੀਤਾ ਰਾਣੀ ਨੇ ਤਾਂ ਮੁੜ ਹਓਕਾ ਤੱਕ ਨਾ ਭਰਿਆ, ਉੱਚਾ ਸਾਹ ਤੱਕ ਨਾ ਲਿਆ। ਜੇ ਲਿਆ ਵੀ ਹਊ ਤਾਂ ਅੰਦਰ ਵੜ ਕੇ, ਲੇਫ-ਬੁੱਕਲ 'ਚ ਮੂੰਹ ਲੁਕੋ ਕੇ। ਪਰ, ਨਾਜ਼ਰ-ਪਾਖ਼ਰ-ਫ਼ੱਲੀ-ਅੱਛਰੂ ਨੇ ਗੀਤਾ ਰਾਣੀ ਦਾ ਦੁੱਖ-ਦਰਦ ਆਪਣੇ ਦਿਲ ਤੇ ਬੈਠਦਾ ਕਰ ਲਿਆ। ਉਸੇ ਵੇਲੇ ਉਹਨਾਂ, ਇੱਕ ਤਾਂ ਕਿਸੇ ਰਾਣੀ-ਸੁਆਣੀ ਦੇ ਬਾਲ-ਬੱਚੇ ਮੂੰਹੋਂ ਸੀਰ ਦੁੱਧ ਨਾ ਖੋਹਣ ਦੀ ਕਸਮ ਖਾ ਲਈ, ਦੂਜੇ ਬਾਬਾ ਜੀ ਦੇ ਵਤੀਰੇ ਨੂੰ ਰੱਜ ਕੇ ਭੰਡਿਆ ।ਉਹਨਾਂ ਦੀ ਕਰਤੂਤ ਜੀ ਭਰ ਕੇ ਉਛਾਲੀ-"ਲਓ ਜੀ ਕਰ ਲਓ ਗੱਲ, ਅਖੇ ਕੋਈ ਰੋਏ ਨਾ, ਕੋਈ ਉੱਚੀ ਨਾ ਬੋਲੇ । ਹੈਐ ਹੱਦ ਹੋ ਗਈ ! ਇੱਕ ਅਗਲੇ ਦਾ ਨੁਕਸਾਨ ਹੋਇਆ, ਉਪਰੋਂ ਆ ਧੱਕੇਸ਼ਾਹੀ ! ਅਖੇ ਲਾਟ ਸਾਬ੍ਹ ਦਾ ਲਾਂਘਾ ! ਹਊ ਲਾਂਘਾ! ਕਿਸੇ ਨੇ ਘੱਗੂ ਲੈਣਾ...."

ਸਭ ਤੋਂ ਵੱਧ ਪਲੇਥਣ ਉਹਨਾਂ ਲਾਟ ਸਾਬ੍ਹ ਨੂੰ ਲਾਇਆ।

ਬਾਬਾ ਜੀ ਉਹਨਾਂ ਦਾ ਕਈ ਕੁਝ ਬਰਦਾਸ਼ਤ ਕਰਦੇ ਆਏ ਸਨ, ਹੁਣ ਤੱਕ। ਚਾਚਾ ਅਮਰਜੀਤ ਨਾਲ ਉਹਨਾਂ ਦੇ ਮਨੋ-ਕਲਪਿੱਤ ਜੁੱਟ-ਮੱਲ ਨੂੰ ਸਹਿੰਦੇ-ਸਹਾਰਦੇ ਆਏ ਸਨ। ਪਰ, ਲਾਟ ਸਾਬ੍ਹ ਦੀ ਮਾਣ-ਇੱਜ਼ਤ ਚ ਬੋਲਿਆ ਇਕ ਵੀ ਸ਼ਬਦ....।? ਆਏ, ਗਏ, ਗਏ...।

ਉਸ ਦਿਨ ਤੋਂ ਉਹ ਜਿਵੇਂ ਬਾਬਾ ਜੀ ਨੂੰ ਸੱਪ-ਸਪੋਲੀਏ ਦਿੱਸਣ ਲੱਗ ਪਏ ਸਨ। ਉਹਨਾਂ ਦੇ ਆਸ-ਪਾਸ ਰੀਂਗਦੇ-ਸਰਕਦੇ ਜ਼ਹਿਰੀ ਨਾਗ਼। ਜਿਹਨਾਂ ਦੀ ਹੋਂਦ ਤੋਂ ਬਾਬਾ ਜੀ ਨੂੰ ਕਿੰਨਾ ਸਾਰਾ ਡਰ ਵੀ ਆਉਣ ਲੱਗ ਪਿਆ ਸੀ।

ਅੰਦਰ ਵਿਗਸੇ ਭੈਅ ਦੇ ਪ੍ਰਛਾਵੇ ਚ ਘਿਰੇ ਬਾਬਾ ਜੀ ਨੇ ਨਾਜ਼ਰ-ਪਾਖ਼ਰ-ਫੱਲੀ ਅੱਡਰੂ ਨੂੰ ਸੰਧਣ-ਸਿੱਧਣ ਦੀ ਜਾਣੋਂ ਕਸਮ ਹੀ ਖਾ ਲਈ। ਹਰ ਵਿੰਗੇ-ਸਿੱਧੇ ਢੰਗ ਨਾਲ।

ਕੋਈ ਵੀ ਹੱਥ ਲੱਗਾ ਮੌਕਾ ਉਹਨਾਂ ਹੱਥੋਂ ਨਹੀਂ ਸੀ ਜਾਣ ਦਿੱਤਾ।

..... ਸ਼ੇਰ ਖਾਂ ਦੀ ਹਵੇਲੀ ਦੀ ਸਾਰੀ ਸਾੜ-ਫੂਕ ਵੀ ਨਾਜ਼ਰ-ਪਾਖ਼ਰ-ਫੱਲੀ-ਅੱਛਰੂ ਸਿਰ ਸਿੱਧੀ

ਮੜ੍ਹ ਦਿੱਤੀ।

ਅੱਗੋ ਉਹਨਾਂ ਵੀ ਕਿਸੇ ਤਰ੍ਹਾਂ ਦਾ ਕੋਈ ਗਿਲਾ, ਕਈ ਉਜਰ ਨਾ ਕੀਤੀ।

ਨੈਰੋਵਾਲ ਦੀ ਲੁੱਟ-ਮਾਰ ਦਾ ਸਾਰਾ ਮਾਲ-ਅਸਬਾਬ ਉਹਨਾਂ ਅਗਲੇ ਦਿਨ ਹੀ ਬਾਬਾ ਜੀ ਸਾਹਮਣੇ ਲਿਆ ਰੱਖਿਆ।

ਸ਼ੇਰ ਖਾਂ ਤੱਕ ਅੱਪੜਦਾ ਹੋਣ ਦੀ ਮਨਸ਼ਾ ਨਾਲ ਲੀੜਾ-ਕੱਪੜਾ , ਭਾਂਡਾ ਠੀਕਰ, ਦਾਣਾ ਫੱਕਾ, ਸਿਵਾ ਹਲ ਹੜਨਾੜੀਆਂ।

ਮੱਝਾਂ ਗਈਆਂ ਉਹ ਪਹਿਲਾਂ ਹੀ ਦੇਬੂ ਨਾਨਕੂ-ਰੁਲਦੂ ਜਾਂ ਪਾਸ਼ੀ-ਤੋਸ਼ੀ ਦੇ ਘਰੀਂ ਵਿਹੜੀ ਬੰਨ੍ਹ ਆਏ ਸਨ, ਗੀਤਾ ਰਾਣੀ ਦੇ ਬਾਲ-ਬੱਚੇ ਸਾਹਮਣੇ ਖਾਧੀ ਕਸਮ ਸਦਕਾ।

ਬਾਬਾ ਜੀ ਉਹਨਾਂ ਦੇ ਭੋਲੇਪਨ ਤੇ ਹੱਸੇ ਜ਼ਰੂਰ, ਪਰ ਅੰਦਰੋ-ਅੰਦਰ। ਉਹਨਾਂ ਲੁਕਵੀਂ ਖੁਸ਼ੀ ਬਾਹਰ ਨਾ ਆਉਣ ਦਿੱਤੀ। ਸੁਰਖ਼-ਗਹਿਰੀਆਂ ਅੱਖਾਂ ਉਸੇ ਤਰ੍ਹਾਂ ਲਾਲ ਕੀਤੀ ਰੱਖੀਆਂ।

ਨਾਜ਼ਰ ਪਾਖ਼ਰ-ਫ਼ੱਲੀ-ਅੱਛਰੂ ਨੂੰ ਜਿਵੇਂ ਕਿਸੇ ਚੀਜ਼-ਵਸਤ ਅਮਰਅਜੀਤ ਨਾਲ ਨੱਥੀ ਹੋਏ ਦੂਰ ਦੀ ਸੋਚਣ ਲੱਗ ਪਏ ਸਨ। ਸਿਰੇ ਦੀ ਮਾਰ-ਧਾੜ ਬਾਰੇ।

ਉਹ ਤਾਂ ਸੱਚ-ਮੁੱਚ ਉਸਨੂੰ ਵੱਡਾ ਚੋਰ-ਵੱਡਾ ਡਾਕੂ ਸਮਝਣ ਲੱਗ ਪਏ ਸਨ। ਉਹਨਾਂ ਦੇ ਕਾਰ-ਕਿੱਤੇ ਦਾ ਮਾਹਿਰ।

ਚਾਚਾ ਜੀ ਨੂੰ 'ਮਿਲਣ' ਲਈ ਉਹਨਾਂ ਦੇਬੂ-ਨਾਨਕੂ-ਰੁਲਦੂ ਜਾਂ ਪਾਸ਼ੀ ਤੋਸ਼ੀ ਨੂੰ ਕੱਲੇ-ਕੱਲੇ ਨੂੰ ਫਰਮਾਇਸ਼ ਪਾਈ-"ਅੰਬੂ ਜਦ ਵੀ ਆਏ ਦੱਸਿਓ ਜ਼ਰੂਰ..... ਕੰਮ ਆ ਜ਼ਰੂਰੀ.... ਭੁਲਿਓ ਨਾ.....".

ਅੱਗੋਂ ਦੇਬੂ-ਨਾਨਕੂ-ਰੁਲਦੂ ਜਾਂ ਪਾਸ਼ੀ-ਤੋਸ਼ੀ ਨੇ ਵੀ ਕੋਈ ਢਿੱਲ ਨਾ ਦਰਸਾਈ।

ਅਗਲੀ ਵੇਰ ਜਦ ਅਮਰਅਜੀਤ ਪਿੰਡ ਆਇਆ। ਉਹਨਾਂ ਉਸੇ ਵੇਲੇ ਨਾਜ਼ਰ-ਪਾਖ਼ਰ-ਫ਼ੱਲੀ-ਅੱਛਰੂ ਨੂੰ ਖ਼ਬਰ ਕਰ ਦਿੱਤੀ। ਉਹਨਾਂ ਨੂੰ ਬਾਹਰ ਬੁਲਾ ਲਿਆ ਖੂਹ ਤੇ'ਝਿੜੀ ਲਾਗਲੇ ਹਲਟ ਤੇ। ਹਵੇਲੀਉਂ ਕਾਫ਼ੀ ਸਾਰੀ ਹਟਵੀਂ ਥਾਂ, ਵੱਲਾ-ਰਿੱਤੇ ਜਿਹੇ।

ਥੋੜਾ ਕੁ ਚਿਰ ਤਾਂ ਨਾਜ਼ਰ-ਪਾਖ਼ਰ-ਫ਼ੱਲੀ-ਅੱਛਰੂ ਚਾਚਾ ਜੀ ਨੂੰ ਸੁਣਦੇ-ਸਮਝਦੇ ਰਹੇ। ਥੋੜਾ ਕੁ ਧਿਆਨ ਨਾਲ, ਵਿਚਕਾਰ ਬੇ-ਧਿਆਨੇ। ਪਰ, ਛੇਤੀ ਹੀ ਉਹ ਜਿਵੇਂ ਉਕੱਤਾ ਜਿਹਾ ਗਏ ਹੋਣ-"ਚਲ ਛੱਡ ਕਰ ਭਾਅ.... ਹੁਣ ਥੱਕ ਗਿਆ ਹੋਣਾ। ਚੱਲ-ਚੱਲੀਏ ਘਰ, ਖੋਅ ਪੀਆ ਹੋਣ ਨੂੰ ਫਿਰਦਆ . . .। ਰੋਟੀ ਪਾਣੀ ਖਾਈਏ ਚਲ ਕੇ।"

ਚਾਚਾ ਜੀ ਨੂੰ ਉਹਨਾਂ ਦੇ ਛਿਨ-ਭੰਗਰੀ ਵਰਤਾਰੇ ਤੋਂ ਘਬਰਾਏ ਨਈਂ, ਨਿਰਾਸ ਨਾ ਹੋਏ। ਉਹ ਵਾਰ ਵਾਰ ਉਹਨਾਂ ਨੂੰ ਮਿਲਦੇ-ਟੱਕਰਦੇ ਰਹੇ। ਉਹਨਾਂ ਦੇ ਘਰਾਂ-ਵਿਹੜਿਆਂ ਤੱਕ ਵੀ ਪੁੱਜਦੇ ਰਹੇ।

ਉਹ ਜਾਣਦੇ ਸਨ-'ਏਹ ਥੁੜੀ-ਟੁੱਟੀ ਜ਼ਿਮੀ-ਮਾਲਕੀ ਭਾਸਣ ਨਈਂ ਐਕਸ਼ਨ ਚਾਹੁੰਦੀ ਐ ਐਕਸ਼ਨ.... ਤੱਤ-ਫੱਤਤ ਕਾਰਵਾਈ।

ਸਿੱਧੀ ਹੋਵੇ ਜਾਂ ਪੁੱਠੀ ਇਸ ਨਾਲ ਇਨ੍ਹਾਂ ਨੂੰ ਕੋਈ ਸਰੋਕਾਰ ਨਈਂ।'

ਬਾਬਾ ਜੀ ਨੂੰ ਇਸ ਗੱਲ ਦੀ ਸੂਹ ਮਿਲੀ ਤਾਂ ਉਹ ਇਕ-ਦਮ ਅੱਗ-ਭਬੂਕ ਹੋ ਉਠੇ-"ਕੀ ਤੂੰ ਪੁੱਠੇ ਕੰਮ ਫੜਿਓ ਆ.. ਕਦੀ ਕਿਤੇ ਵੜਿਆ ਰੈਨ੍ਹਾਂ ਕਦੀ ਕਿਤੇ ..। ਆਪਣਾ ਘਰ-ਹਵੇਲੀ ਦੇਂਦੀਆਂ ਵੱਢਦੇ ਆ ਤੈਨੂੰ

ਆਪਣਾ ਘ[illegible] ਹਵੇਲੀ ਸੱਚ-ਮੁੱਚ ਹੀ ਜਿਵੇਂ ਦੇਂਦੀਆਂ ਵੱਢਦੇ ਸਨ ਚਾਚਾ ਜੀ ਨੂੰ। .. ਪਿੰਡ ਸਾਰਾ [illegible] ਉਹਨਾ ਲਈ। ਲਾਹੌਰ ਪੜ੍ਹਨ ਜਾਣ ਵੇਲੇ ਤੋਂ ਲੈ ਕੇ ਹੁਣ ਤੱਕ। ਐਨੇ ਸਾਰੇ ਵਰ੍ਹੇ ਬੀਤ [illegible] ਪਿੰਡ ਵੀ ਉਹੀ ਰਾਜੇ. ਉਹੀ ਪਰਜਾ। ਉਹੀ ਸੁਭਾ ਉਹੀ ਕਿਰਦਾਰ ਉਹਨਾਂ ਦੀ



ਘਰ-ਹਵੇਲੀ ਦਾ।

ਜੋ ਥੋੜੀ ਬਹੁਤ ਅਦਲਾ-ਬਦਲੀ ਹੋਈ ਸੀ, ਤਾਂ ਬੱਸ ਐਨੀ ਕੁ ਕਿ ਬਾਬਾ ਜੀ ਥਾਂ ਹੁਣ ਦਾਰ ਜੀ ਬੈਠਦੇ ਸਨ, ਬਹੁਤਾ ਚਿਰ ਚੁਬਾਰੇ ਚ। ਉਹ ਹੀ ਹਾਰ-ਫੁੱਲ ਲੈ ਕੇ ਖੜੋਂਦੇ ਸਨ, ਸਟੇਸ਼ਨ ਤੇ, ਬੱਸ ਅੱਡੇ ਤੇ। ਲੰਘਦੇ-ਵੜਦੇ ਮੰਤਰੀਆਂ, ਮਹਾਂ-ਮੰਤਰੀਆਂ ਨੂੰ ਜੀ-ਆਇਆਂ, ਅਲਵਿਦਾ ਕਹਿਣ ਲਈ। ਕਾਫ਼ੀ ਸਾਰਾ ਕੱਠ ਮੱਠ ਖੜਾ ਕਰਕੇ।

ਇਸ ਕੱਠ ਮੱਠ ਚ ਜੇ ਕਿਸੇ ਨੂੰ ਕੋਈ ਦੁੱਖ-ਤਕਲੀਫ਼ ਕੋਈ ਔਖ-ਮੁਸ਼ਕਲ ਹੁੰਦੀ ਵੀ ਤਾਂ ਉਸਨੂੰ ਗੀਤਾ-ਰਾਣੀ ਵਾਂਗ ਉਨ੍ਹਾਂ ਚਿਰ ਚੁੱਪ ਰਹਿਣ ਦੀ ਹਦਾਇਤ ਹੁੰਦੀ, ਜਿੰਨਾ ਚਿਰ ਕਾਰ-ਕਾਫ਼ਲਾ ਲੰਘ ਨਾ ਜਾਂਦਾ।

ਰੇਲ-ਲਾਈਨ, ਰੇਲ-ਲਾਈਨ ਦੇ ਸਮਾਂਨੰਤਰ ਬਣੀ ਪੱਕੀ ਸੜਕ ਤਾਂ ਹਰ ਕਿਸੇ ਨੂੰ ਸਭ ਅੱਛਾ ਦਾ ਪ੍ਰਭਾਵ ਦੇ ਕੇ ਮੁੜ ਆਪਣੇ ਆਪਣੇ ਫ਼ਿਕਰ ਚ ਡੁੱਬ ਜਾਂਦੀਆਂ, ਪਰ ਦਾਰ ਜੀ .... ਦਾਰ ਜੀ ਪੂਰੀ ਤਰ੍ਹਾਂ ਚਿੰਤਾ-ਮੁਕਤ ਹੋਏ ਚੁਬਾਰੇ ਚ ਆ ਬੈਠਦੇ।

ਬਾਬਾ ਜੀ ਦੀ ਕੁਰਸੀ ਤੇ।

ਕੁਰਸੀ ਨਾਲ ਡਿੱਠੇ ਟੇਬਲ ਸਾਹਮਣੇ। ਟੇਬਲ ਉੱਪਰ ਸਜੇ ਖਾਣ-ਪੀਣ ਦੇ ਸਾਜ਼ੋ-ਸਮਾਨ ਸਾਹਮਣੇ।

ਨੈਣੋਂਵਾਲੀਆ ਅਰਮਿੰਦਰਪਾਲ ਆਮ ਕਰਕੇ ਉਹਨਾਂ ਨਾਲ ਹੁੰਦਾ। ਦਾਰ ਜੀ ਵੀ ਦੂਜੇ ਚੌਥੇ ਪਹੁੰਚ ਜਾਂਦੇ ਨੈਣੋਂਨਵਾਲਾ 'ਸ਼ੇਰ ਖਾਂ ਦੀ ਹਵੇਲੀ'। ਸ਼ੇਰ ਖਾਂ ਦੀ ਹਵੇਲੀ ਹੁਣ ਮੁੜ ਤੋਂ ਆਬਾਦ ਸੀ। ਅਰਮਿੰਦਰਪਾਲ ਦੇ ਆਉਣ ਨਾਲ ਪਾਰੋਂ। ਆਬਾਦ ਹੀ ਨਹੀਂ ਪੂਰੀ ਤਰ੍ਹਾਂ ਲਿਸ਼ਕ-ਪੁਸ਼ਕ ਗਈ ਸੀ। ਉਸਨੂੰ ਅਲਾਟ ਹੋਈ ਜਾਗੀਰ ਵਾਂਗ। ਦਾਰ ਜੀ ਦੇ ਮੁਰੱਬੇ ਵਾਂਗ। ਹਲਟਾਂ ਦੀ ਥਾਂ ਬੰਬੀਆਂ ਚੱਲਦੀਆਂ ਸਨ, ਓਧਰ ਵੀ ਏਧਰ ਵੀ। ਤੇ ਹਲਾਂ ਦੀ ਥਾਂ ਟਰੈਕਟਰ ਦੋਨੀਂ ਪਾਸੀਂ। ਸੂਏ ਦਾ ਪਾਣੀ ਅਜੇ ਵੀ ਉਨੇ ਕੁ ਖੇਤਾਂ ਨੂੰ ਲਗਦਾ ਸੀ, ਜਿਹਨਾਂ ਨੂੰ ਪਹਿਲੋਂ ਲਗਦਾ ਸੀ, ਸ਼ੇਰ ਖਾਂ ਵੇਲੇ।

ਉਂਞ ਦਾਰ ਜੀ ਨੇ ਇਸ ਵੰਨੀ ਕਦੀ ਬਹੁਤਾ ਧਿਆਨ ਨਹੀਂ ਸੀ ਦਿੱਤਾ। ਉਹ ਤਾਂ ਬੱਸ ਬੈਠਣ ਖ਼ਾਤਰ ਹੀ ਬੈਠਦੇ ਸਨ, ਚੁਬਾਰੇ ਚ। ਉਹ ਵੀ ਜਦ ਪਿੰਡ ਹੋਣ। ਉਹਨਾਂ ਕਦੀ ਕਿਸੇ ਨੂੰ ਹੋਕਰਾ ਨਹੀਂ ਸੀ ਮਾਰਿਆ- ਗਧਿਆ, ਜਨੌਰਾ, ਡੰਗਰਾ ਜਾਂ ਬੇਵਕੂਫਾ ਆਖ ਕੇ, ਦੇਬੂ-ਨਾਨਕੂ-ਰੁਲਦੂ ਜਾਂ ਪਾਸ਼ੀ-ਤੋਸ਼ੀ ਦੇ ਪੁੱਤਰ-ਧੀ 'ਚੋਂ ਕਿਸੇ ਨੂੰ ਵੀ, ਆਪ ਤੇ ਉਨ੍ਹਾਂ 'ਚੋਂ ਰਿਹਾ ਕੋਈ ਨਹੀਂ ਸੀ ਜੀਉਂਦਾ। ਮਰ -ਮੁੱਕ ਗਏ ਸਨ, ਵਕਤੋਂ ਪਹਿਲਾਂ ਹੀ।

ਬੱਸ ਏਨਾ ਕੁ ਚਿਰ ਜੀਊਂਦੀ ਐ ਡੋਲਦੇ-ਡੁਲਕਦੇ ਅੰਗਾਂ-ਪੈਰਾਂ ਵਾਲੀ ਕਾਮਾਂ-ਕੰਮੀਂ ਜਮਾਤ।

ਖੇਤੀ ਕੰਮਾਂ ਦੀ ਦੇਖ-ਭਾਲ ਵੀ ਜੀਤ ਸੂੰਹ ਕਰਦਾ ਸੀ। ਜੀਤ ਸੂੰਹ ਮੁਣਸੀ। ਉਹਦੇ ਕੋਲ ਹੀ ਸਾਰਾ ਲੈਣ-ਦੇਣ। ਉਹਦੇ ਕੋਲ ਹੀ ਬਹੀ-ਖਾਤਾ। ਦਾਰ ਜੀ ਨੂੰ ਜਦ ਵੀ ਲੋੜ ਹੁੰਦੀ, ਜਿੰਨੀ ਲੋੜ ਪੈਂਦੀ, ਜੀਤ ਸੂੰਹ ਝੱਟ ਹੇਠਾਂ-ਉਤਾਂਹ ਕਰਦਾ।

ਦਾਰ ਜੀ ਦੇ ਜਸ਼ਨ-ਫੰਕਸ਼ਨ ਲੜੀ ਵਾਰ ਜਾਰੀ ਰੱਖਦਾ।

ਦਾਰ ਜੀ ਦੇ ਖਰਚ-ਵਰਤਾਰਾ ਦੇਖ ਕੇ ਬਾਬਾ ਜੀ ਰਹਿੰਦਾ ਈ ਢੇਰੀ ਹੋ ਗਏ। ਆਪ ਤਾਂ ਉਨ੍ਹਾਂ ਐਹੋ ਜਿਹੀ ਫਜ਼ੂਲ ਖਰਚੀ ਉਮਰ ਭਰ ਨਹੀਂ ਸੀ ਕੀਤੀ। ਉਨ੍ਹਾਂ ਕਦੀ-ਕਦਾਈ ਜੇ ਚਾਰ-ਯਾਰ ਇਕੱਠ ਵੀ ਕੀਤੇ, ਸੱਦੇ ਬੁਲਾਏ ਵੀ ਆਪਣੀ ਹਵੇਲੀ, ਤਾਂ ਐਨ ਆਪਣੇ ਵਰਗੇ ਆਪਣੇ ਬਰਾਬਰ। ਉੱਚੇ-ਵੱਡੇ ਰੁਤਬੇ ਵਾਲੇ।

ਦਾਰ ਜੀ ਦੇ ਜਸ਼ਨਾਂ-ਫੰਕਸ਼ਨਾਂ 'ਚ ਆ ਜੁੜਦੀ ਲੂਲੀ-ਭਠਿਆਰੀ ਤਾਂ ਉਨ੍ਹਾਂ ਦੀ ਸੁੱਖ-ਸ਼ਾਂਤੀ ਹੀ ਭੰਗ ਕਰਦੀ ਗਈ। ਤੰਗ-ਪ੍ਰੇਸ਼ਾਨ ਤਾਂ ਪਹਿਲਾਂ ਵੀ ਘੱਟ ਨਹੀਂ ਸਨ ਉਹ ਅਮਰਜੀਤ ਹੱਥੋਂ ਨਾਲ

ਅਸਲਮ ਸ਼ੇਰ ਖਾਂ ਵਰਗਾ ਵੱਡਾ ਅਫ਼ਸਰ ਬਣ ਕੇ ਦਿਖਾਇਆ ਸੀ ਉਹਨੇ, ਨਾ ਜਾਗੀਰ-ਮੁਰੱਬੇ ਦੀ ਸਾਂਭ-ਸੰਭਾਲ 'ਚ ਬਾਬਾ ਜੀ ਦਾ ਸਾਥ ਦਿੱਤਾ ਸੀ।

ਦਾਰ ਜੀ ਨੇ ਥੋੜ੍ਹਾ ਬਹੁਤ ਸਾਥ ਦਿੱਤਾ ਈ ਦਿੱਤਾ ਤਾਂ ਭਰੇ-ਭਰੂਤੇ ਖੇਤਾਂ ਦੀ ਉਪਜ-ਆਮਦਨ, ਉਨ੍ਹਾਂ ਪਾਠਾਂ-ਅਖੰਡਪਾਠਾਂ, ਜਸ਼ਨਾਂ-ਸਮਾਗਮਾਂ ਤੇ ਖਰਚ ਕਰਨੀ ਸ਼ੁਰੂ ਕਰ ਦਿੱਤੀ।

ਬਾਬਾ ਜੀ ਨੇ ਉਨ੍ਹਾਂ ਨੂੰ ਰੋਕਿਆ-ਟੋਕਿਆ ਵੀ ਕਈ ਵਾਰ। ਗੁੱਸੇ-ਰਾਜ਼ੀ ਵੀ ਹੋਏ। ਪਰ ਦਾਰ ਜੀ ਨੇ ਉਨ੍ਹਾਂ ਦੀ ਦਬਕ-ਝਿੜਕ ਇਕ-ਕੰਨੋਂ ਸੁਣੀ, ਦੂਜੇ ਕੰਨੋਂ ਉਸੇ ਵਲੇ ਬਾਹਰ ਕੱਢ ਛੱਡੀ।

ਇਨ੍ਹਾਂ ਸਦਕਾਂ ਹੀ ਤਾਂ ਉਨ੍ਹਾਂ ਦਾ ਕੱਦ-ਕਾਠ ਬਣਿਆ ਸੰਵਰਿਆ ਸੀ। ਇਸੇ ਹੀਲੇ-ਵਸੀਲੇ ਹੀ ਉਹ ਕਿਤੇ ਦੇ ਕਿਤੇ ਪਹੁੰਚੇ ਸਨ।

ਪੰਚੀ-ਸਰਪੰਚੀ ਤੋਂ ਤੁਰਿਆ ਅਰਮਿੰਦਰਪਾਲ ਤਾਂ ਖ਼ੈਰ ਜ਼ਿਲ੍ਹਾ ਪ੍ਰਧਾਨਗੀ ਤੱਕ ਹੀ ਅਪੜਿਆ, ਪਰ ਦਾਰ ਜੀ, ਦਾਰ ਜੀ ਕਾਫ਼ੀ ਸਾਰਾ ਅਗਾਂਹ ਲੰਘ ਗਏ ਸਨ, ਰਾਜਧਾਨੀ ਵੱਲ ਨੂੰ।

ਪੂਰੇ ਰਾਜ ਦੀ ਇਕ ਅਹਿਮ-ਖ਼ਾਸ ਕੁਰਸੀ ਵੱਲ ਨੂੰ। ਦੋ ਚਾਰ ਅੰਗ-ਰਾਖੇ ਹਰ ਵੇਲੇ ਉਨ੍ਹਾਂ ਦੇ ਅੱਗੇ-ਪਿਛੇ ਹੁੰਦੇ। ਗੋਲੀ-ਸਿੱਕੇ ਨਾਲ ਲੈਸ। ਖ਼ਾਸ ਕਰ ਪਿੰਡ ਆਇਆ, ਘਰ-ਹਵੇਲੀ ਪਹੁੰਚਿਆ।

ਘਰ ਹਵੇਲੀ ਪਹੁੰਚ ਕੇ ਫਿਰ ਉਹੀ ਮੇਲਾ, ਉਹੀ ਕੱਠ-ਮੱਠ। ਉਸੇ ਤਰ੍ਹਾਂ ਖਰਚ-ਖਰਾਬਾ। ਨਾ ਦਿਨੇ ਚੈਨ, ਨਾ ਰਾਤ।

ਨਾਜ਼ਰ-ਪਾਖਰ-ਫੁੱਲੀ-ਅੱਛਰ ਏਧਰ ਵੰਨੀ ਵੀ ਸਭ ਤੋਂ ਮੂਹਰੇ।

ਚਾਚਾ ਜੀ ਨੂੰ ਛੱਡ-ਛਡਾ ਕੇ ਹੁਣ ਦਾਰ ਜੀ ਦੇ ਅੱਗੇ-ਪਿੱਛੇ। ਕਦੀ ਅਰਮਿੰਦਰਪਾਲ ਦੀ ਮੁੱਠੀ-ਚਾਪੀ। ਕਦੀ ਘਹਿਲਕਾਰਾਂ, ਅੰਗ-ਰਾਖਿਆਂ ਨਾਲ ਘਿਓ-ਖਿੱਚੜੀ।

ਬਾਬਾ ਜੀ ਨੂੰ ਉਨ੍ਹਾਂ ਦੀ ਇਸ ਵਾਰ ਦੀ ਰੰਗ-ਬਦਲੀ ਬੇ-ਹੱਦ ਅੱਖੜੀ। ਅੱਵਲ ਸੂਲ ਵਾਂਗ ਚੁਭੀ। ਉਨ੍ਹਾਂ ਦਾ ਸਿੱਧਾ-ਸਪਾਟ ਇਲਜ਼ਾਮ ਸੀ- 'ਬੜੀ ਢੀਠ ਮਿੱਟੀ ਲੱਗੀ ਐ ਏਸ ਬੇਸ਼ਰਮ ਟੋਲੇ ਨੂੰ। ਨਾ ਕਿਸੇ ਦੀ ਇੱਜ਼ਤ ਨਾ ਮਾਣ। ਨਾ ਕਿਸੇ ਨਾ ਵਫ਼ਾ ਨਾ ਯਾਰੀ। ਬੱਸ ਆਪਣਾ ਆਪ ਆਪਣੇ ਸੁਆਰਥ ਸਭ ਤੋਂ ਮੂਹਰੇ।... ਥਾਂ-ਕੁਥਾਂ ਰੁਲ੍ਹਦੇ ਹੁਣ ਐਧਰ ਆ ਵੜੇ, ਆ, ਵੱਡੀ ਹਵੇਲੀ। ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨਾਲ ਜੱਫੇ..."

ਕਈ ਵਾਰ ਉਨ੍ਹਾਂ ਦੇ ਮਨ 'ਚ ਆਈ ਵੀ ਕਿ ਚੁਬਾਰੇ 'ਚ ਸਾਂਭ ਰੱਖੀਆਂ ਦੋਨਾਂ ਰਾਈਫਲਾਂ ਵਿਚੋਂ ਕਿਸੇ ਇਕ ਨਾਲ ਹੋਰ ਨਈਂ ਤਾਂ ਹਵਾਈ ਫਾਇਰ ਕਰਕੇ ਆਪਣੀ ਜ਼ੈਲਦਾਰੀ-ਵਿਡੱਤਣ ਦਾ ਸਬੂਤ ਦੇਣ।

ਛਾਰਕਾਂ-ਛਿੱਕਰਿਆਂ ਵਾਂਗ ਝਕਾਨੀ ਦੇ ਕੇ ਹਰ ਦੂਜੇ-ਚੌਥੇ ਉਨ੍ਹਾਂ ਦੀ ਹਵੇਲੀ ਆ ਬੈਠਦੇ ਨਾਜ਼ਰ-ਪਾਖ਼ਰ-ਫੱਨੀ-ਅੱਡਰੂ ਨੂੰ ਡਰਾ-ਧਮਕਾ ਕੇ ਕਿੱਧਰੇ ਦੂਰ-ਪਾਰ ਉੱਡਦਾ ਕਰਨ।

ਪਰ ਉਨ੍ਹਾਂ ਤੋਂ ਅਜ ਤੱਕ ਇਉਂ ਵੀ ਨਹੀਂ ਸੀ ਹੋ ਸਕਿਆ। ਘਰ-ਹਵੇਲੀ ਦੀ, ਪਿਤਾ-ਪੁਰਖ਼ਿਆ ਦੀ ਮਰਯਾਦਾ ਤੋੜੀ ਨਹੀਂ ਸੀ ਗਈ।

ਨਾਜ਼ਰ-ਪਾਖਰ-ਫੰਨੀ-ਅੱਛਰੂ ਨੂੰ ਆਏ ਦਿਨ ਸਿਰ ਚੜ੍ਹਦਿਆ ਦੇਖ ਕੇ ਬਾਬਾ ਜੀ ਦਾ ਅਮਨ-ਚੈਨ ਪਰ ਲਾ ਕੇ ਉਡਦਾ ਗਿਆ।

ਉਸ ਦਿਨ ਤਾਂ ਉਨ੍ਹਾਂ ਦੀ ਬਿਰਧ ਹੋਈ ਜਾਨ ਜਿਵੇਂ ਸਾਰੀ ਦੀ ਸਾਰੀ ਸੂਲੀ ਹੀ ਟੰਗੀ ਗਈ। ਉਸ ਦਿਨ ਚਾਨਣੀ ਰਾਤ ਦੇ ਅੰਤਲੇ ਪੱਖ ਨੂੰ ਠੰਡੀ ਸੀਤ ਧੁੰਦ ਨੇ ਨਹੀਂ ਸੀ ਘੇਰਿਆ। ਪਹੁਫੁਟਾਲੇ ਦੇ ਦੂਧੀਆ ਛਿੱਟੇ ਪਹਿਲੇ ਪਹਿਰ ਦੇ ਮੂੰਹ-ਚਿਹਰੇ ਤੇ ਡਿੱਗ ਕੇ ਐਧਰ ਓਧਰ ਖਿੱਲਰਨੇ ਸ਼ੁਰੂ ਹੋ ਗਏ ਸਨ। ਬਾਬਾ ਜੀ ਹਰ ਰੋਜ਼ ਵਾਂਗ ਸਵੇਰ ਦੀ ਸੈਰ ਲਈ ਤਿਆਰ ਹੋਏ ਵੱਡੇ ਦਲਾਨ ਤੋਂ ਬਾਹਰ ਨਿਕਲੇ ਹੀ ਸਨ



ਕਿ ਹਵੇਲੀ ਦੇ ਪਾਰਲੇ ਸਿਰੇ ਉਨ੍ਹਾਂ ਨੂੰ ਕੁਝ ਹਿਲ-ਜੁਲ ਹੁੰਦੀ ਦਿਸੀ। ਝੱਟ ਉਨ੍ਹਾਂ ਆਪਣੀ ਜਾਕਟ-ਜੇਬ 'ਚੋਂ ਨਿਗਾਹ ਦੀ ਐਨਕ ਕੱਢ ਕੇ ਅੱਖਾਂ ਤੇ ਟਿਕਦੀ ਕਰ ਲਈ।... ਨਾਜ਼ਰ-ਪਾਖ਼ਰ-ਫ਼ੱਲੀ-ਅੱਛਰੂ ਦਾਰ ਜੀ ਦੀ ਬੈਠਕੋਂ ਨਿਕਲ ਕੇ ਬਾਹਰਲੇ ਵੱਡੇ ਗੇਟ ਵਲ ਨੂੰ ਜਾ ਰਹੇ ਸਨ। ਹਰ ਇਕ ਦੇ ਹੱਥ 'ਚ ਇਕ-ਇਕ ਹਥਿਆਰ। ਕੋਈ ਛੋਟਾ ਕੋਈ ਵੱਡਾ। ਇਕ ਤੋਂ ਇਕ ਖ਼ਤਰਨਾਕ।

ਖੜੇ-ਖੜੋਤੇ ਬਾਬਾ ਜੀ ਦੇ ਪੈਰਾਂ ਹੇਠੋਂ ਜਿਵੇਂ ਧਰਤੀ ਖਿਸਕ ਗਈ। ਉਹ ਨਾ ਖੜੇ ਰਹਿਣ ਜੋਗੇ ਰਹੇ, ਨਾ ਹਵੇਲੀਉਂ ਬਾਹਰ ਜਾਣ ਲਈ ਇਕ ਵੀ ਪੈਰ ਪੁੱਟਿਆ ਗਿਆ। ਉਨ੍ਹਾਂ ਨੂੰ ਹੇਠਲੀ ਉੱਪਰ ਹੁੰਦੀ ਲੱਗੀ। ਅੰਦਰ-ਬਾਹਰ ਤੜਪ-ਉੱਠਿਆ।

ਤਰਲੋਮੱਛੀ ਹੋਏ ਉਹ ਪਹਿਲਾਂ ਦਾਰ ਜੀ ਦੇ ਕਮਰੇ ਵੱਲ ਨੂੰ ਤੁਰਨ ਹੀ ਲੱਗੇ ਸਨ, ਫਿਰ ਪਤਾ ਨਈਂ ਕੀ ਸੋਚ ਕੇ ਆਪਣਾ ਆਪ ਰੋਕ ਲਿਆ। ਉਹਨੀਂ ਪੈਰੀਂ ਖੂੰਟੀ ਟੇਕਦੇ, ਉਹ ਉੱਪਰ ਚਲੇ ਗਏ ਚੁਬਾਰੇ 'ਚ। ਅੰਦਰ ਅਜੇ ਥੋੜ੍ਹਾ ਕੁ ਹਨ੍ਹੇਰਾ ਸੀ। ਉਨ੍ਹਾਂ ਬੱਤੀ ਜਗਦੀ ਕਰ ਲਈ। ਮੇਜ਼ ਤੇ ਖਿਲਰਿਆ ਨਿੱਕ-ਸੁਕ ਉਨ੍ਹਾਂ ਖੂੰਟੀ ਨਾਲ ਹੇਠਾਂ ਡੇਗ ਮਾਰਿਆ। ਵੱਡੀ ਕੁਰਸੀ ਧੂਹ ਕੇ ਵੱਡੇ ਝਰੋਖੇ ਵੱਲ ਨੂੰ ਕਰ ਲਈ।

ਕੰਬਦੇ-ਡੋਲਦੇ ਹੱਥਾਂ ਨਾਲ ਝਰੋਖਾ ਖੋਲ੍ਹ ਉਨ੍ਹਾਂ ਦੂਰ ਤੱਕ ਨਿਗ੍ਹਾ ਘੁਮਾਈ।

ਹੇਠਾਂ ਨੱਕ ਵੱਲ ਨੂੰ ਖਿਸਕ ਆਈ ਐਨਕ ਥਾਂ ਸਿਰ ਕਰਦਿਆਂ ਅੰਬਾਂ-ਝਿੜੀਆਂ ਤੱਕ ਫੈਲੇ ਝੁਸਮੁਸੇ ਨੂੰ ਡੂੰਘੀ ਤਰ੍ਹਾਂ ਨਿਹਾਰਿਆ।... ਉਨ੍ਹਾਂ ਦੇ ਖੇਤ-ਮੁਰੱਬੇ ਉਵੇਂ ਦੇ ਉਵੇਂ ਸਨ। ਆਪਣੇ ਆਪ ਅੰਦਰ ਮਸਤ। ਬੇ-ਫ਼ਿਕਰ, ਬੇ-ਲਿਹਾਜ।

ਉਵੇਂ ਹੀ ਮੁਰੱਬਿਉਂ ਪਾਰਲਾ ਸੂਆ।

ਉਨ੍ਹਾਂ ਦੇ ਭਾਅ ਦਾ ਜਿਵੇਂ ਕੁਝ ਹੋਇਆ ਵਾਪਰਿਆ ਹੀ ਨਹੀਂ ਸੀ।

ਜੋ ਕੁਝ ਹੋਇਆ ਵਾਪਰਿਆ ਸੀ ਤਾਂ ਬਾਬਾ ਜੀ ਦੇ ਅੰਦਰ।

ਨਾਜ਼ਰ-ਪਾਖ਼ਰ, ਫੱਲੀ-ਅੱਛਰੂ, ਹੱਥੀ ਫੜੇ ਛੋਟੇ ਵੱਡੇ ਹਥਿਆਰ ਤਾਂ ਉਨ੍ਹਾਂ ਦੀ ਜਿੰਦ-ਜਾਨ ਨੂੰ ਫ਼ੀਤਾ-ਫ਼ੀਤਾ ਕਰ ਗਏ ਸਨ।... ਨਾਜਰ-ਪਾਖਰ-ਫੱਲੀ ਅੱਛਰੂ, ਬਾਬਾ ਜੀ ਲਈ ਅਜੇ ਤੱਕ ਉਹੀ ਸਨ-ਮੱਝਾਂ-ਗਾਵਾਂ, ਬਲਦ-ਡੰਗਰ ਖੋਲ੍ਹਣ ਚਰਾਉਣ ਵਾਲੇ ਚੋਰ-ਉਚੱਕੇ। ਸ਼ੇਰ ਖਾਂ ਦੀ ਹਵੇਲੀ-ਤਬੇਲੀ ਸਾੜਨ-ਫੂਕਣ ਵਾਲੇ ਡਾਕੂ-ਲੁਟੇਰੇ।

ਜਾਂ ਫਿਰ ਚਾਚਾ ਅਮਰਜੀਤ ਦੇ ਵਿਊਂਤੇ ਜਲਸੇ-ਜਲੂਸਾਂ, ਧਰਨਿਆਂ-ਮੁਜ਼ਾਹਰਿਆਂ 'ਚ ਬਾਹਾਂ ਉਲਾਰ-ਉਲਾਰ ਕੇ, ਸੰਘ ਪਾੜ ਕੇ ਜ਼ਿੰਦਾਬਾਦ-ਮੁਰਦਾਬਾਦ ਕਰਨ ਵਾਲੇ ਡੰਗਰ-ਚੋਰ, ਮੂੜ੍ਹ ਉਜੱਡ। ਇਕ ਨੰਬਰ ਦੇ ਲਾਈਲੱਗ।

ਉਨ੍ਹਾਂ ਦੇ ਅਬੂ ਨਾਲੋਂ ਵੀ ਦੋ ਰੱਤੀਆਂ ਆਵਾਰਾ!

ਪਰ, ਹੁਣ ਨਾ ਤਾਂ ਉਨ੍ਹਾਂ ਨੂੰ ਆਪਣਾ, ਆਪ-ਹੁੱਦਰਾ ਆਵਾਰਾਗਰਦ ਅਮਰਜੀਤ ਹੀ ਚੇਤੇ ਸੀ, ਨਾ ਖਰਚ-ਖੁਆਰ, ਘਰ-ਉਜਾੜੂ ਗੁਰਇੰਦਰਜੀਤ।

ਤਾਂ ਵੀ, ਕਿਧਰੋਂ ਬਾਬਾ ਜੀ ਦੇ ਕੰਨਾਂ 'ਚ ਚਾਚਾ ਅਮਰਜੀਤ ਦੇ ਢੇਰ ਚਿਰ ਪਹਿਲਾਂ ਬੇ-ਹੱਦ ਸਹਿਜ-ਭਰੇ, ਠਰੰਮੇ-ਭਰੇ ਬੋਲ ਮੁੜ ਤੋਂ ਆ ਗੂੰਜੇ-'ਏਹ ਠੂਹ-ਠਾਅ, ਵੱਡ-ਟੁੱਕ ਰਾਜਲੋਭੀ ਨਰਮਦਲੀਆਂ ਦੀ ਰਾਜਨੀਤੀ ਦਾ ਹਿੱਸਾ ਐ, ਸਾਡਾ ਨਈਂ। ਅਸੀਂ ਤਾਂ ਮੁੱਢ ਸ਼ੁਰੂ ਤੋਂ...।'

ਬਾਬਾ ਜੀ ਨੂੰ ਉਨ੍ਹਾਂ ਦਾ ਕੋਈ ਵੀ ਸ਼ਬਦ ਸੁਣਾਈ ਨਾ ਦਿੱਤਾ।

ਦਾਰ ਜੀ ਦੀ ਕੁਰਸੀ-ਦੌੜ ਵੱਲ ਤਾਂ ਉਨ੍ਹਾਂ ਦਾ ਧਿਆਨ ਤੱਕ ਨਹੀਂ ਸੀ ਗਿਆ।

ਉਨ੍ਹਾਂ ਦੀ ਸਾਰੀ ਦੀ ਸਾਰੀ ਸੁਰਤੀ ਬੱਸ ਨਾਜ਼ਰ-ਪਾਖ਼ਰ-ਫੱਲੀ-ਅੱਛਰੂ ਅੰਦਰ ਖਪਤ ਹੋਈ ਪਈ ਸੀ।

ਇਕ ਵਾਰ ਛਿਨ ਭਰ ਲਈ ਉਨ੍ਹਾਂ ਦੀ ਆਪਣੀ ਹੀ ਧਾਰਨਾ ਉਨ੍ਹਾਂ ਦੇ ਲਾਗੇ ਵੀ ਹੋ ਖੜੋਈ- 'ਧਰਤ-ਭੂਏਂ ਉਨ੍ਹਾਂ ਦੀ ਮਨਸਬਦਾਰੀਆਂ-ਜ਼ੈਲਦੀਆਂ ਉਨ੍ਹਾਂ ਦੇ ਘਰੀਂ ਵਿਹੜੀਂ ਤੇ ਰਾਖੇ ਰਖਵਾਲੇ,

ਰਖਵਾਲੇ ਭੁੱਖੀ ਨੰਗੀ ਜੱਟ ਮੁੰਢੀਰ!' ਪਰ, ਇਸ ਨੇ ਵੀ ਉਨ੍ਹਾਂ ਨੂੰ ਕੋਈ ਖ਼ਾਸ ਧਰਵਾਸ ਨਾ ਦਿੱਤਾ।

ਜੱਟ-ਮੁੰਢੀਰ ਹੱਥੀਂ ਫੜ ਨਵੇਂ-ਨਿਕੋਰ ਹਥਿਆਰ ਤਾਂ ਬੱਸ, ਜਿਵੇਂ ਉਨ੍ਹਾਂ ਦੀ ਆਨ, ਉਨ੍ਹਾਂ ਦੀ ਸ਼ਾਨ ਦੀ ਬੇ-ਅਦਬੀ ਕਰ ਗਏ ਸਨ।

ਬਾਹਰ ਦੂਰ ਤੱਕ ਨਿਗਾਹ ਟਿਕਾਈ, ਉਹ ਥੋੜ੍ਹਾ ਕੁ ਚਿਰ ਹੋਰ ਉਵੇਂ ਦੇ ਉਵੇਂ ਬੈਠੇ ਰਹੇ। ਡਾਵਾਂ ਡੋਲ। ਹਰ ਛਿੰਨ ਵਧਦੀ ਬੇ-ਚੈਨੀ ਉਨ੍ਹਾਂ ਨੂੰ ਰਤੀ ਭਰ ਟਿਕਾਅ ਨਹੀਂ ਸੀ ਆਉਣ ਦਿੰਦੀ।

ਖੁਲ੍ਹੇ ਪੱਲਿਆ ਦਾ ਇਕ ਸਾਰ ਸਹਾਰਾ ਲੈਂਦਿਆਂ, ਉਹ ਉੱਠਣ ਹੀ ਲੱਗੇ ਸਨ ਕਿ ਸਹਿਬਨ ਉਨ੍ਹਾਂ ਦੀ ਨਿਗਾਹ ਸ਼ੇਰ ਖਾਂ ਦੀ ਚਲਾਈ ਗੋਲੀ ਤੇ ਆ ਟਿਕੀ।

ਹੁਣ ਤੱਕ ਸਾਂਭ ਕੇ ਰੱਖੇ ਗੋਲੀ ਦੇ ਛੇਕ ਨੂੰ ਪੋਲਾ-ਪੋਲਾ ਪਲੋਸਦਿਆਂ ਉਨ੍ਹਾਂ ਦਾ ਜਿਵੇਂ ਗੱਚ ਹੀ ਭਰਿਆ ਗਿਆ।

ਫਿਰ, ਇਕ ਦਮ ਉਨ੍ਹਾਂ ਅੰਦਰ ਡੱਕ ਹੋਏ ਲਾਵੇ ਨੇ ਇਕ ਜ਼ੋਰਦਾਰ ਉਛਾਲਾ ਖਾਧਾ। ਆਪਣੇ ਆਪ ਤੇ, ਆਪਣੇ ਅੰਗਾਂ-ਪੈਰਾਂ ਤੇ ਉਨ੍ਹਾਂ ਦਾ ਰਤੀ ਭਰ ਵੀ ਕਾਬੂ ਨਾ ਰਿਹਾ।

ਕੁਰਸੀ ਆਸਰੇ ਖੜ੍ਹੀ ਖੂੰਟੀ ਉਨ੍ਹਾਂ ਚਲਾ ਕੇ ਪਰਾਂ ਵਗ੍ਹਾਹ ਮਾਰੀ। ਢਿੱਲੀ ਲੋਈ ਦੀ ਬੁੱਕਲ ਕੱਸ ਕੇ ਪਿਛਵਾੜਲੀ ਅਲਮਾਰੀ ਦੀ ਕੁੰਢੀ ਖੋਲ੍ਹੀ। ਸਾਹਮਣੇ ਲਟਕਦੀ ਦੋ-ਨਾਲੀ ਕੀਲੀਉਂ ਲਾਹ ਕੇ ਕੰਬਦੇ ਹੱਥਾਂ 'ਚ ਘੁੱਟ ਲਈ, ਫਿਰ... ਵਾਰੀ-ਵਾਰੀ ਘੋੜਾ ਨੱਪ ਕੇ, ਇਸ ਅੰਦਰਲੀਆਂ ਦੋਨੋਂ ਗੋਲੀਆਂ ਸ਼ੇਰ ਖਾਂ ਦੀ ਗੋਲੀ ਨਾਲ ਬਣੇ ਛੇਕ ਦੇ ਮੂੰਹ ਤੇ ਰੱਖ ਕੇ ਉਪਰਥੱਲੀ ਦਾਗ਼ ਦਿੱਤੀਆਂ।

ਘਰ-ਹਵੇਲੀ ਦੀ, ਪਿਤਾ-ਪੁਰਖਿਆਂ ਦੀ ਉਮਰ ਭਰ ਸਾਂਭੀ ਰੱਖੀ ਮਰਯਾਦਾ, ਘੜੀਆਂ-ਪਲਾਂ ਅੰਦਰ ਹੀ ਤੋੜ ਦਿੱਤੀ।

ਆਪਣੀ ਵੱਲੋਂ, ਉਨ੍ਹਾਂ ਨੇ ਜਿਵੇਂ ਕੌੜੇ-ਕੁਸੈਲੇ ਵਰਤਮਾਨ ਨੂੰ ਭੁੱਲਣ-ਵਿਸਰਨ ਦਾ ਯਤਨ ਕੀਤਾ ਹੋਵੇ। ਨਾਜ਼ਰ-ਪਾਖ਼ਰ-ਫੱਲੀ-ਅੱਛਰੂ ਹੱਥੋਂ ਜ਼ੈਲਦਾਰੀ-ਮਨਸਬਦਾਰੀ ਠਾਠ-ਚਿੰਨ੍ਹ ਖੋਹਣ-ਹਥਿਆਉਣ ਦਾ ਉਪਰਾਲਾ ਕੀਤਾ ਹੋਵੇ।

ਪਰ, ਵੱਡੇ ਤਾਕ 'ਚ ਹੋਏ ਛੋਟੇ ਛੇਕ ਦੀ ਥਾਂ ਤਾਂ ਹੋਰ ਵੀ ਕਿੰਨਾ ਵੱਡਾ ਮੋਘਾ ਹੋਇਆ ਪਿਆ ਸੀ। ਇਸ ਅੰਦਰ ਤਾਂ ਹੋਰ ਵੀ ਵੱਡੀਆਂ, ਹੋਰ ਵੀ ਤਿੱਖੀਆਂ ਛਿੱਲਤਰਾਂ ਉੱਗ ਆਈਆਂ ਸਨ—ਖੂੰਖਾਰ ਨੌਂਹਦਰਾਂ ਵਰਗੀਆਂ।

ਬਾਬਾ ਜੀ ਨੂੰ ਲੱਗਾ ਇਹ ਨੌਂਹਦਰਾਂ, ਪਲੋ-ਪਲੀ ਉਨ੍ਹਾਂ ਵੱਲ ਨੂੰ, ਉਨ੍ਹਾਂ ਦੇ ਖੇਤ-ਮੁਰੱਬੇ ਵੱਲ ਨੂੰ ਫੈਲ ਰਹੀਆਂ ਹਨ।

ਡਰੇ-ਸਹਿਮੇ ਬਾਬਾ ਜੀ ਨੇ ਦੇਬੂ-ਨਾਨਕੂ-ਰੁਲਦੂ ਜਾਂ ਪਾਸ਼ੀ-ਤੋਸ਼ੀ 'ਚ ਕਿਸੇ ਇਕ ਨੂੰ 'ਵਾਜ ਮਾਰੀ-ਗਧਿਆ ਜਨੌਰਾ, ਡੰਗਰਾ ਜਾਂ ਬੇ-ਬਕੂਫਾ ਆਖ ਕੇ।

ਪੂਰੀ ਗੜਕਵੀਂ ਸੁਰ 'ਚ।

ਉਨ੍ਹਾਂ ਵਿਚੋਂ ਕੋਈ ਵੀ 'ਹਾਜਰ' ਨਾ ਹੋਇਆ।

ਉਨ੍ਹਾਂ ਨੂੰ ਤਾਂ ਮਰਿਆ-ਗੁਜ਼ਰਿਆਂ ਵਰ੍ਹੇ ਬੀਤ ਗਏ ਸਨ।

ਹਵੇਲੀ ਦੇ ਹੇਠਲੇ ਹਿੱਸੇ 'ਚ ਉਪਰ ਪਹੁੰਚ ਘਰ ਦੇ ਸਾਰੇ ਜੀਅ, ਆਪਣੇ ਆਲੇ-ਦੁਆਲੇ ਖੜ੍ਹੇ ਦੇਖ ਕੇ ਬਾਬਾ ਜੀ ਦੀਆਂ ਹੈਰਾਨ-ਪ੍ਰੇਸ਼ਾਨ ਅੱਖਾਂ ਹੋਰ ਵੀ ਟੱਡੀਆਂ ਗਈਆਂ।

ਅੱਬੂ ਉਨ੍ਹਾਂ ਨੂੰ ਕਿਧਰੇ ਵੀ ਨੌਕਰਾਂ-ਚਾਕਰਾਂ 'ਚ ਕਿਸੇ ਵੀ ਨੌਕਰ ਖੜ੍ਹਾ ਦਿਖਾਈ ਨਾ ਦਿੱਤਾ।

ਖੜ੍ਹੇ-ਖੜ੍ਹੇ ਉਹ ਧੈਂਅ ਕਰਕੇ ਉਸੇ ਕੁਰਸੀ ਤੇ ਡਿੱਗਣ ਵਾਂਗ ਬੈਠ ਗਏ... ਤੇ ਬੈਠਦਿਆਂ ਸਾਰ ਬੇਹੋਸ਼ ਹੋ ਗਏ।

ਉਨ੍ਹਾਂ ਦੇ ਨੱਕ ਤੇ ਟਿਕੀ ਐਨਕ, ਢਿਲਕਦੀ-ਲੁੜਕਦੀ ਉਨ੍ਹਾਂ ਦੀ ਝੋਲੀ 'ਚ ਆ ਡਿੱਗੀ। ∗

(ਨੇੜੇ ਐਸ.ਡੀ.ਐਮ. ਦਫ਼ਤਰ, ਦਸੂਹਾ-144205, ਜ਼ਿਲ੍ਹਾ ਹੁਸ਼ਿਆਰਪੁਰ।)



ਸਿਰਜਣ ਪ੍ਰਕਿਰਿਆ

## ਕਵਿਤਾ ਵਿਚੋਂ ਕਵਿਤਾ

**ਹਰਭਜਨ ਸਿੰਘ ਹੁੰਦਲ**

1984 ਦੇ ਘੱਲੂ ਘਾਰਿਆਂ-ਭਰੇ ਸਾਲ ਦਾ ਪਹਿਲਾ ਮਹੀਨਾ। ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਇਹ ਕੁਲਹਿਣਾ ਸਾਲ ਆਪਣੀ ਬੁੱਕਲ ਵਿੱਚ ਕਿੰਨਾ ਕਹਿਰ, ਕਿੰਨਾ ਜ਼ਹਿਰ ਤੇ ਕਿੰਨੀਆਂ ਦੁਖਾਂਤਕ ਹਣੀਆਂ ਤੇ ਘਟਨਾਵਾਂ ਲੁਕੋਈ ਬੈਠਾ ਸੀ। ਅਤਿਵਾਦ ਦਾ ਭੂਤ ਬੋਤਲ ਚੋਂ ਨਿਕਲ ਚੁੱਕਾ ਸੀ ਪਰ ਹੁਣ ਇਹ ਦੁਬਾਰਾ ਬੋਤਲ ਵਿਚ ਪੈਣ ਤੋਂ ਇਨਕਾਰੀ ਸੀ। ਕਤਲਾਂ ਦੀ ਲੜੀ ਆਰੰਭ ਹੋ ਚੁੱਕੀ ਸੀ। ਅਖਬਾਰਾਂ ਦੀਆਂ ਸੁਰਖੀਆਂ ਏ. ਕੇ. ਸੰਤਾਲੀ ਦੇ ਖੂੰਖਾਰ ਕਾਲੇ ਕਾਰਿਆਂ ਨਾਲ ਭਰੀਆਂ ਹੁੰਦੀਆਂ ਸਨ। ਕਿਸਨੂੰ ਪਤਾ ਸੀ ਕਿ ਏਸ ਸਾਲ ਵਿੱਚ ਸਾਕਾ ਨੀਲਾ ਤਾਰਾ ਅਤੇ ਦਿੱਲੀ ਦੇ ਸਿੱਖ-ਵਿਰੋਧੀ ਕਾਲੇ ਕਾਰੇ ਵਾਪਰਨ ਵਾਲੇ ਸਨ।

ਉਦੋਂ ਤੀਕ ਪੰਜਾਬੀ ਸਾਹਿਤ ਵਿਚ ਨਕਸਲਵਾਦ ਦਾ ਤਪ-ਤੇਜ ਮੱਠਾ ਪੈ ਚੁੱਕਾ ਸੀ। ਕੱਲ੍ਹ ਦੇ ਕ੍ਰਾਂਤੀਕਾਰੀ ਅੱਜ ਦੇ ਕਬੀਲਦਾਰ ਬਣ ਚੁੱਕੇ ਸਨ। ਕਈ ਰੁਜ਼ਗਾਰ ਦੀ ਭਾਲ ਵਿਚ ਸੱਤ-ਸਮੁੰਦਰ ਟੱਪ ਕੇ ਬਾਹਰ ਜਾ ਚੁੱਕੇ ਸਨ। ਬਹੁਤਿਆਂ ਨੇ ਸਰਕਾਰੀ ਨੌਕਰੀਆਂ ਕਰ ਲਈਆਂ ਸਨ। ਵੇਖਦੇ ਹੀ ਵੇਖਦੇ ਕਿੰਨਾ ਕੁਝ ਬਦਲ ਚੁੱਕਾ ਸੀ। ਨਕਸਲਵਾਦੀ ਗਰੁੱਪ ਟੁੱਟਦੇ ਭੱਜਦੇ ਕਈ ਸਬ-ਗਰੁੱਪਾ ਵਿਚ ਤਕਸੀਮ ਹੋ ਚੁੱਕੇ ਸਨ। ਗੱਲ ਬਾਈ ਮੰਜੀਆਂ ਤੋ ਤੁਰ ਕੇ ਤੀਹ ਪਲੰਘਾਂ ਤੀਕ ਪਹੁੰਚ ਚੁੱਕੀ ਸੀ ਤੇ ਹੁਣ ਅੰਤਰ-ਭ੍ਰਾਤ ਦਾ ਦੌਰ ਆਰੰਭ ਹੋ ਚੁੱਕਾ ਸੀ।

ਇਹਨਾਂ ਹੀ ਦਿਨਾਂ ਵਿੱਚ ਅਰਥਾਤ ਜਨਵਰੀ ਦੇ ਮਹੀਨੇ ਮੈਂ ਇੱਕ ਗ਼ਜ਼ਲ ਲਿਖੀ ਸੀ। ਗ਼ਜ਼ਲ ਦਾ ਤਾਂ ਨਾਂ ਹੀ ਸੀ। ਅਸਲ ਵਿੱਚ ਉਹ ਹਾਰੇ ਹੋਏ ਨਕਸਲਵਾਦੀਆਂ ਦੀ ਮਾਅਰਕੇ ਬਾਜ਼ ਸਿਆਸੀ ਲਾਈਨ ਤੇ ਇਕ ਵਿਅੰਗ ਸੀ। ਇਸ ਵਿਚ ਗ਼ਜ਼ਲ ਦੀ ਸੰਵੇਦਨਸ਼ੀਲਤਾ ਅਥਵਾ ਨਜ਼ਾਕਤ ਨਹੀਂ ਸੀ। ਠਾਹ ਸੋਟਾ ਮਾਰਨ ਵਾਲੀ ਗੱਲ ਸੀ। ਪਰ ਫੇਰ ਵੀ ਰਾਜਨੀਤਕ ਵਿਚਾਰ ਨੂੰ ਗ਼ਜ਼ਲ ਕਾਵਿ-ਰੂਪ ਵਿਚ ਢਾਲਣ ਦਾ ਇਕ ਅਸਫ਼ਲ ਯਤਨ ਤਾਂ ਸੀ ਹੀ ਨਾ।

ਪ੍ਰੋ. ਨਿਰੰਜਨ ਸਿੰਘ ਦੇਸੀ ਹੋਰਾਂ ਦੇ ਉੱਦਮ ਲਾਇਲਪੁਰ ਖਾਲਸਾ ਨਾਲ ਜਲੰਧਰ ਵਿਚ ਇੱਕ ਸਾਹਿਤਕ ਕਵੀ-ਦਰਬਾਰ ਰੱਖਿਆ ਗਿਆ ਸੀ। ਸਾਰੇ ਹੀ ਕਈ ਜੁਝਾਰੂ ਸੁਰ ਤੇ ਦਿੱਖ ਵਾਲੇ ਸਨ। ਸ਼ਾਇਦ 'ਪਾਸ਼' ਵੀ ਹਾਜ਼ਰ ਸੀ। ਨਾਲ ਹੀ ਦਰਸ਼ਨ ਖਟਕੜ, ਫਤਿਹਜੀਤ ਤੇ ਸੰਤ ਰਾਮ ਉਦਾਸੀ ਵੀ ਸਨ। ਸੁਰੀਲੀ ਤੇ ਉਚੀ ਸੁਰ ਵਿਚ ਰਾਜਸੀ ਕਵਿਤਾ ਗਾਉਣ ਕਾਰਨ ਉਦਾਸੀ ਦੀ ਪੂਰੀ ਚੜ੍ਹਤ ਸੀ। ਮੈਂ ਆਪਣੀ ਉਸ ਗ਼ਜ਼ਲ ਦੇ ਸ਼ਿਅਰ ਪੜ੍ਹੇ, ਜਿਹੜੀ ਮੈਂ ਏਸੇ ਹੀ ਮਹੀਨੇ ਅਰਥਾਤ 14-1-84 ਨੂੰ ਲਿਖੀ ਸੀ।

ਕਾਹਦੇ ਲਈ ਤਲਵਾਰ ਉਠਾਉਣੀ, ਕਿਸ ਤੇ ਤੀਰ ਚਲਾਉਣੇ ਨੇ?
'ਆਖਣ ਕਰਨਾ ਅਸੀਂ ਸਫਾਇਆ, ਪਿੱਠੂ ਪੂੰਜੀਦਾਰਾਂ' ਦਾ।
ਇੱਕਾ-ਦੁੱਕਾ ਤੀਰ ਚਾਲਏ ਨਹੀਂ ਨਿਸ਼ਾਨੇ ਤੇ ਲੱਗੇ,
ਘਟਿਆ ਭੋਰਾ ਨਹੀਂ ਫਾਸਲਾ, ਪੱਤਝੜ ਤੇ ਗੁਲਜ਼ਾਰਾਂ ਦਾ।
ਮਿੱਤਰ ਕੱਟ ਮਰੇ ਸੀ, ਪਰ ਤੂੰ, ਕਵਿਤਾਵਾਂ ਵੀ ਨਾ ਰਚੀਆਂ,
ਗੀਤਾਂ ਨਾਲ ਚੁਕਾ ਦੇ ਕਰਜ਼ਾ, ਵਿਛੜਿਆਂ ਦਿਲਦਾਰਾਂ ਦਾ।

(14-1-84)

ਬੰਬਾਂ ਤੇ ਬੰਦੂਕਾਂ ਨਾਲੋਂ, ਲੋਕੀਂ ਸ਼ਕਤੀਸ਼ਾਲੀ ਨੇ
ਭਰਮ-ਭੁਕਾਨਾ ਫਟ ਜਾਂਦਾ ਹੈ, ਅੱਲੜ ਦਾਹਵੇਦਾਰਾਂ ਦਾ

(14-1-84)

ਮੇਰੀ ਇਹ ਕਵਿਤਾ ਨਕਸਲਵਾਦੀਆਂ ਤੇ ਸਿੱਧਾ ਰਾਜਸੀ ਹਮਲਾ ਸੀ। ਮੈਨੂੰ ਖਦਸਾ ਸੀ ਕਿ ਇਸ ਤੇ ਰਾਜਸੀ ਬਹਿਸ ਭੜਕੇਗੀ। ਪਰ ਮੈਂ ਆਪਣੇ ਵਿਅੰਗ ਵਾਦੀ ਸੁਭਾਅ ਤੋਂ ਮਜ਼ਬੂਰ ਸੀ। ਕਵੀ-ਦਰਬਾਰ ਖ਼ਤਮ ਹੋਣ ਤੇ ਅਸੀਂ ਸਾਰੇ ਕਵੀ ਰੋਟੀ ਖਾਣ ਲਈ ਸਟੇਜ ਤੋਂ ਉੱਤਰ ਕੇ ਕਾਲਜ ਦੀ ਟੱਕ-ਸ਼ਾਪ ਵੱਲ ਜਾ ਰਹੇ ਸੀ। ਸੰਤ ਰਾਮ ਉਦਾਸੀ ਇਸ ਕਵਿਤਾ ਕਾਰਨ ਮੇਰੇ ਨਾਲ ਖਹਿਬੜਨ ਲੱਗ ਪਿਆ। ਠੀਕ ਭਾਂਤ ਤਾਂ ਯਾਦ ਨਹੀਂ, ਪਰ ਉਸਨੇ ਮੇਰੀ ਕਵਿਤਾ ਵਿਚਲੇ ਰਾਜਨੀਤਕ ਹਮਲੇ ਦਾ ਬੁਰਾ ਮਨਾਇਆ। ਗੱਲ ਤੂੰ ਤੂੰ, ਮੈਂ ਮੈਂ ਤੀਕ ਚਲੇ ਗਈ। ਚੰਗਾ ਹੋਇਆ ਕਿ ਕਿਸੇ ਹੋਰ ਕਵੀ ਨੇ ਸਾਡੀ

ਬਹਿਸ ਵਿਚ ਹਿੱਸਾ ਨਾ ਲਿਆ। ਗੱਲ ਵੀ ਤੁਰੇ ਜਾਦਿਆਂ ਹੋ ਰਹੀ ਸੀ। ਸਪੱਸ਼ਟ ਭਾਂਤ ਦੋ ਵਿਰੋਧੀ ਰਾਜਸੀ ਵਿਚਾਰਾਂ ਦੀ ਟੱਕਰ ਸੀ। ਪਰ ਬਹੁਤੇ ਕਵੀ ਚੁੱਪ ਹੀ ਰਹੇ। ਗੱਲ ਆਈ ਗਈ ਹੋ ਗਈ। ਰੋਟੀ-ਪਾਣੀ ਖਾ ਪੀ ਸਾਰੇ ਆਪਣੇ ਆਪਣੇ ਰਾਹੇ ਪੈ ਗਏ।

ਐਪਰ ਇਸ ਮਾਮੂਲੀ ਜੇਹੀ ਝੜਪ ਦਾ ਮੇਰੇ ਅੰਤਰ-ਮਨ ਤੇ ਡੂੰਘਾ ਪ੍ਰਭਾਵ ਪਿਆ। ਮੈਂ ਸੋਚੀ ਪੈ ਗਿਆ। ਦੋ ਚਾਰ ਦਿਨ ਮਨ ਵਿਚ ਅੰਦਰੂਨੀ ਕਸ਼ਮਕਸ਼ ਚੱਲਦੀ ਰਹੀ, ਅਖੀਰ ਇਸ ਕਵੀ-ਦਰਬਾਰ ਤੇ ਚੋਥੇ ਦਿਨ ਅਰਥਾਤ 18-1-84 ਨੂੰ ਇਕ ਪ੍ਰਭਾਵਸ਼ਾਲੀ ਲੰਮੇਰੀ ਕਵਿਤਾ ਦੇ ਰੂਪ ਵਿੱਚ, ਆਪ ਮੁਹਾਰੇ ਪ੍ਰਗਟ ਹੋਈ। ਮੇਰੇ ਲਈ ਇਹ ਮਾਨਸਿਕ ਅਤੇ ਸਿਰਜਣਾਤਮਿਕ ਤੌਰ ਤੇ ਨਵਾਂ ਵਰਤਾਰਾ ਸੀ। ਕਵਿਤਾ ਚੋਂ ਦੂਸਰੀ ਕਵਿਤਾ ਦਾ ਜਨਮ। ਕਰਮ ਪ੍ਰਤੀ-ਕਰਮ। ਇਸ ਕਵਿਤਾ ਦਾ ਨਾਂ ਸੀ 'ਇਨਕਲਾਬ' ਇਹ ਮੇਰੇ ਕਾਵਿ-ਸੰਗ੍ਰਹਿ, 'ਸ਼ਬਨਮ ਨਹੀਂ ਆਈ' ਵਿਚ ਸ਼ਾਮਿਲ ਹੈ,

ਇਨਕਲਾਬ ਖੇਤਾਂ ਵਿਚ
ਆਪ-ਮੁਹਾਰੀ ਉੱਗੀ ਖੁੰਬ ਨਹੀਂ
ਇਹ ਕੰਨਾਂ ਤੇ ਹੱਥ ਧਰ ਕੇ
ਲੰਮੀ ਹੇਕ ਵਿਚ ਗਾਈ ਕਵੀਸ਼ਰ ਦੀ ਕਲੀ ਨਹੀਂ,
ਨਾ ਸਾਉਣ ਮਹੀਨੇ ਮੀਂਹ ਵਿਚ ਨਿਕਲੀ
ਚੀਜ਼-ਵਹੁਟੀ ਹੈ।
ਤੇ ਨਾ ਡੋਲੀ ਤੁਰਦੀ ਕੁੜੀ ਦੀ ਆਖਰੀ ਹੂਕ
ਕਿ ਜਿਸ ਨੂੰ ਸੁਣ ਕੇ
ਚੁਬਾਰੇ ਦੀਆਂ ਇੱਟਾਂ ਤਿੜਕ ਜਾਣ।

ਪ੍ਰਸ਼ਨ ਪੈਦਾ ਹੁੰਦਾ ਸੀ ਕਿ ਜੇ ਇਨਕਲਾਬ ਇਹ ਨਹੀਂ ਸੀ ਤਾਂ ਫਿਰ ਇਹ ਕੀ ਸੀ। ਇਸ ਪ੍ਰਸ਼ਨ ਦਾ ਉੱਤਰ ਵੀ ਤਾਂ ਕਵਿਤਾ ਨੇ ਹੀ ਦੇਣਾ ਸੀ। ਸੋ ਵਿਚਾਰਾਂ ਦਾ ਪ੍ਰਵਾਹ ਅੱਗੇ ਤੁਰਦਾ ਗਿਆ।

ਇਹ ਹਜੂਮਾਂ ਦੇ ਹਜੂਮ ਦਾ
ਸਿਰ ਤਲੀ ਤੇ ਰੱਖ ਕੇ
ਗਲੀਆਂ ਵਿਚ ਨਿਕਲ ਆਉਣ ਦਾ ਉਪਰਾਲਾ ਹੈ।
ਘੋਲਾਂ ਵਿਚ ਰੜ ਕੇ ਨਿਕਲੇ ਮੋਹਰਲੇ ਦਸਤੇ ਦਾ
ਪੈਰ ਪੈਰ ਤੇ ਲੜਨ ਤੇ ਲੜਾਉਣ ਦਾ ਅਭਿਆਸ ਹੈ।
ਇਹ ਛੰਨਾ ਢਾਰਿਆਂ ਦਾ
ਪੁਰਾਣੀ ਤਰ੍ਹਾਂ ਨਾਲ ਜ਼ਿੰਦਗੀ ਜੀਣ ਤੋਂ
ਕੀਤਾ ਇਨਕਾਰ ਹੈ।
ਤਰੇੜੀ, ਕੱਲਰ-ਖਾਧੀ ਕੰਧ ਨੂੰ
ਰਲ ਕੇ ਮਾਰਿਆ ਧੱਕਾ ਹੈ
ਇਤਿਹਾਸ ਦੇ ਉਠ ਦਾ ਕਰਵਟ ਬਦਲਣਾ ਹੈ
ਥੱਕੇ ਬਲਦ ਦਾ
ਧਰਤੀ ਨੂੰ ਦੂਸਰੇ ਸਿੰਗ ਤੇ ਕਰਨ ਦੀ ਕੋਸ਼ਿਸ਼ ਹੈ,
ਇਨਕਲਾਬ ਤੇਰੇ ਵਰਗੇ 'ਜਮਾਂਦਰੂ-ਕ੍ਰਾਂਤੀਕਾਰਾਂ' ਦੀ
ਕੀਤੀ ਕਰਾਮਾਤ ਨਹੀਂ,
ਇਸ ਵਿੱਚ ਮੇਰੇ ਵਰਗੇ ਉੱਜੜੇ ਕਿਸਾਨਾਂ ਲਈ
ਵੀ ਬੜੀ ਥਾਂ ਹੈ। (ਪੰਨਾ 74-79)

ਖੁਦ ਮੇਰੇ ਲਈ ਵੀ ਇਹ ਵਰਤਾਰਾ ਨਵਾਂ ਸੀ। ਇੱਕ ਕਵਿਤਾ ਚੋਂ ਦੂਸਰੀ ਕਵਿਤਾ ਦਾ ਜਨਮ। ਨਜ਼ਮ-ਦਰ-ਨਜ਼ਮ। 'ਇਨਕਲਾਬ' ਨਾਂ ਦੀ ਇਹ ਲੰਮੀ ਕਵਿਤਾ ਤੁਰਦੀ ਵੀ ਅਛੂਤੇ ਅਤੇ ਨਵੇਂ ਨਵੇਂ ਬਿੰਬਾਂ ਦੇ ਸਹਾਰੇ ਸੀ। ਇਸ ਵਿੱਚ ਪਹਿਲੀ ਕਵਿਤਾ ਵਾਲਾ ਸਿੱਧਾ-ਸਪੱਸ਼ਟ ਰਾਜਸੀ ਹਮਲਾ ਨਹੀਂ ਸੀ। ਇਹ ਸੂਝ ਨੂੰ ਸਹਿਜ ਦੇ ਰੂਪ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਸੀ। ਇਕ ਨਵਾਂ ਪ੍ਰਯੋਗ।

ਕਈ ਵਾਰ ਖੁਦ ਕਵੀ ਨੂੰ ਵੀ ਕੋਈ ਇਲਮ ਨਹੀਂ ਹੁੰਦਾ ਕਿ ਕਿਸ ਘਟਨਾ ਹਾਦਸੇ ਜਾਂ ਮਾਨਸਿਕ ਖਿਚੋਤਾਣ ਵਿਚੋਂ ਕਿਹੜੀ ਨਵੀਂ ਕਵਿਤਾ ਨੇ ਜਨਮ ਲੈਣਾ ਹੁੰਦਾ ਹੈ। ਸਿਰਜਣ-ਕਾਰਜ ਦੇ ਭੇਤ ਕੀਹਨੇ ਪਾਏ ਹਨ? ਇਸ ਦੀ ਲੀਲਾ ਨਿਆਰੀ ਹੈ ਤੇ ਅਦਭੁੱਤ ਵੀ। (4-8-1999)



ਵਾਘਿਓਂ ਪਾਰ

## ਜੰਗ ਨਹੀਂ ਲੱਗੀ ਚੰਗਾ ਹੋਇਆ

-ਬਾਬਾ ਨਜਮੀਂ

ਜੰਗ ਨਹੀਂ ਲੱਗੀ ਚੰਗਾ ਹੋਇਆ
ਅੱਗ ਨਹੀਂ ਭੜਕੀ ਚੰਗਾ ਹੋਇਆ
ਖਿੜੀਆ ਫਸਲਾਂ
ਫੁੱਲਾਂ ਕਲੀਆਂ
ਸੜ ਜਾਣਾ ਸੀ
ਬੰਦੇ ਖਾਵਣ ਵਾਲੀਆਂ ਡੈਣਾਂ
ਸਾਡੇ ਘਰ ਘਰ ਵੜ ਜਾਣਾ ਸੀ
ਕਰਜ਼ਾ ਹੋਰ ਵੀ ਚੜ੍ਹ ਜਾਣਾ ਸੀ
ਸਾਡੇ ਬਾਲਾਂ ਡਰ ਜਾਣਾ ਸੀ।
ਲੱਖਾਂ ਲੋਕਾਂ ਮਰ ਜਾਣਾ ਸੀ

ਜੰਗ ਨਹੀਂ ਲੱਗੀ ਚੰਗਾ ਹੋਇਆ
ਅੱਗ ਨਹੀਂ ਭੜਕੀ ਚੰਗਾ ਹੋਇਆ
ਤੋਪਾਂ ਦੇ ਮੂੰਹ ਖੁੱਲੇ ਨਹੀਂ ਜੇ
ਕੱਚੇ ਪੱਕੇ ਧਰਤੀ ਉੱਤੇ
ਸਾਡੇ ਲਹੂ ਵੀ ਡੁੱਲ੍ਹੇ ਨਹੀਂ ਜੇ।
ਮਾਵਾਂ ਭੈਣਾਂ ਰੋਈਆਂ ਨਹੀਂ ਜੇ
ਜੀਉਂਦੀ ਜਾਨੇ ਮੋਈਆਂ ਨਹੀ ਜੇ,

ਜੰਗ ਨਹੀਂ ਲੱਗੀ ਚੰਗਾ ਹੋਇਆ
ਅੱਗ ਨਹੀਂ ਭੜਕੀ ਚੰਗਾ ਹੋਇਆ।
ਨਵਿਆਂ ਦੇ ਨਾਲ ਅਤਿ ਪੁਰਾਣੇ
ਸਾਡੇ ਵਿਰਸੇ ਲਹਿ ਜਾਣੇ ਸੀ
ਵਿਚ ਪਤਾਲਾਂ ਲਹਿ ਜਾਣੇ ਸੀ
ਸਾਡੀ ਰੋਟੀ ਦੇ ਕਾਰਖਾਨੇ
ਝੁੱਗਾਂ ਵਾਗੂੰ ਬਹਿ ਜਾਣਾ ਸੀ
ਮੁੱਕ ਜਾਣੇ ਸੀ ਸਾਡੇ ਹਾਸੇ
ਹਉਕੇ ਹਾਵਾਂ ਰਹਿ ਜਾਣਾ ਸੀ

ਜੰਗ ਤੇ ਖੁਸ਼ੀਆਂ ਲੁੱਟੇ ਲੋਕੋ
ਬੂਟੇ ਮੁੱਢੋਂ ਪੁੱਟੇ ਲੋਕੋ।
ਸਦੀਆਂ ਪਿੱਛੇ ਸੁੱਟੇ ਲੋਕੋ
ਜੰਗ ਨਹੀਂ ਲੱਗੀ ਚੰਗਾ ਹੋਇਆ
ਅੱਗ ਨਹੀਂ ਭੜਕੀ ਚੰਗਾ ਹੋਇਆ
ਜੰਗ, ਨਵਾਜ਼, ਕਲਿੰਟਨ ਨਹੀਉਂ
ਤੇਰੇ ਮੇਰੇ ਰੱਬ ਨੇ ਡੱਕੀ
ਤੇਰੇ ਮੇਰੇ ਰੱਬ ਨੇ ਡੱਕੀ

ਮਾਸਕ ਮੀਟੀ. ਲਾਹੌਰ

### ਇਕ ਅਣਜੰਮੇ ਬਾਲ ਦੀ ਪ੍ਰੈਸ-ਕਾਨਫਰੰਸ/ਅਹਿਮਦ ਸਲੀਮ

ਜੰਮਣ ਤੋਂ ਪਹਿਲਾਂ ਬਾਲਾਂ ਨੇ ਇਕ ਮਨਸ਼ੂਰ ਜਾਰੀ ਕੀਤਾ।
"ਸਾਰੇ ਜੱਗ ਦੇ ਅਣਜੰਮੇ ਬਾਲੋ।
ਇਕਮਿੱਕ ਹੋ ਕੇ ਬੀਅ ਮਾਰ ਦਿਓ 'ਐਟਮ ਦਾ"
ਮਨਸ਼ੂਰ ਦੇ ਹੇਠਾ
ਮਾਂ ਦੀ ਕੁੱਖ ਵਿਚ ਸਾਹ ਲੈਂਦੇ ਇਕ ਬਾਲ ਨੇ ਦਸਤਖਤ ਕੀਤੇ
ਤੇ ਛੇਤੀ ਨਾਲ ਬੁਲਾਈ ਪ੍ਰੈੱਸ ਕਾਨਫਰੰਸ ਵਿਚ ਆਖਿਆ
"ਥਾਂ-ਥਾਂ ਜੜ-ਫੜਦੇ ਨਿਊਨਲਾਈ ਕੈਕਟਸ ਨਾਲ
ਧਰਤੀ ਦੀ ਕੁੱਖ ਔਂਤਰੀ ਹੋ ਗਈ ਹੈ
ਹੁਣ ਹੱਯਾਤੀ ਉਸ ਘੁੱਗੀ ਦੀ ਕੁੱਖ ਵਿਚੋਂ ਪੁੰਗਰੇਗੀ
ਜਿਸਨੂੰ ਰਿਆਸਤੀ ਪੋਲੀਸ
ਐਂਟੀ-ਨਿਊਨਲੀਅਰ ਚੂੰ ਚੂੰ ਕਰਦੇ ਦੋਸ਼ ਵਿਚ
ਫੜ ਕੇ ਲੈ ਗਈ ਹੈ"
ਪਲ ਕੁ ਲਈ ਬਾਲ ਰੁਕਿਆ ਤੇ ਫੇਰ ਆਖਣ ਲੱਗਾ,
"ਉਹ ਨਹੀਂ ਜਾਣਦੇ ਕਿ ਦੁਨੀਆਂ ਇਕ ਵੱਡੀ ਭੰਵਾਲੀ
ਵਿਚੋਂ ਲੰਘ ਰਹੀ ਹੈ
ਏਸ ਲਈ ਅਸੀਂ ਸਾਰੇ ਬਾਲ
ਆਪਣੀਆਂ ਮਾਵਾਂ ਨੂੰ ਆਖਾਂਗੇ
ਕਿ ਉਹ ਸਾਨੂੰ ਜੰਮਣ ਦਾ ਜ਼ੋਖਮ ਨਾ ਜਾਲਣ
ਸਾਨੂੰ ਆਪਣੀਆਂ ਕੁੱਖਾਂ ਵਿਚ ਕੁਝ ਦਿਹਾੜੇ
ਹੋਰ ਸਾਂਭ ਕੇ ਰੱਖਣ
ਉਦੋਂ ਤਾਈਂ ਜਦੋਂ ਤਾਈਂ
ਦੁਨੀਆਂ ਸਾਡੇ ਰਹਿਣ ਦੇ ਕਾਬਿਲ ਨਹੀਂ ਬਣ ਜਾਂਦੀ"
ਤਕਰੀਰ ਮੁੱਕਣ ਤੇ ਉਹਨੇ ਪੱਤਰਕਾਰਾਂ ਨੂੰ ਆਖਿਆ।
"ਤੁਸੀਂ ਜੋ ਸਵਾਲ ਚਾਹੋ ਕਰ ਸਕਦੇ ਹੋ"
ਸਾਰੇ ਪੱਤਰਕਾਰ ਸਿਰ ਸੁਟੀ ਬੈਠਗੇ।
ਇਕ ਭਾਰੇ ਜੁੱਸੇ ਦਾ ਪੱਤਰਕਾਰ,
ਦਾਹੜੀ ਖੁਰਕਦਾ ਢਿੱਲਾ ਜੇਹਾ ਉਠਿਆ ਤੇ ਪੁੱਛਣ "ਲੱਗਾ,
"ਤੁਹਾਡੇ ਖਿਆਲ ਵਿਚ ਦੁਨੀਆਂ
ਕਦੋਂ ਤੀਕ ਬਾਲਾਂ ਦੇ ਰਹਿਣ ਦੇ ਕਾਬਿਲ ਬਣ ਜਾਵਗੀ?
ਸੁਣ ਕੇ ਬਾਲ ਦੇ ਬੁੱਲ੍ਹ ਕੰਬੇ।
"ਜੇ ਇਨ੍ਹਾਂ ਇਕੀਵੀਂ ਸਦੀ ਦਾ ਮੂੰਹ ਨਾ ਵੇਖਿਆ
ਤਾਂ ਕਿਸੇ ਅਗਲੇ ਯੁੱਗ ਵਿਚ, ਜਾਂ ਫਿਰ ਸ਼ਾਇਦ ਕਦੀ ਵੀ ਨਹੀਂ।"
ਪੱਤਰਕਾਰ ਅੱਗੋਂ ਕੁਝ ਨਾ ਬੋਲਿਆ।
(ਸਾਹਿਤ 1998 ਲਾਹੌਰ ਵਿਚੋਂ)



### ਗ਼ਜ਼ਲ/ਬਾਬਾ ਨਜਮੀਂ

ਜਿਸਰਾਂ ਸਾਰੇ ਜੱਗ ਦੇ ਸਿਰ ਤੇ ਇਕੋ ਜਿਹਾ ਅਸਮਾਨ ਦਾ ਰੰਗ।
ਫਿਰ ਕੀ ਹੁੰਦਾ ਜੇਕਰ ਦਿੰਦਾ ਇਕੋ ਆਪਣੇ ਦਾਨ ਦਾ ਰੰਗ।

ਉਨ੍ਹਾਂ ਦੇ ਸਿਰ ਲੋੜਾਂ ਅੱਗੇ ਵਿਚ ਮੈਦਾਨੇ ਝੁਕਦੇ ਨਹੀਂ
ਜਿਹੜੇ ਲੋਕ ਚੜ੍ਹਾ ਲੈਂਦੇ ਨੇ ਪੱਗਾਂ ਉੱਤੇ ਆਨ ਦਾ ਰੰਗ।

ਉਦੋਂ ਤੀਕ ਦਬਾ ਸਕਦੇ ਨੇ ਮਜ਼ਲੂਮਾਂ ਦਾ ਜ਼ਾਲਮ ਹੱਕ
ਜਦ ਤੱਕ ਮੇਰੇ ਹੱਥ ਨਹੀਂ ਆਉਂਦਾ, ਸੁੱਤੇ ਲੋਕ ਜਗਾਣ ਦਾ ਰੰਗ।

ਕਦ ਤੱਕ ਪਰਚੀ ਖੁੱਲ੍ਹਦੀ ਰਹਿਣੀ, ਏਥੇ ਉਨ੍ਹਾਂ ਲੋਕਾਂ ਦੀ
ਜਿਹੜੇ ਲੋਕ ਵਗਾੜੀ ਜਾਂਦੇ ਮੇਰਾ ਪਾਕਿਸਤਾਨ ਦਾ ਰੰਗ।

ਘਰ ਨਾ ਜਿਹੜਾ ਯਾਰ ਵਿਖਾਵੇ, ਉਹਦੇ ਨਾਲ ਯਰਾਨਾ ਕੀ
ਮੁੱਲ ਕਦੇ ਨਾ ਟੁੱਕਦਾ ਲੋਕੋ, ਬਾਹਰੋਂ ਵੇਖ ਮਕਾਨ ਦਾ ਰੰਗ।

ਹੱਥ ਰਵ੍ਹੇਗਾ ਮੱਥੇ ਉੱਤੇ, ਰੱਬਾ ਮੇਰਾ ਮਰ ਕੇ ਵੀ
ਬੁੱਲ੍ਹੇ ਵਰਗਾ ਜੇ ਕਰ ਦੇਵੇਂ ਮੇਰੀ ਕਿਤੇ ਜ਼ੁਬਾਨ ਦਾ ਰੰਗ।

ਕੱਲ੍ਹ ਦੇ ਵਾਂਗੂੰ ਅੱਜ ਵੀ ਲੱਗਦਾ ਸ਼ੀਸ਼ਾ ਰੋਂਦਾ ਜਾਵੇਗਾ
ਦਿਸਦਾ ਪਿਆ ਏ ਬਾਬਾ ਮੈਨੂੰ ਪਰ੍ਹਿਆਂ ਤੇ ਪ੍ਰਧਾਨ ਦਾ ਰੰਗ।

(ਸਾਹਿਤ 1998 ਲਾਹੌਰ ਵਿਚੋਂ)

**ਕਵਿਤਾ**

### ਮੈਂ ਧਰਤੀ ਪੰਜਾਬ ਦੀ/ਇਕਬਾਲ ਕੈਸਰ

(1)

ਮੈਂ ਪੁੱਤਰ ਤੇ ਕਣਕਾਂ ਜੰਮੀਆਂ
ਪੁੱਤ ਕਣਕਾਂ ਦੇ ਰਾਖੇ ਹੋਏ
ਕਣਕਾਂ ਚੋਰ ਲੁਟੇਰਿਆਂ ਲੁੱਟੀਆਂ
ਜਦ ਪੁੱਤਰ ਧਾੜਵੀਆਂ ਮਾਰ ਮੁਕਾਏ
ਨਾ ਪੁੱਤਰ ਨਾ ਕਣਕਾਂ ਰਹੀਆਂ
ਕੁੱਖ ਮੇਰੀ ਫਿਰ ਸੁੰਞੀ ਹੋਈ
ਫੇਰ ਉੱਠੀ ਕੁਰਲਾਟ,
"ਭਾਈਆਂ ਬਾਝ ਨਾ ਜੋੜੀਆਂ
ਅਤੇ ਪੁੱਤਰਾਂ ਬਾਝ ਨਾ ਨਾਂ"

(2)

**ਆਵਣ ਸੁਪਨੇ ਜਾਵਣ ਸੁਫਨੇ**

ਆਵਣ ਸੁਪਨੇ, ਜਾਵਣ ਸੁਫਨੇ
ਨਿੱਤ-ਨਿੱਤ ਖਾਂਦੇ ਠੇਡੇ
ਨਿੱਤ ਨੈਣਾਂ ਦੀ ਸਰਦਲ ਉੱਤੇ
ਤਾਂਘ ਤਰੀ ਪਈ ਖੇਡੇ।

(3)

**ਅਸੀਂ ਕੱਲ੍ਹ ਵੀ ਕੈਦਾਂ ਕੱਟੀਆਂ**

ਅਸਾਂ ਕੱਲ੍ਹ ਵੀ ਕੈਦਾਂ ਕੱਟੀਆਂ

ਅਸੀਂ ਅੱਜ ਵੀ ਬੰਦੀ ਵਾਨ।
ਅਸਾਂ ਅੱਤ ਸਜ਼ਾਵਾਂ ਭੋਗੀਆਂ
ਅਸੀਂ ਜੇਲ੍ਹਾਂ ਦੇ ਸੁਲਤਾਨ।

(4)

ਤਾਂਘ ਨਾ ਰੱਖ ਖ਼ੈਰ ਦੀ
ਖ਼ਬਰ ਨਾ ਆਸੀ ਕੋ
ਹੰਸ ਜਿਨ੍ਹਾਂ ਸੀ ਜੰਮਣੇ
ਬਾਂਝ ਗਈਆਂ ਨੇ ਹੋ

**(ਅੰਗ ਤਰੇੜਾਂ, ਪਈਆਂ, ਸੰਗ੍ਰਹਿ 'ਚੋਂ)**

*ਪੁਸਤਕ ਪ੍ਰੀਚੈ*

## ਦਿਲ ਦੀ ਪਰਵਾਜ਼

**(ਮੁਹਿੰਦਰ ਦੀਪ ਗਰੇਵਾਲ)**

'ਲਹੂ ਬੋਲਦਾ ਹੈ' ਗ਼ਜ਼ਲ ਸੰਗ੍ਰਹਿ ਨਾਲ ਪੰਜਾਬੀ ਗ਼ਜ਼ਲ ਵਿਚ ਆਪਣਾ ਨਵੇਕਲਾ ਸਥਾਨ ਬਣਾ ਲੈਣ ਵਾਲਾ ਸ਼ਾਇਰ ਹੁਣ 'ਦਿਲ ਦੀ ਪਰਵਾਜ਼' ਗ਼ਜ਼ਲ ਸੰਗ੍ਰਹਿ ਨਾਲ ਉਸਤਾਦ ਸ਼ਾਇਰਾਂ ਵਿਚ ਸ਼ਾਮਿਲ ਹੋ ਗਿਆ ਹੈ। ਪੁਸਤਕ ਦੇ ਅੰਤ ਵਿਚ ਮੁਹਿੰਦਰ ਦੀਪ ਨੇ ਵੱਖ ਵੱਖ ਗ਼ਜ਼ਲਾਂ ਵਿਚ ਵਰਤੇ ਬਹਿਰਾਂ ਬਾਰੇ ਬਹੁਮੁੱਲੀ ਜਾਣਕਾਰੀ ਦਿੱਤੀ ਹੈ। 89 ਗ਼ਜ਼ਲਾਂ ਵਿਚ ਵਰਤੇ 18 ਬਹਿਰਾਂ ਦੇ ਆਰੂਜ਼ੀ ਨਾਮ ਅਤੇ ਬਣਤਰ-ਵਿਸਥਾਰ ਦੇ ਕੇ ਪੰਜਾਬੀ ਗ਼ਜ਼ਲ ਨੂੰ ਅਮੀਰ ਬਣਾਇਆ ਗਿਆ ਹੈ। ਐਨੇ ਘੱਟ ਮੁੱਲ ਵਿਚ ਐਨੀ ਉਚ ਪਾਏ ਦੀ ਸ਼ਾਇਰੀ 'ਦਿਲ ਦੀ ਪਰਵਾਜ਼' ਬਿਨਾ ਕਿਤੋਂ ਨਾ ਮਿਲੇ।....... ਫੇਰ ਵੀ ਗ਼ਜ਼ਲ ਦੀ ਰੂਹ ਦੇ ਆਸ਼ਕ ਗਰੇਵਾਲ ਤੋਂ ਪੁੱਛ ਸਕਦੇ ਹਨ ਕਿ 'ਹੱਸਦੀਆਂ' ਦੇ ਬਰਅਕਸ ਰੋਂਦੀਆਂ ਕਾਫੀਆ ਕੀ ਦਰੁਸਤ ਹੈ? ਅਤੇ ਪਰਿੰਦਾ ਅਤੇ ਲਿਸ਼ਕਦਾ ਵੀ ਕਾਫੀਆ ਠੀਕ ਹਨ? ਅਤੇ ਕੀ 'ਜੀਂਦਾ' ਹਾਂ ਨੂੰ 'ਜੀਂਵਦਾ' ਹਾਂ ਲਿਖ ਕੇ ਬਹਿਰ ਵਾਸਤੇ ਉਚਾਰਨ ਵਿਗਾੜਨਾ ਵੀ ਸਹੀ ਹੈ? ਉਂਝ "ਦਿਲ ਦੀ ਪਰਵਾਜ਼' ਦੀ ਸ਼ਾਇਰੀ ਦਿਲ ਨਾਲ ਸੰਬੰਧਿਤ ਹੈ।

## ਹਰਫ ਹਰਫ ਜੁਗਨੂੰ

**(ਅਜੀਤ ਸਿੰਘ ਆਸ)**

ਸ੍ਰ. ਅਜੀਤ ਸਿੰਘ ਆਸ ਦੀ 'ਹਰਫ ਹਰਫ ਜੁਗਨੂੰ' ਸ਼ਾਇਰੀ ਦੀ ਛੇਵੀਂ ਪੁਸਤਕ ਹੈ। ਹਰਫ ਹਰਫ ਜੁਗਨੂੰ ਪੁਸਤਕ ਵਿਚ ਅੱਧੇ ਗੀਤ ਅਤੇ ਅੱਧੀਆਂ ਕਵਿਤਾਵਾਂ ਹਨ। ਹਰ ਕਵਿਤਾ ਕਿਸੇ ਨਾ ਕਿਸੇ ਨਿਰਧਾਰਤ ਬਹਿਰ ਵਿਚ ਹੈ। ਖਾਲਸੇ ਦੇ ਸਾਜਣਾ ਦਿਵਸ ਨੂੰ ਸਮਰਪਿਤ ਧਾਰਮਿਕ ਕਵਿਤਾਵਾਂ ਅੱਧੀ ਪੁਸਤਕ ਵਿਚ ਹਨ। ਸ਼ਾਇਰ ਦੀ ਆਪਣੀ ਰਵਾਇਤੀ ਲੋਕ ਪੱਖੀ ਸੁਰ ਇਸ ਪੁਸਤਕ ਨਾਲ ਹੋਰ ਉੱਚੀ ਹੋਈ ਹੈ। ਪੁਸਤਕ ਆਮ ਪਾਠਕ ਦੇ ਪੱਧਰ ਦੀ ਅਤੇ ਸੁਚੱਜੀ ਜ਼ਿੰਦਗੀ ਦਾ ਸਿਰਨਾਵਾਂ ਹੈ।

## ਮੇਰਾ ਅਨੁਵਾਦ ਨਾ ਕਰੀਂ

**(ਦੀਪ ਮੋਦਗਿਲ)**

ਇਸ ਪੁਸਤਕ ਦੀ ਭੂਮਿਕਾ ਸ਼ਾਇਰ ਵਿਸ਼ਾਲ ਨੇ ਲਿਖੀ ਹੈ। ਦੀਪ ਮੋਦਗਿਲ ਭਾਵੇਂ ਨਵਾਂ ਹਸਤਾਖਰ ਹੈ ਪਰ ਉਹ ਪਹਿਲੀ ਹੀ ਕਿਤਾਬ ਨਾਲ ਆਪਣੀ ਵਿਸ਼ੇਸ਼ਤਾ ਬਣਾਉਣ ਵਿਚ ਕਾਮਯਾਬ ਰਿਹਾ ਹੈ। ਦੀਪ ਦੀ ਬੰਧਨ ਮੁਕਤ (ਛੰਦਾ ਬੰਦੀ ਪੱਖੋਂ) ਸ਼ਾਇਰੀ ਬੌਧਿਕਤਾ ਅਤੇ ਯਥਾਰਥ ਦੇ ਘੇਰੇ ਵਿਚ ਰਹਿ ਕੇ ਖੁਸ਼ਬੂਆਂ ਫੈਲਾਉਂਦੀ ਹੈ। ਦੀਪ ਮੋਦਗਿਲ ਦੀ ਸ਼ਾਇਰੀ ਦੇ ਦਿਸਹੱਦੇ ਅਜੇ ਸਥਾਪਿਤ ਨਹੀਂ ਹੋਏ। ਉਹ ਅਹਿਸਾਸ ਦਾ ਭਰ ਵਗਦਾ ਦਰਿਆ ਹੈ। ਦੀਪ ਭਾਰਤੀ ਨਾਰੀ ਦੀ ਵੇਦਨਾ ਹੈ ਤੇ ਗਰੀਬ ਦੀ ਮੂਕ ਲੋਰ ਵੀ। ਮੋਦਗਿਲ ਬਹੁਤ ਖੂਬਸੂਰਤ, ਜੀਂਦੇ, ਥੀਂਦੇ ਤੇ ਅਰਥਾਂ ਦੇ ਸਿਤਾਰਿਆਂ ਨਾਲ ਝਿਲਮਿਲਾਉਂਦੇ ਕੁਆਰੇ ਬਿੰਬਾਂ ਨਾਲ ਸੰਚਾਰ ਸੁਵਿਧਾ ਉਪਜਾਉਂਦਾ ਹੈ। ਉਹ ਪਿਉ ਨਾਲ ਵੀ ਅਤੇ ਅਖਾਉਤੀ ਦਿਉਤਿਆਂ ਨਾਲ ਵੀ ਜਜ਼ਬੇ ਭਰੇ ਸੱਚ ਨਾਲ ਸੰਵਾਦ ਰਚਾਉਂਦਾ ਹੈ। ਮੋਦਗਿਲ ਆਪਣੀ ਮਹਿਬੂਬਾ ਤੋਂ ਅਜਿਹਾ ਸਹਾਰਾ ਵੀ ਲੋੜਦਾ ਹੈ ਤੇ ਕੇਵਲ ਔਰਤ ਨੂੰ ਔਰਤ ਹੋਣ ਕਰਕੇ ਸਾਰੀ ਸਿਰਜਣਾ ਦਾ ਪ੍ਰਤੀਕ ਵੀ ਕਹਿੰਦਾ ਹੈ। ਨਵੀਂ ਪ੍ਰਤਿਭਾ ਨਵੀਂ ਪੇਸ਼ਕਾਰੀ ਅਤੇ ਨਵੀਆਂ ਕਹਿਕਸ਼ਾਵਾਂ ਦਾ ਸਿਰਨਾਵਾਂ ਵਾਕਈ ਅਨੁਵਾਦ ਹੋਣ ਯੋਗ ਨਹੀਂ।

-ਸੁਲੱਖਣ ਸਰਹੱਦੀ



*ਆਲੋਚਨਾ*

# ਪੰਜਾਬੀ ਕਹਾਣੀ ਦਾ ਤੀਜਾ ਪੜਾਅ

**ਡਾ. ਬਲਦੇਵ ਸਿੰਘ ਧਾਲੀਵਾਲ**

ਅੱਠਵੇਂ ਦਹਾਕੇ ਦੇ ਅੰਤ ਅਤੇ ਨੌਂਵੇਂ ਦਹਾਕੇ ਦੇ ਮੁਢਲੇ ਸਾਲਾਂ ਵਿੱਚ ਜਦ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ 'ਮੁਕਤੀ' ਤੇ' ਡੈੱਡ ਲਾਈਨੇ' ਅਤੇ ਵਰਿਆਮ ਸੰਧੂ ਦੀਆਂ 'ਅੰਗ-ਸੰਗ' ਤੇ 'ਵਾਪਸੀ' ਪ੍ਰਕਾਸ਼ਿਤ ਹੁੰਦੀਆਂ ਹਨ ਤਾਂ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਕ ਨਵੇਂ ਦੌਰ ਦਾ, ਅਗਾਜ਼ ਨਜ਼ਰ ਆਉਂਦਾ ਹੈ। ਇਹ ਪਰਿਵਰਤਨ ਬਹੁਤ ਛੇਤੀ ਹੀ ਤੀਜੇ ਪੜਾਅ ਦੀ ਕਹਾਣੀ ਦਾ ਲਖਾਇਕ ਹੋ ਨਿਬੜਦਾ ਹੈ। ਨਿਰਸੰਦੇਹ ਇਹ ਬਦਲਾਵ ਇਨ੍ਹਾਂ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿਚ ਆ ਚੁੱਕੀ ਗੁਣਨਾਤਮਕ ਤਬਦੀਲੀ ਦਾ ਹੀ ਸੰਕੇਤ ਹੈ, ਜਿਸ ਕਾਰਣ ਉਨ੍ਹਾਂ ਦੀ ਵਸਤੂ-ਚੋਣ ਅਤੇ ਰਚਨਾਤਮਕ ਜੁਗਤਾਂ ਵਿੱਚ ਨਵਾਂਪਣ ਝਲਕਣ ਲਗਦਾ ਹੈ। ਭਾਵੇਂ ਇਹ ਕਹਾਣੀਕਾਰ ਸੱਤਵੇਂ ਦਹਾਕੇ ਤੋਂ ਹੀ ਕਹਾਣੀ ਰਚਨਾ ਕਰ ਰਹੇ ਸਥਾਪਿਤ ਨਾਂ ਸਨ ਫਿਰ ਵੀ ਅੱਸੀਵਿਆਂ ਦੇ ਨੇੜੇ ਇਨ੍ਹਾਂ ਦੀਆਂ ਕਹਾਣੀਆਂ ਦੀ ਜਟਿਲਤਾ ਅਤੇ ਪ੍ਰਬਲ 'ਭਾਵਕ ਤਣਾਅ ਦੇ ਵਾਤਾਵਰਣ' ਨੇ ਆਲੋਚਕਾਂ ਦਾ ਉਚੇਚਾ ਧਿਆਨ ਖਿੱਚਿਆ। ਡਾ. ਟੀ.ਆਰ ਵਿਨੋਦ ਅਨੁਸਾਰ, "ਵਰਿਆਮ ਸੰਧੂ ਪੰਜਾਬੀ ਦਾ ਪਹਿਲਾ ਕਹਾਣੀਕਾਰ ਹੈ ਜਿਸਨੇ ਪੰਜਾਬ ਦੀ ਕਿਸਾਨੀ ਦੇ ਇਤਿਹਾਸਕ ਯਥਾਰਥ ਦੀ ਪੇਸ਼ਕਾਰੀ ਲਈ ਲੰਮੀ ਕਹਾਣੀ ਦੀ ਵਿਧਾ ਨੂੰ ਆਪਣਾ ਮਾਧਿਅਮ ਬਣਾਇਆ ਹੈ। ਲੰਮੀ ਕਹਾਣੀ ਦਾ ਪ੍ਰਯੋਜਨ ਤਾਂ ਨਿੱਕੀ ਕਹਾਣੀ ਵਾਲਾ ਹੀ ਹੁੰਦਾ ਹੈ ਪਰ ਇਸ ਦੀ ਰਚਨਾ ਵਿਧੀ ਵਿਚ ਸਥਿਤੀਆਂ ਦੀਆਂ ਭਿੰਨ ਭਿੰਨ ਪਰਤਾਂ, ਦਿਸ਼ਾਵਾਂ ਅਤੇ ਪਸਾਰਾਂ ਨੂੰ ਮੂਰਤੀਮਾਨ ਕਰਨ ਦੀ ਸਮਰੱਥਾ ਹੁੰਦੀ ਹੈ ਜਿਸ ਕਰਕੇ ਇਹ ਵਿਧਾ ਯਥਾਰਥ ਦੇ ਸਮੁੱਚ ਦੀ ਪਛਾਣ ਕਰਾਉਣ ਦੇ ਯੋਗ ਹੋ ਨਿਬੜਦੀ ਹੈ।

ਉਪਰੰਤ ਜਿਵੇਂ ਜਿਵੇਂ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿਚ ਵਸਤੂਪਰਕਤਾ ਦੇ ਅੰਸ਼ ਵਧਦੇ ਗਏ, ਉਵੇਂ ਉਵੇਂ ਇਹ ਨਵੇਂ ਰਚਨਾਤਮਕ ਮਾਪਦੰਡ ਪੰਜਾਬੀ ਕਹਾਣੀ ਦਾ ਅੰਗ ਬਣਦੇ ਗਏ। ਫਲਸਰੂਪ ਕੁਲਵੰਤ ਸਿੰਘ ਵਿਰਕ ਦੇ ਕਥਾ-ਮਾਡਲ ਦੇ ਸਮਾਨ੍ਹੰਤਰ ਇਕ ਨਵਾਂ ਕਥਾ-ਵਿਧਾਨ ਸਿਰਜਿਆ ਜਾਣ ਲੱਗਾ। ਦੂਜੇ ਪਾਸੇ ਇਸ ਸਮੇਂ ਬਹੁਤ ਸਾਰੇ ਨਵੇਂ ਕਹਾਣੀਕਾਰ ਵੀ ਪ੍ਰੰਪਰਿਕ ਮਾਡਲ ਦੀ ਕਹਾਣੀ ਲਿਖਦੇ ਰਹੇ ਅਤੇ ਦੂਜੇ ਪੜਾਅ ਦੇ ਮੋਹਤਬਰ ਕਹਾਣੀਕਾਰਾਂ ਦੇ ਕੁਝ ਸੰਗ੍ਰਹਿ 'ਸ਼ਹਿਰ ਤੇ ਗਰਾਂ' (ਸੁਜਾਨ ਸਿੰਘ), ਸਿਆਣਪਾਂ (ਸੰਤ ਸਿੰਘ ਸੇਖੋਂ), ਪੈਣਗੇ ਵੈਣ ਡੂੰਘੇ (ਕਰਤਾਰ ਸਿੰਘ ਦੁੱਗਲ) ਅਤੇ ਪੱਖੀ (ਸੰਤੋਖ ਸਿੰਘ ਧੀਰ), (ਮਹਿੰਦਰ ਸਿੰਘ ਸਰਨਾ) ਦਸਵੇਂ ਦਹਾਕੇ ਦੇ ਅੰਤ ਤੱਕ ਪ੍ਰਕਾਸ਼ਿਤ ਹੁੰਦੇ ਰਹੇ ਹਨ। ਪਰ ਇਹ ਕਹਾਣੀਕਾਰ ਵੱਧ ਤੋਂ ਵੱਧ ਪ੍ਰਚਲਿਤ ਕਥਾ-ਮਾਡਲ ਦੀਆਂ ਰੂੜੀਆਂ ਨੂੰ ਹੀ ਦੁਹਰਾ ਰਹੇ ਦ੍ਰਿਸ਼ਟੀਗਤ ਹੁੰਦੇ ਹਨ। ਇਕਹਿਰੇ ਲਕੀਰੀ ਪਾਸਾਰ ਵਾਲੇ ਬਿਰਤਾਂਤ, ਸਰਬਗਿਆਤਾ (ਬਿਰਤਾਂਤਕਾਰ ਦੀਆਂ ਸੂਤਰਧਾਰੀ ਟਿੱਪਣੀਆਂ, ਮਨ ਇਛਿੱਤ ਘਟਨਾ-ਪ੍ਰਬੰਧ, ਸਰਲੀਕ੍ਰਿਤ ਚਰਿਤਰ ਚਿਤਰਣ, ਬੰਦ ਅੰਤ ਅਤੇ ਵਿਚਾਰਧਾਰਕ ਪ੍ਰਯੋਜਨ ਦੀ ਪੂਰਤੀ ਆਦਿ ਪਰੰਪਰਿਕ ਲੱਛਣ ਇਨ੍ਹਾਂ ਦੀ ਕਥਾ-ਸ਼ੈਲੀ ਦਾ ਅੰਗ ਬਣੇ ਦਿਸਦੇ ਹਨ। ਇਸ ਲਈ ਇਹ ਕਹਾਣੀਕਾਰ ਤੀਜੇ ਪੜਾਅ ਦੀ ਕਹਾਣੀ ਨਾਲ ਕਦਮ ਮਿਲਾ ਕੇ ਤੁਰ ਸਕਣ ਤੋਂ ਅਸਮਰਥ ਹੋ ਜਾਂਦੇ ਹਨ।

ਇਸ ਸਮੇਂ ਕੁਝ ਨਵੀਨ ਵਸਤੂ-ਸਮੱਗਰੀ ਪੰਜਾਬੀ ਕਹਾਣੀ ਦੀ ਵਸਤੂ-ਚੋਣ ਦਾ ਅਧਾਰ ਬਣਦੀ ਹੈ, ਜਿਵੇਂ ਸੰਯੁਕਤ ਪਰਿਵਾਰਾਂ ਦਾ ਧਮਾਕੇਖੇਜ਼ੀ ਬਿਖਰਾਵ, ਕੇਂਦਰੀ ਸਥਾਨ ਹਾਸਲ ਕਰ ਰਹੇ ਮੱਧਵਰਗੀ ਵਿਅਕਤੀ ਦੀ ਭੜਕੀ ਉਪਭੋਗਤਾਵਾਦੀ ਲਾਲਸਾ ਕਾਰਣ ਹੋਇਆ ਨੈਤਿਕ ਨਿਘਾਰ ਤੇ ਸੰਪਰਦਾਇਕ ਤਣਾਅ ਆਦਿ।

ਪੰਜਾਬ ਵਿੱਚ ਵਿਭਿੰਨ ਪੇਂਡੂ ਸਮਾਜ ਦੇ ਵਿਭਿੰਨ ਵਰਗਾਂ ਵਿਚ ਟੁੱਟ-ਭੱਜ ਦੇ ਅਮਲ ਦੀ ਪ੍ਰਕਿਰਿਆ ਭਾਵੇਂ, ਪੂੰਜੀਵਾਦੀ ਵਿਵਸਥਾ ਦੇ ਪਸਾਰ ਕਾਰਣ, ਬਹੁਤ ਚਿਰ ਪਹਿਲਾਂ ਹੀ ਪੰਜਾਬੀ ਕਹਾਣੀਆਂ ਕੀਟਾਂ ਅੰਦਰ ਕੀਟ (ਸੇਖੋਂ), ਸਾਂਝੀ ਖੇਤੀ (ਗੁਰਦਿਆਲ ਸਿੰਘ), ਤੂੜੀ ਦੀ ਪੰਡ (ਵਿਰਕ) ਅਤੇ ਸਾਂਝੀ ਕੰਧ (ਧੀਰ) ਆਦਿ ਰਾਹੀਂ ਮੂਰਤੀਮਾਨ ਹੋਣ ਲੱਗ ਪਈ ਸੀ ਪਰ ਵਰਿਆਮ ਸੰਧੂ ਦੀਆਂ ਕਹਾਣੀਆਂ 'ਅੰਗ-ਸੰਗ' ਤੇ ਆਪਣਾ ਆਪਣਾ ਹਿੱਸਾ ਅਤੇ 'ਸੁਨਹਿਰੀ ਕਿਣਕਾ' ਰਾਹੀਂ ਉਸ ਪ੍ਰਕਿਰਿਆ ਨੂੰ ਮੂਲੋਂ ਨਵੀਂ ਰਚਨਾ-ਦ੍ਰਿਸ਼ਟੀ ਰਾਹੀਂ ਨਿਹਾਰਿਆ ਜਾਣ ਲੱਗਦਾ ਹੈ। ਕਹਾਣੀ 'ਅੰਗ-ਸੰਗ' ਵਿੱਚ ਪਿਤਾ ਦੀ ਮੌਤ ਉਸਦੇ ਪੁੱਤਰਾਂ ਲਈ ਵਿਗੋਚੇ ਦੀ ਥਾਂ ਵਰਦਾਨ ਹੋ ਨਿਬੜਦੀ ਹੈ। 'ਆਪਣਾ ਆਪਣਾ ਹਿੱਸਾ' ਵਿਚ ਜਦ ਗੱਲ ਮਾਂ ਦੇ ਫੁੱਲ ਵੰਡਣ ਤੱਕ ਪੁਹੰਚ ਜਾਂਦੀ ਹੈ ਤਾਂ ਖ਼ੂਨ ਦੇ ਰਿਸ਼ਤਿਆਂ ਦੀ ਥਾਂ ਆਰਥਿਕ ਰਿਸ਼ਤਿਆਂ ਦੀ ਪ੍ਰਧਾਨਤਾ ਦਾ ਸੱਚ ਨਿੱਤਰ ਕੇ ਸਾਹਮਣੇ ਆ ਜਾਂਦਾ ਹੈ। ਸੰਯੁਕਤ ਪਰਿਵਾਰਾਂ ਦੇ ਖਿੰਡਾਅ ਤੋਂ ਵੀ ਅੱਗੇ, ਇਹ ਕਹਾਣੀਆਂ, ਉਸ ਨਵੀਨ ਯਥਾਰਥ ਬੋਧ ਦੇ ਸਨਮੁੱਖ ਖੜ੍ਹਾ ਕਰਦੀਆਂ ਹਨ ਜਿਸ ਅਨੁਸਾਰ ਪਰਿਵਾਰਕ ਹਿੱਤਾ ਖਾਤਰ ਕੁਰਬਾਨੀ ਕਰਨ ਦੀ ਪ੍ਰਵਿਰਤੀ ਬੀਤੇ ਸਮੇਂ ਦਾ ਸੱਚ ਜਾਪਣ ਲਗਦੀ ਹੈ ਅਤੇ ਆਪਣੇ ਹਿੱਤਾ ਲਈ ਪਰਿਵਾਰ ਨਾਲ ਸੰਘਰਸ਼ ਦਾ ਨਿਸ਼ਾਨਾ ਬੁਨਿਆਦੀ ਹੋ ਜਾਂਦਾ ਹੈ। ਇਹ ਸੰਘਰਸ਼ ਪੇਂਡੂ ਪੰਜਾਬ ਦੇ ਲੋਕਾਂ ਦੁਆਰਾ; ਰੁਜ਼ਗਾਰ ਵੱਸ, ਕੀਤੇ ਸ਼ਹਿਰ ਦੇ ਵਸੇਬੇ ਉਪਰੰਤ ਹੋਰ ਵੀ ਤੀਖਣ ਰੂਪ ਧਾਰ ਲੈਂਦਾ ਹੈ।

ਗੁਰਪਾਲ ਲਿੱਟ ਦੀ ਕਹਾਣੀ 'ਜਬਾੜੇ' ਇਸ ਨਵੇਂ ਯਥਾਰਥ ਬੋਧ ਦਾ ਕਲਾਤਮਕ ਗਲਪ-ਬਿੰਬ ਸਿਰਜਦੀ ਹੈ। ਇਸ ਕਹਾਣੀ ਦੇ ਪਾਤਰ ਪਿਤਾ ਜੀ ਅਤੇ ਉਸਦੇ ਪੁੱਤਰ ਖ਼ੂਨ ਦੇ ਰਿਸ਼ਤੇ ਵਿਚ ਬੱਝੀਆਂ ਇਕਸੁਰ ਇਕਾਈਆਂ ਨਹੀਂ ਬਲਕਿ ਵਿਰੋਧੀ ਧਿਰਾਂ ਹਨ। ਇਸ ਤਣਾਅ ਦਾ ਸਿਖਰ ਉਸ ਵੇਲੇ ਹੁੰਦਾ ਹੈ ਜਦੋਂ ਸ਼ਹਿਰ ਚ ਰਹਿੰਦਾ ਪੁੱਤਰ ਪਿੰਡ ਵਿਚ ਆਪਣੇ ਬਿਮਾਰ ਪਿਤਾ ਦੀ ਖ਼ਬਰ ਲੈਣ ਲਈ ਆਉਂਦਾ ਹੈ। ਅੰਤਲੇ ਸਾਹਾਂ ਤੇ ਪਏ ਪਿਤਾ ਲਈ ਟੈਕਸੀ ਦਾ ਪ੍ਰਬੰਧ ਕਰਨ ਗਿਆ ਇਹ ਪੁੱਤਰ ਜਾਣ-ਬੁੱਝ ਕੇ ਦੇਰੀ ਕਰਕੇ ਖਾਲੀ ਮੁੜ ਆਉਂਦਾ ਹੈ, ਤਾਂ ਕਿ ਪਿਤਾ ਦੀ ਮੌਤ ਉਪਰੰਤ ਉਸ ਨੂੰ ਜ਼ਮੀਨ ਦਾ ਹਿੱਸਾ ਛੇਤੀ ਮਿਲ ਜਾਵੇ। ਉਹੀ ਪੁੱਤਰ ਆਪਣੇ ਪਿਤਾ ਦੀ ਮੌਤ ਦਾ ਰੁਦਨ ਇਸ ਪ੍ਰਕਾਰ ਕਰਦਾ ਹੈ-

ਉਹ ਮਹਿਸੂਸਦਾ ਹੈ। ਉਸ ਦੀ ਪੰਘਰੀ ਹੋਈ ਆਵਾਜ਼, ਮਾਂ ਨੂੰ ਵੀ ਪੰਘਰਾ ਰਹੀ ਹੈ। ਉਦ੍ਹਾ ਅੰਦਰਲਾ ਬੰਨ੍ਹ ਟੁਟਦਾ ਹੈ। ਬੇ-ਜੀ ਇਕ ਦਮ ਚੀਕ ਮਾਰ ਉੱਠੇ ਨੇ ...... । ...... ਹੁਣ ਠੀਕ ਹੈ. ਉਹ ਸੋਚਦਾ ਹੈ ........ ਅਤੇ ਉਹ ਉਸ ਵਿਰਲਾਪ ਨੂੰ ਲਗਾਤਾਰ ਭਾਰੂ ਰੱਖਣ ਦੀਆਂ ਕੋਸ਼ਿਸ਼ਾਂ ਵਿਚ ਜੁਟ ਚੁੱਕਿਆ ਹੈ।

ਇਸ ਵਿਸ਼ੇ ਦੇ ਹੋਰ ਅਨੇਕਾਂ ਪਸਾਰਾਂ ਨੂੰ ਗੁਰਬਚਨ ਭੁੱਲਰ, ਗੁਰਦੇਵ ਰੁਪਾਣਾ, ਰਾਮ ਸਰੂਪ ਅਣਖੀ, ਬਲਦੇਵ ਸਿੰਘ ਤੇ ਸੁਖਵੰਤ ਕੌਰ ਮਾਨ ਨੇ ਵੀ ਉਜਾਗਰ ਕਰਨ ਦੇ ਭਰਪੂਰ ਯਤਨ ਕੀਤੇ ਹਨ, ਪਰ ਵਰਿਆਮ ਸੰਧੂ ਨੂੰ ਸਭ ਤੋਂ ਵਧੇਰੇ ਸਫਲਤਾ ਮਿਲੀ ਹੈ।

ਆਰਥਿਕ ਰਿਸ਼ਤਿਆਂ ਦੀ ਸਰਦਾਰੀ ਨੇ ਕਿਸਾਨੀ ਉਪਵਰਗਾਂ ਦੇ ਬੇਜ਼ਮੀਨੇ ਮਜ਼ਦੂਰ ਵਰਗ ਨਾਲ ਸਬੰਧਾਂ ਅਤੇ ਵਿਰੋਧਾਂ ਨੂੰ ਨਵੇਂ ਕੋਣ ਤੋਂ ਪਰਿਭਾਸ਼ਤ ਕਰ ਸਕਣ ਦੀ ਲੋੜ ਪੈਦਾ ਕੀਤੀ। ਅਤਰਜੀਤ, ਕਿਰਪਾਲ ਕਜ਼ਾਕ ਅਤੇ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਵਿਸ਼ੇਸ਼ ਰੂਪ ਵਿਚ ਇਸ ਗਤੀਸ਼ੀਲ ਯਥਾਰਥ ਵਿੱਚੋਂ ਆਪਣਾ ਕਥਾ-ਵਸਤੂ ਪ੍ਰਾਪਤ ਕਰਦੀਆਂ ਹਨ। ਇਹ ਕਹਾਣੀਕਾਰ ਦਲਿਤ ਵਰਗਾ ਸੰਬੰਧੀ ਨਿਰੋਲ ਹਮਦਰਦੀ ਬਟੋਰਨ ਦੀ ਥਾਂ ਉਨ੍ਹਾਂ ਦਾ ਅਕੱਥ ਸੱਚ ਸਮੱਗਰ ਰੂਪ ਚ ਪੇਸ਼ ਕਰਨ ਦਾ ਯਤਨ ਕਰਦੇ ਹਨ। ਨਿੱਜੀ ਪਛਾਣ ਵਾਲੇ ਅਜਿਹੇ ਅਨੁਭਵ ਦਾ ਸੱਚਾ-ਸੁੱਚਾ ਪ੍ਰਗਟਾ ਪਹਿਲੀ ਵਾਰ ਏਨੀ ਸ਼ਿੱਦਤ ਨਾਲ ਪੰਜਾਬੀ ਕਹਾਣੀ ਦਾ ਕਥਾ-ਵਸਤੂ ਬਣਦਾ ਹੈ। ਕਿਰਪਾਲ ਕਜ਼ਾਕ ਦੀ ਕਹਾਣੀ 'ਹੁੰਮਸ' ਦਾ ਕੀੜੂ ਪੂਰੇ ਵੀਹ ਸਾਲ ਸਰਦਾਰ ਜੋਰਾ ਸਿੰਹੁ ਦੇ ਪਰਿਵਾਰ ਨਾਲ ਸੀਰੀ ਰਹਿੰਦਾ



ਹੈ ਪਰ ਏਨੇ ਲੰਮੇ ਸਮੇਂ ਦਾ ਸਾਥ ਵੀ ਉਨ੍ਹਾਂ ਵਿਚ ਕਿਸੇ ਪੀਢੇ ਮਾਨਵੀ ਸੰਬੰਧ ਦੀ ਆਧਾਰਸ਼ਿਲਾ ਨਹੀਂ ਬਣਦਾ। ਜਦੋਂ ਟਰੈਕਟਰ ਵਾਲੇ ਸੁਹਾਗੇ ਹੇਠ ਆ ਕੇ ਕੀੜੂ ਦੀ ਰੀੜ ਦੀ ਹੱਡੀ ਟੁੱਟ ਜਾਂਦੀ ਹੈ ਤਾਂ ਜੋਰਾ ਸਿੰਹੁ ਦਾ ਪੱਗ ਵੱਟ ਭਰਾ ਵਾਲਾ ਰਿਸ਼ਤਾ ਪਲਾ-ਛਿਣਾਂ ਵਿਚ ਹੀ ਮਾਂਦ ਪੈ ਜਾਂਦਾ ਹੈ । ਜੋਰਾ ਸਿੰਹੁ ਲਈ ਇਹ ਰਿਸ਼ਤੇ ਦੀ ਓਟ ਭਾਵੇ ਮਹਿਜ਼ ਆਪਣੇ ਹਿੱਤਾਂ ਦੀ ਪੂਰਤੀ ਲਈ ਇਕ ਜੁਗਤ ਹੀ ਸੀ ਪਰ ਕੀੜੂ ਇਸ ਭ੍ਰਾਂਤੀ ਵਿਚ 'ਆਪਣੇ ਹੱਡ ਗਾਲਦਾ ਹੈ ਅਤੇ ਜੋਰਾ ਸਿੰਹੁ ਲਈ ਤਕੜੀ ਧਿਰ ਬਣਿਆ ਰਿਹਾ। ਜਦੋਂ ਤੱਕ ਕੀੜੂ ਨੂੰ ਸਥਿਤੀ ਦੀ ਵਾਸਤਵਿਕਤਾ ਸਮਝ ਆਉਂਦੀ ਹੈ ਉਦੋਂ ਤੱਕ ਉਹ ਸਰੀਰਕ ਤੌਰ ਤੇ ਨਕਾਰਾ ਹੋ ਚੁੱਕਾ ਹੁੰਦਾ ਹੈ ਅਤੇ ਪਤਨੀ ਤੇ ਧੀਆਂ ਦੀ ਇੱਜ਼ਤ ਲੋੜਾਂ ਥੁੜਾਂ ਖਾਤਰ ਗੁਆ ਬੈਠਦਾ ਹੈ

ਕਿਰਪਾਲ ਕਜ਼ਾਕ ਕੀੜੂ ਦੀ ਤ੍ਰਾਸਦੀ ਦਾ ਵਿਵੇਕ ਖੋਜਣ ਲਈ ਵਸਤੂ ਯਥਾਰਥ ਦੀ ਹਰ ਤਹਿ ਫਰੋਲਣ ਦਾ ਉਪਰਾਲਾ ਕਰਦਾ ਹੈ। ਕੀੜੂ ਦੇ ਦੁਖਾਂਤ ਨੂੰ ਜੋਰਾ ਸਿੰਹੁ ਦੇ ਬੋਲ- ਜਦ ਕਿਸਮਤ ਈ ਦੇ ਗਈ ਧੋਖਾ ..... ਨਾ ਤੇਰੇ ਵੱਸ, ਨਾ ਸਾਡੇ ...... ਕਿਸੇ ਪਾਰਲੌਕਿਕ ਸ਼ਕਤੀ ਦੇ ਪ੍ਰਕੋਪ ਨਾਲ ਸੰਬੰਧਿਤ ਕਰਨਾ ਲੋੜਦੇ ਹਨ। ਪਰ ਕਹਾਣੀਕਾਰ ਸਮੱਸਿਆ ਦਾ ਵਿਵੇਕ ਲੌਕਿਕ ਧਰਾਤਲ ਚੋਂ ਤਲਾਸ਼ਣ ਲਈ ਸਫ਼ਲ ਯਤਨ ਕਰਦਾ ਹੈ। ਕਿਸੇ ਢੁਕਵੇਂ ਕਨੂੰਨ ਦੀ ਅਣਹੋਂਦ ਅਤੇ ਪੂੰਜੀਵਾਦੀ ਕਦਰਾਂ ਕੀਮਤਾਂ ਦੀ ਓਟ ਕਾਰਨ ਜੋਰਾ ਸਿੰਘ, ਕੀੜੂ ਦੀ ਮੱਦਦ ਕਰਨ ਲਈ ਕਿਸੇ ਨੈਤਿਕ ਦਬਾਅ ਅਧੀਨ ਨਹੀਂ। ਇਹ ਸਥਿਤੀ ਕੀੜੂ ਨੂੰ ਲਾਚਾਰ ਬਣਾ ਦਿੰਦੀ ਹੈ। ਉਸ ਦੀ ਆਰਥਿਕ ਸਮੱਸਿਆ ਅਗੋਂ ਹੋਰ ਅਨੇਕਾਂ ਸਮਾਜਿਕ ਅਤੇ ਮਾਨਸਿਕ ਸੰਕਟਾਂ ਦੀ ਪ੍ਰੇਰਕ ਹੋ ਨਿਬੜਦੀ ਹੈ। ਪਤਨੀ ਅਤੇ ਧੀਆਂ ਦੇ ਸਰੀਰਕ ਸ਼ੋਸ਼ਣ ਨਾਲ ਉਹ ਸਮਾਜਿਕ ਨਮੋਸ਼ੀ ਦਾ ਸ਼ਿਕਾਰ ਹੁੰਦਾ ਹੈ ਅਤੇ ਇਕ ਤਕੜੇ ਕਾਮੇਂ ਤੋਂ ਨਕਾਰਾ ਵਿਅਕਤੀ ਤੱਕ ਆ ਡਿੱਗਣ ਦੀ ਸਥਿਤੀ ਨਾਲ ਉਹ ਹੀਣ-ਭਾਵ ਦੀ ਜਿਲੱਣ ਵਿਚ ਜਾ ਡਿੱਗਦਾ ਹੈ। ਕਹਾਣੀਕਾਰ ਕੀੜੂ ਦੇ ਦੁੱਖਾਂਤ ਦੀਆਂ ਇਕ ਤੋਂ ਵੱਧ ਪਰਤਾਂ ਉਜਾਗਰ ਕਰਕੇ ਵਸਤੂ-ਯਥਾਰਥ ਦੀ ਜਟਿਲਤਾ ਨੂੰ ਪ੍ਰਭਾਵੀ ਢੰਗ ਨਾਲ ਪਕੜਨ ਲਈ ਰੁਚਿਤ ਹੈ।

ਇਉਂ ਨੌਵੇਂ ਦਹਾਕੇ ਦੀ ਪੰਜਾਬੀ ਕਹਾਣੀ ਨਿਮਨ ਵਰਗਾਂ ਦੇ ਕਰੁਣਾਮਈ ਚਿਤਰ ਰਾਹੀਂ ਵਕਤੀ ਹਮਦਰਦੀ ਪੈਦਾ ਕਰਨ ਅਤੇ ਨਾਇਕ ਦੀ ਆਦਰਸ਼ਕ ਕਾਰਜ਼-ਸ਼ੈਲੀ ਰਾਹੀਂ ਸਥਿਤੀ ਦੇ ਸੁਧਾਰ ਦੀ ਪਰਿਕਲਪਨਾ ਦੀ ਥਾਂ ਵਸਤੂ-ਸਥਿਤੀ ਦੇ ਯਥਾਰਥਕ ਪ੍ਰੇਰਕਾਂ ਦਾ ਬੋਧ ਕਰਾਉਣ ਦਾ ਪੈਂਤੜਾ ਲੈਂਦੀ ਹੈ। ਨਿਮਨ ਵਰਗਾਂ ਦੇ ਪਾਤਰ ਜਮਾਂਦਰੂ ਹੀ ਦੁੱਧ-ਧੋਤੇ ਹੁੰਦੇ ਹਨ, ਦੀ ਮਿਥਕ ਧਾਰਨਾ ਨੂੰ ਤੋੜਦਿਆਂ ਇਹ ਕਹਾਣੀਕਾਰ ਉਨ੍ਹਾਂ ਦੇ ਚਰਿਤਰ ਦੀਆਂ ਗੈਰਮਾਨਵੀ ਵ੍ਰਿਤੀਆਂ ਦਾ ਵੀ ਪ੍ਰਗਟਾ ਕਰਨਾ ਵੀ ਆਰੰਭਦੇ ਹਨ। ਮਿਸਾਲ ਵਜੋਂ 'ਹੁੰਮਸ' ਕਹਾਣੀ ਦਾ ਕੀੜੂ ਜੋਰਾ ਸਿੰਹੁ ਤੇ ਉਸ ਦੇ ਇਕੋ ਇਕ ਸਾਲੇ ਨੂੰ ਵੱਢ ਦਿੰਦਾ ਹੈ, ਪਰ ਇਸ ਕਾਰੇ ਪਿੱਛੋ ਕੀੜੂ ਦੇ ਮਨ ਵਿਚ ਛਿਣ-ਭਰ ਲਈ ਵੀ ਸਵੈ-ਗਿਲਾਨੀ ਦੀ ਭਾਵਨਾ ਨਹੀਂ ਉਪਜਦੀ।

ਨੌਵੇਂ ਦਹਾਕੇ ਵਿਚ ਕੇਂਦਰੀ ਸਥਾਨ ਹਾਸਲ ਕਰਨ ਲਈ ਸੰਘਰਸ਼ਸ਼ੀਲ ਸ਼ਹਿਰੀ ਮੱਧਵਰਗ ਦੀ ਨਿੱਜ-ਕੇਂਦਰਤ, ਉਪਭੋਗਵਾਦੀ ਮੌਕਾਪ੍ਰਸਤ, ਪਦਾਰਥਮੁਖੀ, ਕੰਪਲੈਕਸਾਂ-ਮਾਰੀ, ਨਵੇਂ ਰਾਹਾਂ ਦੀ ਤਲਾਸ਼ਗੀਰ ਅਤੇ ਜੀਵਨਮੁਖੀ ਲੱਛਣਾਂ ਦੇ ਕੋਲਾਜ਼ ਰਾਹੀਂ ਨਿਰਮਤ ਮਾਨਸਿਕਤਾ ਦੇ ਵਿਭਿੰਨ ਪਾਸਾਰਾਂ ਨੂੰ ਆਪਣਾ ਕਥਾ-ਵਸਤੂ ਬਨਾਉਣ ਵਾਲੀ ਕਹਾਣੀ ਦਾ ਪੈਰੋਕਾਰ ਇਕ ਸਮੱਰਥ ਵਰਗ ਆਪਣੀ ਹੋਂਦ ਦਾ ਲੋਹਾ ਮਨਵਾਉਣ ਦੇ ਭਰਪੂਰ ਯਤਨ ਕਰਦਾ ਹੈ। ਇਸ ਵਿਚ ਮੋਹਨ ਭੰਡਾਰੀ, ਦੇਵ ਭਰਦਵਾਜ, ਮਹੀਪ ਸਿੰਘ, ਰਜਿੰਦਰ ਕੌਰ, ਅਜੀਤ ਕੌਰ, ਗੁਲ ਚੌਹਾਨ, ਪ੍ਰੇਮ ਪ੍ਰਕਾਸ਼, ਨ੍ਰਿਪਇੰਦਰ ਰਤਨ, ਵਿਸ਼ੇਸ਼ ਹਨ। ਪ੍ਰਗਤੀਵਾਦੀ ਮਾਨਵਵਾਦ ਦਾ ਅਚੇਤ-ਸੁਚੇਤ ਪ੍ਰਭਾਤ ਕਬੂਲਣ ਵਾਲੇ ਪੰਜਾਬੀ ਕਹਾਣੀਕਾਰ ਮੱਧਵਰਗ ਦੀਆਂ ਪਦਾਰਥਕ ਲਾਲਸਾਵਾਂ ਨੂੰ ਆਮ ਕਰਕੇ ਵਿਅੰਗ ਦੀ ਦ੍ਰਿਸ਼ਟੀ ਨਾਲ ਹੀ ਚਿਤਰਦੇ ਰਹੇ ਹਨ। ਉਨ੍ਹਾਂ ਲਈ ਇਹ ਵਰਗਾਂ ਨੂੰ ਹਮਦਰਦੀ ਦੀ ਭਾਵਨਾ ਨਾਲ ਸੰਬੋਧਨ ਕੀਤਾ 'ਗਿਆ ਹੈ।

ਮੋਹਨ ਭੰਡਾਰੀ ਕਹਾਣੀ 'ਕੁੱਕੜ ਦਾ ਫੰਘ' ਉਸ ਸੇਵਾਦਾਰ ਹੀਰਾ ਲਾਲ ਦਾ ਜੀਵਨ-ਬਿਰਤਾਂਤ ਪੇਸ਼ ਕਰਦੀ ਹੈ ਜਿਸ ਨੂੰ ਦਫ਼ਤਰ ਦੇ ਮੱਧਵਰਗੀ ਅਮਲੇ ਦਾ ਕੁਹਝਾ ਵਿਵਹਾਰ ਮਨੁੱਖ ਤੋਂ ਕੁੱਕੜ ਦਾ ਫੰਘ ਬਣਾ ਧਰਦਾ ਹੈ। ਹੀਰਾ ਲਾਲ ਜਿਵੇਂ ਉਨ੍ਹਾਂ ਲਈ ਬੁਸੇ ਵਾਤਾਵਰਨ ਦੀ ਰੁਟੀਨ ਤੋੜਨ ਲਈ ਮਹਿਜ਼ ਇਕ ਖਿਡਾਉਣਾ ਹੈ।

ਨ੍ਰਿਪਇੰਦਰ ਰਤਨ ਦੀਆਂ ਕਹਾਣੀਆਂ ਅਫ਼ਸਰਸ਼ਾਹ ਮੱਧਵਰਗ ਦੇ ਸਵੈਕੇਂਦਰਤ ਸੁਭਾਅ ਅਤੇ ਮਕਾਨਕੀ ਸੋਚ ਦੇ ਧਾਰਨੀ ਹੁੰਦੇ ਜਾਣ ਦੀ ਪ੍ਰਕਿਰਿਆ ਨੂੰ ਹਲਕੇ ਵਿਅੰਗ ਦੀ ਛੋਹ ਨਾਲ ਪੇਸ਼ ਕਰਦੀਆਂ ਹਨ। ਉਸ ਦੀ ਕਹਾਣੀ 'ਇਕ ਅਫ਼ਸਰ ਦਾ ਜਨਮ' ਇਕ ਸਧਾਰਨ ਕਿਸਾਨੀ ਪਰਿਵਾਰ ਚੋਂ ਉੱਠ ਕੇ ਅਫ਼ਸਰਸ਼ਾਹ ਮੱਧਵਰਗ ਦਾ ਸਰੂਪ ਗ੍ਰਹਿਣ ਕਰ ਰਹੇ ਪਾਤਰ ਜੋਗੇ ਦੇ ਮਾਨਸਿਕ ਪਰਿਵਰਤਨ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹੈ।

ਗੁਲ ਚੌਹਾਨ ਦੀ ਕਹਾਣੀ 'ਦੂਸਰੀ ਤਰ੍ਹਾਂ ਦੀ ਖਬਰ' ਇਕ ਮੱਧਵਰਗੀ ਪਤੀ-ਪਤਨੀ ਦੇ ਨੈਤਿਕ ਨਿਘਾਰ ਦਾ ਜ਼ਿਕਰ ਤਿੱਖੇ ਵਿਅੰਗ ਰਾਹੀਂ ਕਰਦੀ ਹੈ। ਪਾਤਰ ਜਿਸਨੂੰ ਉਸ ਦੀ ਪਤਨੀ ਵਰਿੰਦਰ 'ਬੜੇ ਸੈਂਸਟਿਵ' ਦਾ ਵਿਸ਼ੇਸ਼ਣ ਲਾ ਕੇ ਸੰਬੋਧਿਤ ਹੁੰਦੀ ਹੈ, ਆਪਣੀ ਪ੍ਰਮੋਸ਼ਨ ਜਾਂ ਸਿਰਫ 'ਸੀਟ ਬਦਲਣ' ਵਾਸਤੇ ਆਪਣੀ ਪਤਨੀ ਨੂੰ 'ਬਾਸ' ਕੋਲ ਪੇਸ਼ ਕਰ ਦਿੰਦਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਉਸ ਦੀ ਪਤਨੀ ਵੀ ਅਜਿਹੀ ਭੂਮਿਕਾ ਨਿਭਾਉਣ ਤੋਂ ਬਾਅਦ ਕਿਸੇ ਹੀਣ-ਭਾਵ ਜਾਂ ਨੈਤਿਕ ਸੰਕਟ ਦਾ ਸ਼ਿਕਾਰ ਨਹੀਂ ਹੁੰਦੀ ਸਗੋਂ ਇਸ ਦੇ ਉਲਟ ਪਤੀ ਦੀ ਨੌਕਰੀ ਦੇ ਬਰਾਬਰ 'ਕੰਟਰੀਬਿਊਟ' ਕਰਨਾ ਸਮਝਦੀ ਹੈ। ਵਰਿੰਦਰ ਦੀ ਬਾਹਰੀ ਨਿਰਮਾਣਤਾ ਨੂੰ ਗੁਲ ਚੌਹਾਨ ਉਸ ਦੀ ਲੀਚੜਗੀ ਉੱਤੇ ਮੁਲੰਮੇ ਦ ਰੂਪ ਚ ਵੇਖਦਾ ਹੈ :-

"ਇਹ ਆਦਮੀ ਜਿਸ ਉਪਰ ਨਿਰਮਾਣਤਾ ਦਾ ਬਣਾਵਟੀ ਅਤੇ ਮੋਟਾ ਛਿਲਕਾ ਚੜ੍ਹਿਆ ਹੋਇਆ ਹੈ, ਜਿਸ ਦੀ ਆਵਾਜ਼ ਅਤੇ ਸ਼ਬਦਾਂ ਦੀ ਚੋਣ ਤੋਂ ਲਗਦਾ ਹੈ ਕਿ ਅਗਲੇ ਪਲ ਕਿਸੇ ਪਾਲਤੂ ਕੁੱਤੇ ਦੀ ਤਰ੍ਹਾਂ ਪੈਰਾਂ 'ਚ ਡਿੱਗਿਆ ਪਿਆ ਮਿਲੇਗਾ, ਲੋਟਣੀਆਂ ਖਾਂਦਾ, ਹੋਇਆ, ਆਪਣੀ ਸਿੱਲੀ ਗੁਲਾਬੀ ਜੀਭ ਨਾਲ ਤੁਹਾਡੇ ਬੂਟਾਂ ਦੀ ਪਾਲਸ਼ ਖਰਾਬ ਕਰਦਾ।

ਮੱਧ ਵਰਗ ਦੇ ਜਟਿਲ ਚਰਿਤਰ ਨੂੰ ਕਥਾ-ਵਸਤੂ ਬਨਾਉਣ ਵਾਲੀਆਂ ਇਨ੍ਹਾਂ ਕਹਾਣੀਆਂ ਦੇ ਰਚਨਹਾਰਿਆਂ ਦੀ ਦ੍ਰਿਸ਼ਟੀ ਵੀ ਭਾਵੇਂ ਪਰੰਪਰਿਕ ਸਦਾਚਾਰਕ ਉਲਾਰ ਤੋਂ ਮੁਕਤ ਅਤੇ ਅਤੀ ਆਧੁਨਿਕ ਜੀਵਨ-ਜਾਂਚ ਦੇ ਬੇਲੋੜੇ ਮੋਹ ਤੋਂ ਨਿਰਲੇਪ ਰਹਿਣ ਵਾਲੀ ਹੈ, ਪਰ ਇਹ ਕਥਾਕਾਰ ਸੰਕਟ ਦੀ ਪੇਚੀਦਗੀ ਨੂੰ ਉਸ ਦੀ ਪੂਰੀ ਸਮੁੱਚਤਾ ਵਿਚ ਗ੍ਰਹਿਣ ਕਰਨ ਅਤੇ ਕਲਾਤਮਕ ਬਿੰਬ ਚ ਢਾਲ ਸਕਣ ਵਿੱਚ ਉਸ ਕਦਰ ਸਫਲ ਨਹੀਂ ਹੋ ਸਕੇ ਜਿਸ ਕਦਰ ਪ੍ਰੇਮ ਪ੍ਰਕਾਸ਼ ਸ਼ਹਿਰੀ ਮੱਧਵਰਗ ਦੇ ਜਟਿਲ ਚਰਿਤਰ ਨੂੰ ਸਮਝ ਸਕਿਆ ਹੈ। ਵਿਸ਼ੇਸ਼ ਕਰਕੇ ਔਰਤ-ਮਰਦ ਦੇ ਸੰਬੰਧਾਂ ਦੀ ਪੇਚੀਦਗੀ ਨੂੰ ਉਸ ਨੇ ਬਹੁਤ ਡੂੰਘਾਈ ਵਿਚ ਜਾ ਕੇ ਨਵੇਂ ਕੋਣ ਤੋਂ ਪਕੜਿਆ ਹੈ। ਇਸ ਨਵੀਂ ਦ੍ਰਿਸ਼ਟੀ ਦਾ ਆਗਮਨ ਪ੍ਰੇਮ ਪ੍ਰਕਾਸ਼ ਦੀ ਅਜਿਹੀ ਰਚਨਾ-ਦ੍ਰਿਸ਼ਟੀ ਉਸ ਵਸਤੂਮੁਖੀ ਸੋਚ ਵਾਲੇ ਉਤਮਪੁਰਖੀ ਬਿਰਤਾਂਤਕਾਰ ਨੂੰ ਨਵੇਂ ਸੱਚ ਦੇ ਸਨਮੁੱਖ ਕਰਦੀ ਹੈ ਜਿਸ ਰਾਹੀਂ ਉਹ ਵਸਤੂ-ਯਥਾਰਥ ਦੇ ਗੁੰਝਲਦਾਰ ਵਰਤਾਰੇ ਨੂੰ ਬਹੁਕੋਣਾ ਤੋ ਫੋਕਸ ਕਰਦਾ ਹੈ। ਕਹਾਣੀ 'ਮੁਕਤੀ' ਦਾ ਅਧਿਐਨ ਉਪਰੋਕਤ ਧਾਰਨਾਵਾਂ ਦੀ ਗਵਾਹੀ ਭਰ ਸਕਦਾ ਹੈ।

ਦੋ ਭਾਗਾਂ ਵਿੱਚ ਵੰਡੀ ਇਹ ਕਹਾਣੀ ਇਕ ਮੱਧਵਰਗੀ ਸ਼ਹਿਰੀ ਔਰਤ ਸ਼ੁਸ਼ਮਾ ਦੀ ਮਾਨਸਿਕ ਭਟਕਣ ਅਤੇ ਸੁਹਿਰਦ ਮਾਨਵੀ ਪਿਆਰ ਦੀ ਲੋਚਾ ਦਾ ਕਥਾ-ਬਿੰਬ ਪੇਸ਼ ਕਰਦੀ ਹੈ। ਅਜਿਹਾ ਪਿਆਰ ਨਾ ਉਸ ਨੂੰ ਪਤੀ-ਪਤਨੀ ਦੇ ਪਰੰਪਰਿਕ ਰਿਸ਼ਤੇ ਚੋਂ ਮਿਲਦਾ ਪ੍ਰਤੀਤ ਹੁੰਦਾ ਹੈ ਅਤੇ ਨਾ ਹੀ ਵਿਆਹ ਬਾਹਰੇ ਵਰਜਿਤ ਰਿਸ਼ਤਿਆਂ ਦੇ ਸੰਸਾਰ ਚੋਂ। ਅਜਿਹੇ ਪਿਆਰ ਦੀ ਅਣਹੋਂਦ ਹੀ ਉਸ ਲਈ



ਦੁੱਖਾਂ ਦਾ ਕਾਰਣ ਹੈ ਅਤੇ ਇਨ੍ਹਾਂ ਦੁੱਖਾ ਤੋਂ ਨਿਜ਼ਾਤ ਲਈ ਉਹ ਮੁਕਤੀ ਦੀ ਤਲਾਸ਼ ਵਿਚ ਭਟਕਦੀ ਹੈ। ਇਸ ਪਿਆਰ ਦਾ ਛਿਣਕ ਅਹਿਸਾਸ ਤਾਂ ਉਸ ਨੂੰ ਰਜਿੰਦਰ ਨਾਲ ਵਿਆਹ ਤੋਂ ਫੌਰੀ ਬਾਅਦ ਵੀ ਹੁੰਦਾ ਹੈ। ਪ੍ਰੋ. ਵਰਮਾ ਅਤੇ ਨਰਿੰਦਰ ਨਾਲ ਮਾਨਸਿਕ ਅਤੇ ਸਰੀਰਕ ਪ੍ਰੇਮ ਸਮੇਂ ਵੀ ਉਹ ਅਜਿਹਾ ਮਹਿਸੂਸ ਕਰਦੀ ਹੈ। ਅੰਤ ਬਿਮਾਰੀ ਸਮੇਂ ਅਨਪੜ੍ਹ ਭੂਆ ਵੱਲੋਂ ਸੁਹਿਰਦ, ਬੇਗਰਜ਼ ਅਤੇ ਮਾਨਵੀ ਅਪਣੱਤ ਭਾਵ ਨਾਲ ਸਾਂਭ-ਸੰਭਾਲ ਕੀਤੇ ਜਾਣ ਵੇਲੇ ਵੀ ਉਹ ਆਨੰਦ ਦੇ ਪਲ ਮਹਿਸੂਸਦੀ ਹੈ। ਪਰ ਉਸ ਦੀ ਜੁਸਤਜੂ ਇਸ ਤੋਂ ਵਡੇਰੀ ਹੈ। ਉਹ ਸੋਚਦੀ ਹੈ-

"ਅਨੰਦ ਰੋਗ ਦਾ ਨਾਮ ਨਹੀਂ, ਸੁਆਰਥ ਦਾ ਹੈ। ਸੱਚਾ ਆਨੰਦ ਉਹ ਹੈ ਜਿਹੜਾ ਨਿਰੰਤਰ ਰਹੇ, ਲਗਾਤਾਰ ਆਤਮਾ ਅਨੁਭਵ ਕਰਦੀ ਰਹੇ। ਉਸ ਦੀ ਸਿਖਰ ਬਿੰਦ ਤਾਂ ਆਵੇ ਪਰ ਅੰਤ ਦੁੱਖ ਭਰਿਆ ਤੇ ਖਾਲੀਪਣ ਦੇਣ ਵਾਲਾ ਨਾ ਹੋਵੇ, ਸਗੋਂ ਮਨੁੱਖ ਨੂੰ ਭਰਿਆ ਭਰਿਆ ਰੱਖੇ।"

ਆਨੰਦ ਦੀ ਇਹ ਅਵਸਥਾ ਨਾ ਤਾਂ ਸ਼ੁਸ਼ਮਾ ਨੂੰ ਪਦਾਰਥਕ ਵਸੀਲਿਆਂ ਦੀ ਬਹੁਲਤਾ ਨਾਲ ਪ੍ਰਾਪਤ ਹੁੰਦੀ ਹੈ, ਨਾ ਨੌਕਰੀ ਨਾਲ, ਨਾ ਨੌਕਰੀ ਛੱਡਣ ਨਾਲ, ਨਾ ਸੰਤ ਆਸ਼ਰਮ ਵਿਚ, ਨਾ ਹੀ ਕਾਮ-ਕ੍ਰੀੜਾ ਦੀ ਇੰਤਹਾ ਨਾਲ ਅਤੇ ਨਾ ਹੀ ਇੰਦਰਿਆਵੀ ਸੁੱਖਾਂ ਦੇ ਤਿਆਗ ਨਾਲ। ਸੰਪੂਰਨ ਅਤੇ ਨਿਰੰਤਰ ਆਨੰਦ ਦਾ ਇਹ ਸੰਕਲਪ, ਸ਼ਹਿਰੀ ਮੱਧਵਰਗ ਦਾ ਉਹ ਆਦਰਸ਼ ਹੈ ਜੋ ਮੱਧਕਾਲ ਦੇ ਅਦਵੈਤ ਦੇ ਸੰਕਲਪ ਵਾਂਗ ਹੀ ਅਪਹੁੰਚ ਹੈ। ਇਸ ਆਦਰਸ਼ ਨੇ ਮੱਧਵਰਗੀ ਔਰਤ-ਮਰਦ ਨੂੰ ਨਿੱਤ ਨਵੇਂ ਦਿਸਹੱਦਿਆ ਦੀ ਤਲਾਸ਼ ਦਾ ਉਦਮ ਵੀ ਬਖਸ਼ਿਆ ਹੈ ਅਤੇ ਭਟਕਣ ਤੋਂ ਪੈਦਾ ਹੋਣ ਵਾਲੀ ਸਿਥਲਤਾ ਵੀ ਦਿੱਤੀ ਹੈ। ਮੱਧਵਰਗੀ ਦੀ ਹੋਂਦ ਅਤੇ ਹੋਣੀ ਦੇ ਇਸ ਸਦੀਵੀ ਸਰੋਕਾਰ ਨੂੰ ਪ੍ਰੇਮ ਪ੍ਰਕਾਸ਼ ਨੇ ਬਹੁਕੋਣਾਂ ਤੋਂ ਵੇਖਣ ਦਾ ਯਤਨ ਕੀਤਾ ਹੈ। ਸੰਤ ਆਸ਼ਰਮ ਵਿਚ ਠਹਿਰੇ ਅੰਗਰੇਜ਼ ਮੁੰਡਾ-ਕੁੜੀ ਸਮਾਜ ਦੇ ਬੰਧਨਾ ਤੋਂ ਮੁਕਤ ਹੋਣ ਤੇ ਆਪਣੇ ਆਪ ਨੂੰ ਪ੍ਰਕਿਰਤੀ ਦੇ ਹਵਾਲੇ ਕਰਨ ਨੂੰ ਹੀ ਮੁਕਤੀ ਦਾ ਰਾਹ ਸਮਝੀ ਬੈਠੇ ਨੇ, ਪ੍ਰੋ. ਵਰਮਾ ਨੂੰ ਇਸਤਰੀ ਨਾਲ ਪ੍ਰੇਮ ਤੋਂ ਉਹ ਆਨੰਦ ਮਿਲਦਾ ਹੈ, ਜਿਹੜਾ ਜੀਵਨ ਦੇ ਪਿਛਲੇ ਸਭ ਦੁੱਖ ਸੁੱਖ ਵਿਸਾਰ ਦੇਂਦਾ ਹੈ। ਇਉਂ ਹੀ ਸੰਤ ਆਸ਼ਰਮ ਦੇ ਲੋਕਾਂ, ਨਰਿੰਦਰ ਅਤੇ ਭੂਆ ਦਾ ਆਨੰਦ-ਪ੍ਰਾਪਤੀ ਦਾ ਆਪਣਾ ਆਪਣਾ ਮਾਰਗ ਹੈ। ਇਹ ਪ੍ਰਸੰਗ ਸ਼ੁਸ਼ਮਾ ਦੇ ਸੰਕਲਪ ਦੇ ਪਰਕ ਅਤੇ ਵਿਰੋਧੀ ਰੂਪ ਵਿਚ ਮੂਲ ਪ੍ਰਸੰਗ ਨੂੰ ਹੋਰ ਸੰਕਲਪ ਦੇ ਪੂਰਕ ਅਤੇ ਸਪੱਸ਼ਟ ਕਰਦੇ ਹਨ। ਪਰ ਇਨ੍ਹਾਂ ਸਮੂਹ ਵਿਆਖਿਆਵਾਂ ਦੇ ਬਾਵਜੂਦ ਵੀ ...... "ਇਹ ਮੁਕਤੀ ਤੇ ਇਹਨਾ ਦਾ ਆਨੰਦ ਕੀ ਹੈ? ਵਾਲਾ ਪ੍ਰਸ਼ਨ ਅੰਤ ਨੂੰ ਉੱਤਰ-ਬਾਹਰਾ ਰਹਿ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਇਸ ਪ੍ਰਸ਼ਨ ਦਾ ਕੋਈ ਸੂਤਰਕ ਸਿੱਟਾ ਕੱਢਣ ਤੋਂ ਸੰਕੋਚ ਕਰਦਾ ਹੈ। ਵਸਤੂ-ਯਥਾਰਥ ਪ੍ਰਤੀ ਉਸ ਦਾ ਇਹ ਨਵੀਨ ਦ੍ਰਿਸ਼ਟੀਕੋਣ ਹੀ ਉਸ ਨੂੰ ਦੂਜੇ ਪੜਾਅ ਦੀ ਕਹਾਣੀ ਤੋਂ ਵਖਰਿਆਉਂਦਾ ਹੈ।

ਇਸ ਕਹਾਣੀ ਦੀ ਸੰਰਚਨਾ ਵੀ ਕੁਲਵੰਤ ਸਿੰਘ ਵਿਰਕ ਦੇ ਉਸ ਕਥਾ-ਮਾਡਲ ਤੋਂ ਵੱਖਰੀ ਹੈ ਜਿਸ ਬਾਰੇ ਡਾ. ਫਰੈਂਕ ਦਾ ਕਥਨ ਹੈ :-

"ਵਿਸ਼ੇ ਅਤੇ ਵਸਤੂ ਦਾ ਪੱਖੋਂ, ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦਾ ਪ੍ਰਧਾਨ ਸੁਰ ਉਨ੍ਹਾਂ ਦੀ ਸਰਲਤਾ, ਇਕ ਤਰ੍ਹਾਂ ਦਾ ਇਕਹਿਰਾਪਣ ਹੈ। ਇਸ ਇਕਹਿਰੇਪਣ ਦਾ ਮੁੱਖ ਕਾਰਨ ਯਥਾਰਥ ਵੱਲ ਉਸ ਦੀ ਪਹੁੰਚ ਹੈ।"

ਪ੍ਰੇਮ ਪ੍ਰਕਾਸ਼ ਦੀ ਕਹਾਣੀ ਪ੍ਰੋ. ਵਰਮਾ ਅਤੇ ਸ਼ੁਸ਼ਮਾ ਦੇ ਮਾਨਸਿਕ ਚਿਤਰਪਟ ਉਤੇ ਵਾਪਰਦੀ ਹੈ ਅਤੇ ਚੇਤਨਾ-ਪ੍ਰਵਾਹ ਦੀ ਕਥਾ-ਜੁਗਤ ਰਾਹੀਂ ਵਸਤੂ-ਵੇਰਵੇ ਬੀੜਦੀ ਹੈ। ਪ੍ਰੇਮ ਪ੍ਰਕਾਸ਼ ਘਟਨਾਤਮਕ ਗੁੰਝਲਾਂ ਰਾਹੀ ਕਥਾ-ਰਸ ਪੈਦਾ ਕਰਨ ਦੀ ਥਾਂ ਚਰਿਤਰ-ਉਸਾਰੀ ਦੇ ਰਹੱਸ ਰਾਹੀ ਪਾਠਕ ਦੀ ਜਗਿਆਸਾ ਨੂੰ ਤੀਬਰ ਕਰਦਾ ਹੈ। ਪ੍ਰਸ਼ਨ-ਸੂਚਕ ਕਥਾ-ਜੁਗਤ ਦੁਆਰਾ ਉਹ ਵਸਤੂ-ਯਥਾਰਥ ਨੂੰ ਪਰਤ ਦਰ ਪਰਤ ਖਲ੍ਹਦੇ ਜਾਣ ਵਾਸਤੇ ਰਾਹ ਕੱਢ ਲੈਂਦਾ ਹੈ। ਕਹਾਣੀ ਮੁਕਤੀ ਵਿਚ ਸ਼ੁਸ਼ਮਾ ਦੀ ਭਟਕਣ ਨਾਲ

ਤੁਰਦਾ ਪਾਠਕ ਮਨੁੱਖੀ ਵਿਵਹਾਰ ਦੀਆਂ ਅਨੇਕਾਂ ਤੈਹਾਂ ਵਿਚੋਂ ਦੀ ਲੰਘ ਜਾਂਦਾ ਹੈ ਅਤੇ ਅੰਤ ਕੇਂਦਰ ਸੱਚ ਦੇ ਅੰਨ ਨਜ਼ਦੀਕ ਪਹੁੰਚ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਦੀ ਵਸਤੂਮੁਖੀ ਦ੍ਰਿਸ਼ਟੀ ਮਰਦਵਾਦੀ ਅ ਨਾਰੀਵਾਦੀ ਸੰਦਰਭਾਂ ਨੂੰ ਵੀ ਬੇਲੋੜੇ ਸਿੱਧ ਕਰਦੀ ਜਾਂਦੀ ਹੈ।

ਇਉਂ ਪ੍ਰੇਮ ਪ੍ਰਕਾਸ਼ ਦੀ ਕਹਾਣੀ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਦੀ ਨੀਂਹ ਵੀ ਬਣਦੀ ਅਤੇ ਇਸ ਦੀਆਂ ਨਵੀਆਂ ਸੰਭਾਵਨਾਵਾਂ ਵੀ ਭਲੀ-ਭਾਂਤ ਉਜਾਗਰ ਕਰਦੀ ਹੈ।

ਨੌਂਵੇਂ ਦਹਾਕੇ ਵਿਚ ਪੰਜਾਬ ਸੰਕਟ ਦੇ ਪ੍ਰੋਖ ਅਤੇ ਅਪ੍ਰੋਖ ਪ੍ਰੇਰਕਾਂ ਦੀ ਨਿਸ਼ਾਨਦੇਹੀ ਕਰਨ ਵਾਲੀਆਂ ਪੰਜਾਬੀ ਕਹਾਣੀਆਂ ਦਾ ਗਿਣਤੀ ਪੱਖੋਂ ਭਾਵੇਂ ਕਾਫੀ ਭੰਡਾਰ ਹੈ ਪਰ ਰਚਨਾ-ਦ੍ਰਿਸ਼ਟੀ ਅ ਕਲਾਤਮਕਤਾ ਦੇ ਪੱਖ ਵਿਰਲੀਆਂ ਨੂੰ ਹੀ ਮਾਨਤਾ ਪ੍ਰਾਪਤ ਹੋ ਸਕੀ। ਕੇਵਲ ਭਾਵਨਾ ਦੀ ਪੱਧਰ ਉ ਸੰਪਰਦਾਇਕ ਸਾਂਝ ਸਿਰਜਣ ਦੇ ਪ੍ਰਤਿਮਾਨ ਨੂੰ ਸਚਿਆਉਂਦੀਆਂ ਬਹੁਤ ਸਾਰੀਆਂ ਕਹਾਣੀਆਂ ਪਰੰਪਰਿ ਕਥਾ-ਮਾਡਲ ਦੀ ਵਲਗਣ ਵਿਚ ਹੀ ਸਮਾ ਜਾਂਦੀਆ ਹਨ। ਕੁਝ ਕੁ ਕਹਾਣੀਆਂ ਹੀ ਹਨ ਜਿਹੜੀਆਂ ਇਸ ਸੰਕਟ ਦੀ ਤਹਿ ਵਿਚ ਆਪਣਾ ਕਹਾਣੀਪਣ ਵੀ ਕਾਇਮ ਰਖਦੀਆ ਹਨ। ਇਸ ਤੋਂ ਵੀ ਅੱਗੇ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਨਵੇਂ ਪੜਾਅ ਦੀਆਂ ਸੂਚਕ ਸਿੱਧ ਹੁੰਦੀਆਂ ਹਨ। ਅਜਿਹੀਆਂ ਕਹਾਣੀਆਂ ਦੇ ਰਚਨਹਾਰਿਆਂ ਵਿਚੋਂ ਵਰਿਆਮ ਸੰਧੂ ਦਾ ਨਾਂ ਸਰਵੋਤਮ ਹੈ। ਇਸ ਤੋਂ ਬਿਨਾਂ ਇਹ ਉਹ ਜਸਬੀਰ ਨਹੀਂ (ਪ੍ਰੇਮ ਪ੍ਰਕਾਸ਼), ਸਾਂਝ (ਮੋਹਨ ਭੰਡਾਰੀ), ਕਾਲੇ ਪਰਛਾਵੇਂ (ਦਲਬੀਰ ਚੇਤਨ) ਅਤੇ ਨਾ ਮਾਰੋ (ਅਜੀਤ ਕੌਰ) ਆਦਿ ਕਹਾਣੀਆਂ ਵੀ ਉਲੇਖਯੋਗ ਹਨ।

ਦਲਬੀਰ ਚੇਤਨ ਦੀ ਕਹਾਣੀ 'ਕਾਲੇ ਪਰਛਾਵੇਂ' ਪਰਛਾਵੇ ਸਿੱਖ ਅੱਤਵਾਦੀਆਂ ਦੇ ਆਤੰਕ ਦਾ ਪ੍ਰਭਾਵ ਇਕ ਉਸ ਫ਼ੌਜੀ ਦੀ ਮਾਨਸਿਕਤਾ ਰਾਹੀਂ ਉਜਾਗਰ ਕਰਦੀ ਹੈ ਜਿਹੜਾ ਆਪਣੇ ਹੀ ਪਿੰਡ ਆਪਣੇ ਜਿਗਰੀ ਦੋਸਤ ਦੇ ਅੱਤਵਾਦੀਆਂ ਹੱਥੋਂ ਕਤਲ ਕੀਤੇ ਜਾਣ ਦੀ ਘਟਨਾ ਨਾਲ ਵਿਆਕੁਲ ਹੈ, ਪਰ ਉਹ ਅਫ਼ਸੋਸ ਦੇ ਚਾਰ ਸ਼ਬਦ ਕਹਿਣ ਲਈ ਜਾਣ ਤੋਂ ਵੀ ਗੁਰੇਜ਼ ਕਰਦਾ ਹੈ, ਕਿਉਂਕਿ ਅੱਤਵਾਦੀ ਇਹ ਧਮਕੀ ਦੇ ਕੇ ਗਏ ਸਨ ਕਿ ਮਰਨ ਵਾਲਿਆਂ ਦੇ ਸੰਸਕਾਰ ਲਈ ਵੀ ਕਿਸੇ ਨੇ ਨਹੀਂ ਜਾਣਾ। ਸਥਿਤੀ ਦਾ ਸਿਖਰ ਇਹ ਹੈ ਕਿ ਫੌਜੀਗਤ ਨੂੰ ਆਪਣੀ ਪਤਨੀ ਨਾਲ ਸੰਭੋਗ ਲਈ ਉਤੇਜਿਤ ਹੈ, ਪਰ ਏਨੇ ਨੂੰ ਪਿੰਡ ਵਿਚ ਗੋਲੀ ਚੱਲਣ ਦੀ ਅਵਾਜ਼ ਆਉਂਦੀ ਹੈ। ਦਹਿਸ਼ਤਜ਼ਦਾ ਫ਼ੌਜੀ ਇਕ ਦਮ ਠੰਡਾ ਯੱਖ ਹੋ ਜਾਂਦਾ ਹੈ। ਉਸ ਦੀ ਪਤਨੀ ਭਾਵੇਂ ਇਹ ਕਹਿ ਕੇ ਉਸ ਨੂੰ ਧਰਵਾਸਾ ਦਿੰਦੀ ਹੈ ਕਿ ਫਾਇਰ ਪਿੰਡ ਦੀ ਚੌਕੀ ਚ ਲੱਗੇ ਸਿਪਾਹਿਆਂ ਨੇ ਲੋਕਾਂ ਦੀ ਸੁਰਖਿਆ ਦਾ ਵਿਸ਼ਵਾਸ਼ ਬਹਾਲ ਕਰਨ ਲਈ ਕੀਤੇ ਹਨ ਪਰ ਫ਼ੌਜੀ ਮੁੜ ਨਾਰਮਲ ਹੋਣ ਤੋਂ ਅਸਮਰਥ ਹੈ। ਇਉਂ ਇਹ ਕਹਾਣੀ ਦਹਿਸ਼ਤ ਦੇ ਪ੍ਰਭਾਵ ਅਧੀਨ ਮਨੁੱਖੀ ਸਿਰਜਣਾਤਮਿਕ ਸ਼ਕਤੀ ਦੇ ਪਸਤ ਹੋ ਜਾਣ ਵੱਲ ਸੰਕੇਤ ਕਰਦੀ ਹੈ।

ਵਰਿਆਮ ਸੰਧੂ ਦੀ ਕਹਾਣੀ "ਚੌਥੀ ਕੂੰਟ" ਸਰਕਾਰੀ ਦਮਨ ਅਤੇ ਮੂਲਵਾਦੀ ਦਹਿਸ਼ਤਗਰਦੀ ਦੇ ਵਿਚਕਾਰ ਪਿਸਦੀ ਪੰਜਾਬੀ ਵੇਦਨਾ ਦਾ ਪ੍ਰਗਟਾਵਾ ਕਰਦੀ ਹੈ। ਸੰਧੂ ਦੀਆਂ ਕਹਾਣੀਆਂ "ਭੱਜੀਆਂ ਬਾਹੀਂ", "ਮੈਂ ਹੁਣ ਠੀਕ ਠਾਕ ਹਾਂ", ਅਤੇ "ਪਰਛਾਵੇਂ" ਵੀ ਪੰਜਾਬ ਸੰਕਟ ਦੀ ਜਟਿਲ ਸਥਿਤੀ ਦੇ ਵਿਭਿੰਨ ਪਾਸਾਰਾ ਦਾ ਬੋਧ ਕਰਾਉਂਦੀਆਂ ਹਨ।

ਇਸ ਵਿਸ਼ੇ ਬਾਰੇ ਲਿਖੀ ਪ੍ਰੇਮ ਪ੍ਰਕਾਸ਼ ਦੀ ਕਹਾਣੀ "ਇਹ ਉਹ ਜਸਬੀਰ ਨਹੀਂ" ਇਕ ਹੋਰ ਕੋਣ ਤੋਂ ਵਸਤੂ-ਯਥਾਰਥ ਦੀ ਜਟਿਲਤਾ ਨੂੰ ਸਮਝਣ ਦਾ ਉਪਰਾਲਾ ਕਰਦੀ ਹੈ। ਇਸ ਦੇ ਪਾਤਰ ਸਿੱਖ ਅੱਤਵਾਦੀ ਜਸਬੀਰ ਅਤੇ ਉਸ ਦਾ ਹਿੰਦੂ ਦੋਸਤ ਹਰੀ ਦੇਵ ਭਾਵੇਂ ਚੇਤਨ ਤੌਰ ਤੇ ਸੰਪਰਦਾਇਕ ਸਾਂਝ ਅਤੇ ਦੋਸਤੀ ਦੇ ਭਾਵਾਂ ਅਨੁਕੂਲ ਇਕ ਦੂਜੇ ਨਾਲ ਸਦਭਾਵੀ ਵਿਵਹਾਰ ਕਰਨਾ ਲੋਚਦੇ ਹਨ ਪਰ ਸਵੈ-ਸੁਰਖਿਆ ਦੇ ਜਜ਼ਬੇ ਅਧੀਨ ਅਤੇ ਆਪਣੇ ਆਪਣੇ ਫਿਰਕੇ ਦੀ ਮਾਨਸਿਕਤਾ ਅਨੁਸਾਰ ਫਲੇ ਅਵਚੇਤਨ ਕਾਰਣ ਉਹ ਦੋਵੇਂ ਤਣਾਅ ਵਿਚ ਵਿਚਰਦੇ ਹਨ। ਆਪਣੇ ਪ੍ਰਗਤੀ ਵਾਦੀ ਪਿਛੋਕੜ ਅਤੇ



ਚਿਰੋਕੀ ਪਰਿਵਾਰਕ ਸਾਂਝ ਦੇ ਬਲ ਨਾਲ ਉਹ ਆਪਣੇ ਆਪਣੇ ਸੰਪਰਦਾਇਕ ਅਵਚੇਤਨ ਨੂੰ ਜਿਵੇਂ ਜਿਵੇਂ ਦਬਾਉਣ ਦਾ ਯਤਨ ਕਰਦੇ ਹਨ ਉਵੇਂ ਉਵੇਂ ਉਹ ਫਿਰਕੂ ਚੇਤਨਾ ਵਿਚ ਹੋਰ ਗ੍ਰਸਦੇ ਜਾਂਦੇ ਹਨ। ਮਿਸਾਲ ਵਜੋਂ ਜਸਬੀਰ ਦੇ ਮਨ ਵਿਚ ਡਰ ਹੈ ਕਿ ਕਿਤੇ ਉਸ ਦੀ ਗ੍ਰਿਫਤਾਰੀ ਲਈ ਰੱਖੇ ਦਸ ਹਜ਼ਾਰ ਰੁਪਏ ਦੇ ਇਨਾਮ ਖਾਤਰ ਹਰੀ ਦੇਵ ਪੁਲਿਸ ਕੋਲ ਸ਼ਿਕਾਇਤ ਨਾ ਕਰ ਦੇਵੇ। ਦੂਜੇ ਪਾਸੇ ਹਰੀ ਦੇਵ ਨੂੰ ਧੜਕੂ ਹੈ ਕਿ ਕਿਤੇ ਜਸਬੀਰ ਦੀ ਭਾਲ ਵਿਚ ਪੁਲਿਸ ਆ ਕੇ ਉਸ ਨੂੰ ਵੀ ਨਾਲ ਹੀ ਨਾ ਫਸਾ ਲਵੇ। ਉਹ ਸੋਚਦਾ ਹੈ ਫੇਰ ਮੈਂ ਵੀ ਫੜਿਆ ਜਾਊਂ ਨੌਕਰੀ ਜਾਊ, ਟੱਬਰ ਭੁੱਖਾ ਮਰ ਜਾਊ।

ਇਉਂ ਜਸਬੀਰ ਅਤੇ ਹਰੀ ਅੰਦਰ ਵੀ ਮਾਨਵੀ ਭਰੱਪਣ ਅਤੇ ਫਿਰਕੂ ਸੋਚ ਦਾ ਤਿੱਖਾ ਟਕਰਾਅ ਚਲਦਾ ਹੈ ਅਤੇ ਉਨ੍ਹਾਂ ਦੋਹਾਂ ਦੇ ਵਿਚਕਾਰ ਵੀ ਧਾਰਮਿਕ ਵਖਰੇਵੇਂ ਦਾ ਤਣਾਅ ਹਰ ਛਿਣ ਡੂੰਘਾ ਹੁੰਦਾ ਜਾਂਦਾ ਹੈ। ਪ੍ਰੇਮ ਪ੍ਰਕਾਸ਼ ਨੇ ਉਨ੍ਹਾਂ ਦੀ ਦੋਫਾੜ ਮਾਨਸਿਕਤਾ ਨੂੰ ਬੜੇ ਯਥਾਰਥਕ ਢੰਗ ਨਾਲ ਪਕੜਿਆ ਹੈ। ਉਨ੍ਹਾਂ ਦੇ ਤਣਾਅ ਦੀ ਪਿੱਠ ਭੂਮੀ ਵਿਚ ਕਾਰਜਸ਼ੀਲ ਪੰਜਾਬ ਸੰਕਟ ਦਾ ਵਿਸ਼ਾਲ ਰੂਪ ਵੀ ਭਲੀ ਭਾਂਤ ਉਜਾਗਰ ਹੋ ਜਾਂਦਾ ਹੈ।

ਪ੍ਰੇਮ ਪ੍ਰਕਾਸ਼ ਦੇ ਪਾਤਰ ਅਤੇ ਉਨ੍ਹਾਂ ਦੀ ਚਰਿਤਰ ਉਸਾਰੀ ਇਕ ਹੋਰ ਦਿਸ਼ਾ ਵਲ ਵੀ ਬੜਾ ਸਾਰਗਰਭਿਤ ਸੰਕੇਤ ਕਰਦੀ ਹੈ । ਉਹ ਇਹ ਹੈ ਕਿ ਪੰਜਾਬ ਸੰਕਟ ਦੌਰਾਨ ਪੰਜਾਬੀ ਕਹਾਣੀਕਾਰਾਂ ਦੀ ਪ੍ਰਗਤੀਵਾਦੀ ਚੇਤਨਾ ਦੇ ਨਾਲ-ਨਾਲ ਉਨ੍ਹਾਂ ਦਾ ਜਾਤੀ ਅਵਚੇਤਨ ਵੀ, ਜਸਬੀਰ ਅਤੇ ਹਰੀ ਦੇਵ ਵਾਂਗ ਹੀ, ਜਾਗ ਉਠਿਆ ਸੀ। ਫਲਸਰੂਪ ਹਿੰਦੂ ਅਵਚੇਤਨ ਵਾਲੇ ਕਹਾਣੀਕਾਰਾਂ ਲਈ 'ਅੱਤਵਾਦੀ' ਇਕ ਗੁਮਰਾਹ ਹੋਇਆ ਟੋਲਾ ਸੀ ਜਿਸ ਨੂੰ ਸਰਕਾਰੀ ਦਮਨ ਰਾਹੀਂ ਦਬਾ ਦੇਣਾ ਹੀ ਉੱਚਿਤ ਸੀ। ਦੂਜੇ ਪਾਸੇ ਸਿੱਖ ਸੰਸਕ੍ਰਿਤੀ ਦੇ ਅਵਚੇਤਨ ਵਾਲੇ ਕਹਾਣੀਕਾਰ ਪੰਜਾਬ ਸੰਕਟ ਦੀ ਜਿੰਮੇਵਾਰੀ ਮੁੱਖ ਤੌਰ 'ਤੇ ਕੇਂਦਰ ਦੇ ਪੱਖਪਾਤੀ ਰਵੱਈਏ ਉਪਰ ਸਿੱਟਦੇ ਸਨ। ਉਹ ਸਿੱਖ ਅੱਤਵਾਦ ਨੂੰ ਵਿਘਟਨਕਾਰੀ ਸ਼ਕਤੀ ਤਾਂ ਜ਼ਰੂਰ ਮੰਨਦੇ ਹਨ ਪਰ ਇਸ ਦੇ ਪ੍ਰੇਰਕਾਂ ਵਜੋਂ ਕਿਸਾਨੀ ਨੂੰ ਮੂਲ ਕਾਰਨ ਮਿੱਥਦੇ ਸਨ। ਇਉਂ ਪੰਜਾਬੀ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿਚ ਇੱਕ ਵੰਡ-ਰੇਖਾ ਸੁੱਤੇ ਸਿੱਧ ਹੀ ਖਿੱਚੀ ਗਈ ਸੀ । ਇਸ ਦੇ ਬਾਵਜੂਦ ਪੰਜਾਬੀ ਕਹਾਣੀਕਾਰਾਂ ਦੀ ਵਸਤੂਮੁਖੀ ਪਹੁੰਚ ਇਸ ਤੱਥ ਰਾਹੀਂ ਉਜਾਗਰ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਦੇ ਆਪਣੇ ਅਵਚੇਤਨ ਦਾ ਨੰਗਾ-ਚਿੱਟਾ ਪ੍ਰਦਰਸ਼ਨ ਕਰਨ ਨਾਲੋਂ ਇਸ ਉੱਤੇ ਅੰਕੁਸ਼ ਲਾ ਕੇ ਆਪਣੀ ਮਾਨਵਵਾਦੀ ਦ੍ਰਿਸ਼ਟੀ ਦਾ ਪੱਲਾ ਘੁੱਟ ਕੇ ਫੜੀ ਰੱਖਣ ਲਈ ਭਰਪੂਰ ਉਪਰਾਲੇ ਕੀਤੇ।

ਕਰਤਾਰ ਸਿੰਘ ਦੁੱਗਲ, ਮਹਿੰਦਰ ਸਿੰਘ ਸਰਨਾ ਅਤੇ ਕੁਲਵੰਤ ਸਿੰਘ ਵਿਰਕ ਆਦਿ ਦੂਜੇ ਪੜਾਅ ਕੇ ਕਹਾਣੀਕਾਰਾਂ ਦੀਆਂ ਸੰਤਾਲੀ ਦੀ ਵੰਡ ਦੇ ਦੁਖਾਂਤ ਨੂੰ ਰਚਨਾ-ਵਸਤੂ ਬਨਾਉਣ ਵਾਲੀਆਂ ਕਹਾਣੀਆਂ ਮੂਲ ਰੂਪ 'ਚ ਲੁੱਟੀ-ਪੁੱਟੀ ਮਾਨਵਤਾ ਦੇ ਕਰੁਣਾਮਈ ਚਿਤਰ ਉਭਾਰਨ ਵੱਲ ਰੁਚਿਤ ਹਨ। ਵੱਧ ਤੋ ਵੱਧ ਅੰਤ ਉਤੇ ਕੋਈ ਮਾਨਵਵਾਦੀ ਘਟਨਾ ਰਾਹੀਂ ਰੋਸ਼ਨੀ ਦਾ ਝਲਕਾਰਾ ਪੇਸ਼ ਕਰ ਦਿੱਤਾ ਜਾਂਦਾ ਸੀ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ' ਵਿਚ ਉਧਾਲੀ ਹੋਈ ਸਿੱਖ ਇਸਤਰੀ ਦੇ ਦੁੱਖਾਂ ਨੂੰ ਪਹਿਲਾਂ ਦਇਆਭਾਵੀ ਦ੍ਰਿਸ਼ਟੀ ਰਾਹੀਂ ਉਭਾਰਿਆ ਗਿਆ ਹੈ ਅਤੇ ਅੰਤ ਉੱਤੇ 'ਮਾਨਵੀ ਸਹਿਰਦਤਾ' ਰਾਹੀਂ ਘੋਰ ਨਿਰਾਸ਼ਾ ਦੇ ਮਾਹੌਲ ਵਿਚੋਂ ਵੀ ਆਸ਼ਾ ਦੀ ਕਿਰਨ ਪੈਦਾ ਹੁੰਦੀ ਵਿਖਾਈ ਗਈ ਹੈ।

"ਤੂੰ ਮੇਰਾ ਸਿੱਖ ਭਰਾ ਏ, ਮੈ ਵੀ ਕਦੀ ਸਿੱਖ ਹੁੰਦੀ ਸੀ । ਹੁਣ ਤੇ ਮੈਂ ਮੁਸਲਮਾਨ ਹੋ ਗਈ ਆਂ। ਏਸ ਵੇਲੇ ਏਸ ਦੁਨੀਆਂ ਵਿਚ ਮੇਰਾ ਕੋਈ ਨਹੀਉਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇਕ ਨਨਾਣ ਏ ਨਿੱਕੀ। ਰੁੜ੍ਹ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੇ। ਉਸ ਦਿਨ ਹਮਲੇ ਸਭ ਤੋਂ ਵੱਡੀ ਧਾੜ ਉਹਨਾਂ ਦੀ ਹੀ ਸੀ। ... ਤੇਰੀ ਐਸ ਵੇਲੇ ਮੈਨੂੰ ਬੜੀ ਚੋਂਧਰ ਜਾਪਦੀ ਏ । ਤੂੰ ਉਹ ਨੂੰ ਏਥੇ ਮੇਰੇ ਕੋਲ

ਲਿਆ ਦੇ... ਮੈਂ ਆਪਣੇ ਹੱਥੀਂ ਉਹਨੂੰ ਕਿਸੇ ਦੇ ਲੜ ਲਾਵਾਂਗੀ । ਮੇਰੀ ਸਾਂਝ ਵਧੇਗੀ, ਮੇਰੀਆਂ ਬਾ ਬਣਨਗੀਆਂ । ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ।"

ਪ੍ਰੇਮ ਪ੍ਰਕਾਸ਼ ਦੀ ਕਹਾਣੀ ' ਇਹ ਉਹ ਜਸਵੀਰ ਨਹੀਂ', ਵਿਚ ਨਿਰਸੰਦੇਹ, ਜਸਬੀਰ ਅਤੇ ਹ ਦਵੰਦ ਦੇ ਸੰਕਟ ਨੂੰ ਮਾਨਵੀ ਸੁਹਿਰਦਤਾ ਨਾਲ ਹੀ ਚਿਤਰਿਆ ਗਿਆ ਹੈ ਅਤੇ ਅੰਤ ਉਤੇ ਮਾਨ ਭਰੱਪਣ ਦੀ ਭਾਵਨਾ ਨੂੰ ਵੀ ਇਹ ਕਹਿ ਕੇ ਅਗਰਭੂਮਿਤ ਕੀਤਾ ਗਿਆ ਹੈ, "...ਆਉਣ ਵਾਲੇ ਸ ਦਿਨ ਰਾਤ ਦੀ ਡਿਊਟੀ ਨਾ ਕਰੀਂ । ਨਾਲੇ ਬੱਚਿਆਂ ਨੂੰ ਬਾਹਰ ਨਾ ਜਾਣ ਦਿਓ।" ਪਰ ਅੰਤਰ ਇਹ ਕਿ ਪ੍ਰੇਮ ਪ੍ਰਕਾਸ਼ ਦੀ ਰੁਚੀ ਆਪਣੇ ਪਾਤਰਾਂ ਦੇ ਚੇਤਨ ਨਾਲੋਂ ਅਵਚੇਤਨ ਵਿਚ ਵਧੇਰੇ ਹਨ। ਕਹਾ ਦੇ ਹਰ ਵਾਕ ਵਿੱਚ ਪਾਤਰ ਆਪਣੇ ਚੇਤਨ ਅਤੇ ਅਵਚੇਤਨ ਵਿੱਚ ਉਲਝੇ ਹੋਏ ਦ੍ਰਿਸ਼ਟੀਗਤ ਹੁੰਦੇ ਹ ਇਹ ਦਵੰਦ, ਜਟਿਲਤਾ, ਤਣਾਅ ਅਤੇ ਸ਼ੰਕਾਬਿਰਤੀ ਆਦਿ ਵਿਰਕ ਦੇ ਪਾਤਰਾਂ ਦੀ ਨਿਸਬਤ ਪ੍ਰੇ ਪ੍ਰਕਾਸ਼ ਦੇ ਪਾਤਰਾਂ ਵਿਚ ਕਿਤੇ ਵੱਧ ਨਜ਼ਰ ਆਉਂਦੀ ਹੈ। ਇਉਂ ਇਸ ਕਹਾਣੀ ਰਾਹੀਂ ਵਸਤੂ-ਯਥਾਰ ਆਪਣੀ ਸਮੁੱਚਤਾ ਸਮੇਤ ਅਭਿਵਿਅਕਤ ਹੋਣ ਲੱਗਦਾ ਹੈ। ਪੂਰਬੀ ਪੰਜਾਬੀ ਦੇ ਕਹਾਣੀਕਾਰਾਂ ਵਾਂ ਹੀ ਪਰਵਾਸੀ ਪੰਜਾਬੀ ਕਹਾਣੀਕਾਰਾਂ ਨੇ ਵੀ ਵਿਸ਼ਿਆਂ ਦੀ ਵੰਨ-ਸੁਵੰਨਤਾ ਪੱਖੋਂ ਪੰਜਾਬੀ ਕਹਾਣੀ ਬਹੁਤ ਸਾਰੇ ਨਵੇਂ ਪਾਸਾਰ ਉਜਾਗਰ ਕੀਤੇ ਹਨ, ਪਰ ਰਚਨਾ-ਦ੍ਰਿਸ਼ਟੀ ਪੱਖੋਂ ਉਹ ਲੋੜੀਂਦੀ ਪ੍ਰੋੜਤਾ ਸਬੂਤ ਨਹੀਂ ਦੇ ਸਕੇ । ਸਿਰਫ ਰਘਬੀਰ ਢੰਡ ਦੀਆਂ 'ਕੁਰਸੀ' ਅਤੇ 'ਸ਼ਾਨੇ ਪੰਜਾਬ' ਜਿਹੀਆਂ ਇੱਕ ਦੁੱਕਾ ਕਹਾਣੀਆਂ ਹੀ ਇਸ ਧਾਰਨਾ ਦਾ ਅਪਵਾਦ ਬਣਦੀਆਂ ਹਨ। ਪਾਕਿਸਤਾਨੀ ਪੰਜਾਬੀ ਕਹਾ ਵਿਚ ਇਹ ਅਪਵਾਦ ਲੱਭ ਸਕਣਾ ਵੀ ਮੁਸ਼ਕਿਲ ਹੈ ।

ਪਰਵਾਸੀ ਪੰਜਾਬੀ ਕਹਾਣੀਕਾਰਾਂ ਨੇ ਨਸਲੀ ਵਿਤਕਰੇ, ਸੱਭਿਆਚਰਕ ਤਣਾਅ, ਪੀੜ੍ਹੀ ਪਾ ਤਿੜਕਦੇ ਰਿਸ਼ਤਿਆਂ ਅਤੇ ਅਜਨਬੀਅਤ ਦੇ ਭਾਵ-ਬੋਧ ਨੂੰ ਆਪਣਾ ਕਥਾ-ਵਸਤੂ ਬਣਾ ਕੇ ਪੰਜਾ ਕਹਾਣੀ ਦਾ ਕੈਨਵਸ ਹੋਰ ਮੋਕਲਾ ਕੀਤਾ ਹੈ। ਪਰ ਇਨ੍ਹਾਂ ਕਹਾਣੀਆਂ ਦੀ ਸੰਰਚਨਾ ਪੰਜਾਬੀ ਕਹਾ ਦੇ ਦੂਜੇ ਪੜਾਅ ਦੀ ਕਹਾਣੀ ਵਾਂਗ ਹੀ ਇਕਹਿਰੇ ਜੁੱਸੇ ਵਾਲੀ ਹੈ । ਮਿਸਾਲ ਵਜੋਂ ਸਵਰਨ ਚੰਦਨ ਕਹਾਣੀ 'ਫ੍ਰੀ ਸੁਸਾਇਟੀ' ਇੱਕ ਪਰਵਾਸੀ ਪੰਜਾਬੀ ਪਰਵਾਰ ਦੀ ਕੁੜੀ ਸੀਮਾ ਦੇ ਬੁਰੀ ਸੰਗਤ ਵਿੱਚ ਜਾਣ ਅਤੇ ਪਰਵਾਰ ਦੀ ਇੱਜ਼ਤ ਮਿਟੀ ਵਿੱਚ ਰੁਲਾ ਦੇਣ ਦੀ ਕਹਾਣੀ ਹੈ। ਸੀਮਾ ਦੀ ਸ਼ੁਰੂਆਤ 'ਲੇ ਰਾਤ ਦੀਆਂ ਫਿਲਮਾਂ' ਵੇਖਣ ਤੋਂ ਹੁੰਦੀ ਹੈ ਅਤੇ ਆਪਣੇ 'ਬੁਆਏ ਫਰੈਂਡ ਨਾਲ ਸਰੀਰਕ ਸੰਬੰਧਾਂ ਤੱ ਪਹੁੰਚ ਜਾਂਦੀ ਹੈ। ਉਸ ਦੇ ਭਾਰਤੀ ਮੂਲ ਦੇ ਮਾਪੇ ਤਾਂ ਸੀਮਾ ਬਾਰੇ ਚਿੰਤਤ ਹਨ, ਪਰ ਉਹ ਖੁਦ ਪੱਛ ਸਮਾਜ ਅਨੁਕੂਲ ਇਸ ਸਭ ਕੁਝ ਨੂੰ ਸੁਭਾਵਕ ਹੀ ਸਮਝਦੀ ਹੈ । ਇਉਂ ਦੋਹਾਂ ਪੀੜ੍ਹੀਆਂ ਵਿੱਚ ਤਣਾ ਵਧਦਾ ਜਾਂਦਾ ਹੈ । ਅੰਤ ਸੀਮਾ ਦੀ ਮਾਂ ਨੂੰ ਇਸ ਸਦਮੇ ਨਾਲ ਹਾਰਟ ਅਟੈਕ ਹੋ ਜਾਂਦਾ ਹੈ।

ਪੱਛਮੀ ਕੁੜੀਆ ਸੰਬੰਧੀ ਲੇਖਕ ਦੀ ਪੂਰਵ-ਨਿਰਧਾਰਤ ਧਾਰਨਾ ਇਹ ਹੈ, 'ਗੋਰੀਆਂ ਕੁੜੀ ਤਾਂ ਆਪਣੇ ' ਬੁਆਏ ਫਰੈਂਡਜ਼' ਨਾਲ ਹਰਲ ਹਰਲ ਕਰਦੀਆਂ ਫਿਰਦੀਆਂ ਹਨ। "ਇਹ ਨਾਂਹਮੁ ਵਤੀਰਾ ਪੱਛਮੀ ਰਹਿਤਲ ਬਾਰੇ ਅਰਧ-ਸੱਚ ਦਾ ਲਖਾਇਕ ਹੀ ਹੈ। ਦੂਜੇ ਪਾਸੇ ਸੀਮਾ ਦਾ ਵਿਵਹ ਵੀ ਨਿਰੋਲ ਵਿਕਾਰਮੁਖੀ ਹੋਣ ਕਰਕੇ ਉਸ ਨਵੀਂ ਪੀੜ੍ਹੀ ਦੀ ਪ੍ਰਤੀਨਿਧ ਸੁਭਾਅ ਹੋਣ ਦੀ ਥਾਂ ਨਿੱਜ ਤੱ ਹੀ ਸੀਮਤ ਹੈ। ਇਸ ਪ੍ਰਕਾਰ ਕਹਾਣੀ ਆਪਣੇ ਪੂਰਵ-ਸੇਧਿਤ ਨਿਸ਼ਾਨੇ ਵੱਲ ਸਿਰਪਟ ਦੌੜਦੀ ਹੈ ਅ ਸਿੱਟੇ ਵਜੋਂ ਇਹ ਰਚਨਾਤਮਕ ਵਿਵੇਕ ਪੇਸ਼ ਕਰਦੀ ਹੈ ਕਿ ਪੱਛਮੀ ਸੱਭਿਆਚਾਰ ਦੇ ਮਾਰੂ ਪ੍ਰਭਾ ਨਾਲ ਪੂਰਬੀ-ਕਦਰਾਂ-ਕੀਮਤਾਂ ਵਿੱਚ ਵਿਕਾਰ ਪੈਦਾ ਹੋਣ ਲੱਗ ਪਏ ਹਨ। ਪੂਰਬਵਾਦੀ ਰਚਨ ਦ੍ਰਿਸ਼ਟੀ ਦਾ ਇਹ ਉਲਾਰ ਕਹਾਣੀ ਵਿਚਲੇ ਉਸ ਤਣਾਅ ਨੂੰ ਸੰਘਣਾ ਨਹੀਂ ਹੋਣ ਦਿੰਦਾ, ਜਿਹ ਪਾਤਰਾਂ ਦੀ ਰੂਪਾਂਤਰਣ-ਪ੍ਰਕਿਰਿਆ ਦੌਰਾਨ ਦਰਪੇਸ਼ ਹੋਣਾ ਸੀ। ਸਿੱਟੇ ਵਜੋਂ ਕਹਾਣੀ ਇਕਹਿਰੇ ਕਥਾ ਵਾਲੀ ਹੋ ਨਿਬੜਦੀ ਹੈ।



ਸ਼ਿਵਚਰਨ ਗਿੱਲ ਦੀ ਕਹਾਣੀ 'ਬਦਾਖ਼ਲ' ਵਿੱਚ ਵੀ ਪਤੀ-ਪਤਨੀ ਕੁਲਦੀਪ ਅਤੇ ਮੈਰੀਅਨ ਦੇ ਸਬੰਧਾਂ ਨੂੰ ਇਸੇ ਦ੍ਰਿਸ਼ਟੀ ਤੋਂ ਹੀ ਚਿਤਰਿਆ ਗਿਆ ਹੈ। ਕੇਵਲ ਕੁਲਦੀਪ ਦੇ ਪਿਤਾ ਜੁਗਿੰਦਰ ਸਿੰਘ ਦਾ ਵਿਵਹਾਰ ਹੀ ਅਤਿਕਥਨੀ ਭਰਿਆ ਨਹੀਂ, ਸਗੋਂ ਕੁਲਦੀਪ ਅਤੇ ਮੈਰੀਅਨ ਵਿਚਲਾ ਤਣਾਅ ਵੀ ਯਥਾਰਥਿਕਤਾ ਦੇ ਨੇੜੇ ਘੱਟ ਹੀ ਜਾਪਦਾ ਹੈ।

ਇਹ ਅਤੇ ਹੋਰ ਅਜਿਹੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ ਜ਼ਿਆਤਾਦਰ ਕਿਸੇ ਵਿਚਾਰਾਤਮਕ ਸੂਤਰ ਦੀ ਸਿੱਧੀ ਲਈ ਮਨ-ਇੱਛਿਤ ਘਟਨਾ-ਪ੍ਰਬੰਧ ਸਿਰਜਣ ਅਤੇ ਅਤਿਕਥਨੀ ਭਰੀ ਚਰਿੱਤਰ-ਉਸਾਰੀ ਕਰਨ ਦੇ ਦੋਸ਼ਾਂ ਦੀਆਂ ਆਮ ਹੀ ਭਾਗੀ ਬਣ ਜਾਂਦੀਆਂ ਹਨ। ਦੂਜੇ ਪਾਸੇ ਮੁੱਖ-ਧਾਰਾ ਦੀ ਪੰਜਾਬੀ ਕਹਾਣੀ ਵਿਰਕ ਦੇ ਕਥਾ-ਮਾਡਲ ਰਾਹੀਂ ਹੀ ਇਨ੍ਹਾਂ ਕਮਜ਼ੋਰੀਆਂ ਤੋਂ ਚਿਰੋਕੀ ਖਹਿੜਾ ਛੁਡਾ ਚੁੱਕੀ ਹੈ।

ਰਘਬੀਰ ਢੰਡ ਦੀਆਂ ਕੁਝ ਕੁ ਕਹਾਣੀਆਂ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਨਾਲ ਸਿਰਫ਼ ਵਰ ਮੇਚਣ ਵਿੱਚ ਹੀ ਸਫਲ ਨਹੀਂ ਹੁੰਦੀਆਂ ਸਗੋਂ ਇਸ ਤੋਂ ਵੱਧ ਉਹ ਕੁਝ ਨਵੇਂ ਪ੍ਰਤਿਮਾਨ ਵੀ ਸਿਰਜਦੀਆਂ ਹਨ। ਮਿਸਾਲ ਵਜੋਂ ਕਹਾਣੀ 'ਕੁਰਸੀ' ਬਾਰੇ ਡਾ. ਸੁਖਦੇਵ ਸਿੰਘ ਦੀ ਟਿੱਪਣੀ ਮਹੱਤਵ ਦੀ ਧਾਰਨੀ ਹੈ:

"ਸਰਸਰੀ ਨਜ਼ਰੇ ਇੰਜ ਜਾਪਦਾ ਹੈ, ਜਿਵੇਂ ਇਸ ਕਹਾਣੀ ਵਿਚ ਕਹਾਣੀਕਾਰ ਨੇ ਆਪਣੇ ਅਤੇ ਅਰਜਣ ਅਮਲੀ ਦੀ ਹੱਡ-ਬੀਤੀ ਰਾਹੀਂ ਭਾਰਤੀ ਅਤੇ ਪਰਵਾਸੀ ਮਜ਼ਦੂਰ ਦੀ ਦੁਰਦਸ਼ਾ ਨੂੰ ਬਿਆਨਿਆ ਹੈ। ... ਇਹ ਵੇਰਵੇ ਇਸ ਕਹਾਣੀ ਦੇ ਕੇਂਦਰੀ ਸੂਤਰ ਨਹੀਂ, ਕਹਾਣੀਕਾਰ ਢੰਡ ਦਾ ਫੋਕਸ ਸਮਕਾਲੀ ਵਾਸਤਵਿਕਤਾ ਦੇ ਚਿਤਰਣ ਉਪਰ ਨਹੀਂ, ਉਸ 'ਵਾਸਤਵਿਕਤਾ' ਦਾ ਚਿੰਤਨ ਪੇਸ਼ ਕਰਨ ਉਪਰ ਹੈ। ਢੰਡ ਨੇ ਸੁਚੇਤ ਪੱਧਰ ਉਪਰ ਦੋਹਰਾ ਬਿਰਤਾਂਤ ਸਿਰਜਿਆ ਹੈ। ਰਘਬੀਰ ਢੰਡ 'ਵਾਸਤਵਿਕਤਾ' ਦਾ ਚਿੰਤਨ ਪੇਸ਼ ਕਰਨ ਲਈ ਕੇਂਦਰੀ ਘਟਨਾ ਦੇ ਆਲੇ-ਦੁਆਲੇ ਲਘੂ-ਪ੍ਰਸੰਗਾਂ ਨੂੰ ਪੂਰਕ ਅਤੇ ਵਿਰੋਧੀ ਰੂਪ 'ਚ ਜੋੜ-ਬੀੜ ਕੇ ਜਟਿਲ ਅਤੇ ਬਹੁਪਰਤੀ ਕਥਾ-ਸੰਰਚਨਾ ਸਿਰਜਦਾ ਹੈ। ਮਿਸਾਲ ਵਜੋਂ ਨਕਸਲੀਏ ਭਜੋ ਉਤੇ ਕੀਤਾ ਜਾਣ ਵਾਲਾ ਪੁਲਸ ਤਸ਼ਦਦ ਅਤੇ ਅਸ਼ੋਕਾ ਹੋਟਲ 'ਚ ਨੱਚਦੀ ਨਰਤਕੀ ਦੇ ਪ੍ਰਸੰਗ ਇਸੇ ਪ੍ਰਕਾਰ ਦੇ ਹਨ। ਰਘਬੀਰ ਢੰਡ ਦੀ ਇਹ ਕਹਾਣੀ ਕਿਸੇ ਇਕ ਚਮਤਕਾਰੀ ਫਿਕਰੇ ਜਾਂ ਨਾਟਕੀ ਘਟਨਾ ਦੇ ਬਲਬੂਤੇ ਨਹੀਂ ਖੜ੍ਹੀ ਬਲਕਿ ਇਸ ਦੇ ਹਰੇਕ ਸ਼ਬਦ, ਵਾਕ ਅਤੇ ਪ੍ਰਸੰਗ ਵਿਚ ਅਰਥਾਂ ਦਾ ਭੰਡਾਰ ਇਸ ਨੂੰ ਚਿੰਤਨਮੁਖੀ ਕਹਾਣੀ ਬਣਾਉਂਦਾ ਹੈ। ਕੁਰਸੀ ਦੇ ਪ੍ਰਤੀਕਾਤਮਕ ਅਰਥਾਂ ਦੇ ਸੰਸਾਰ ਦੀ ਝਲਕ ਖਾਤਰ ਅਮਲੀ ਅਰਜਨ ਦੇ ਇਹ ਬੋਲ ਵਾਚਣਯੋਗ ਹਨ:

"ਪਤਾ ਨੀ ਕਾਹਦੀ ਬਣੀ ਹੋਈ ਐ। ਲੋਹੇ ਵਰਗੀ ਨਿੱਗਰ ਐ ਸਾਲੀ! ......... ਥੋਨੂੰ ਸ਼ਾਇਦ ਪਤਾ ਨੀ ਹੋਣਾ ਕਿ ਇਹ ਕੁਰਸੀ ਏਸ ਬਲਬੀਰ ਸਿਉਂ ਦੇ ਰਿਸਾਲਦਾਰ ਬਾਬੇ ਨੂੰ ਉਹਦੇ ਅੰਗਰੇਜ਼ ਅਫ਼ਸਰ ਨੇ ਦਿੱਤੀ ਸੀ। ਜਦੋਂ ਰਿਸਾਲਦਾਰ ਪਿਲਸਣ ਕਰਾ ਪਿੰਡ ਆਇਆ ਤਾਂ ਸੱਥ ਵਿਚ ਇਸੇ ਕੁਰਸੀ ਤੇ ਬਹਿੰਦਾ ਹੁੰਦਾ ਸੀ, ਤੇ ਮੇਰੇ ਵਡਾਰੂ ਏਹਨੂੰ ਚੱਕ ਕੇ ਲਿਆਉਂਦੇ ਹੁੰਦੇ ਸਨ। ਬਲਬੀਰ ਦੇ ਬਾਪੂ ਵੇਲੇ ਮੈਂ ਹੀ ਏਹਨੂੰ ਝਾੜ ਪੂੰਝ ਕੇ ਡਾਹੁੰਦਾ। ਹੁੰਦਾ ਸੀ। ਬੰਦੇ ਲੱਦ ਗਏ ਬਾਊ ਜੀ, ਪਰ ਕੁਰਸੀ ਏਨੀ ਸਿੱਕੇਬੰਦ ਐ ਕਿ ਮਜਾਲ ਐ ਏਹਦੀ ਕੋਈ ਚਾਲੂ ਵੀ ਹਿੱਲੀ ਹੋਵੇ। ਬੱਸ ਲੋੜ ਪੈਣ 'ਤੇ ਨਵੀਂ ਬੈਂਤ ਨਾਲ ਸੀਟ ਬਦਲਾ ਲੈਂਦੇ ਨੇ............।

'ਕੁਰਸੀ' ਬਸਤੀਵਾਦ ਅਤੇ ਨਵਬਸਤੀਵਾਦ ਵੱਲੋਂ ਕੀਤੇ ਜਾ ਰਹੇ ਨਿਰੰਤਰ ਸ਼ੋਸ਼ਣ ਦਾ ਚਿੰਨ੍ਹ ਬਣ ਜਾਂਦੀ ਹੈ। ਰਘਬੀਰ ਢੰਡ ਦਾ ਇਹ ਚਿੰਤਨ ਪ੍ਰਗਤੀਵਾਦ ਤੋਂ ਸੇਧ ਪ੍ਰਾਪਤ ਕਰਦਾ ਹੈ। ਪਰ ਸਿਰਫ ਉਸ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਵਾਦ-ਮੁਕਤ ਚਿੰਤਨ ਦੇ ਰਾਹ ਪੈਂਦਾ ਜਾਪਦਾ ਹੈ। ਇਹ ਚਿੰਤਨ ਕੇਵਲ ਉਤਮ-ਪੁਰਖੀ ਬਿਰਤਾਂਤਕਾਰ ਜਾਂ ਕਿਸੇ ਹੋਰ ਪਾਤਰ-ਵਿਸ਼ੇਸ਼ ਦੇ ਕਥਨਾ ਤੱਕ ਹੀ

ਮਹਿਮੂਦ ਨਹੀਂ ਰਹਿੰਦਾ ਬਲਕਿ ਕਹਾਣੀ ਦੀ ਸਮੁੱਚੀ ਸੁਰਚਨਾ ਵਿਚ ਕੇਂਦਰੀ ਧੁਨੀ ਬਣ ਕੇ ਸਮਾਇਆ ਹੋਇਆ ਹੈ। ਇਹ ਕਹਾਣੀ ਕਿਸੇ ਪੂਰਵ-ਮਿਥਤ ਸੁਧਾਰਵਾਦੀ, ਪ੍ਰਗਤੀਵਾਦੀ, ਮਨੋਵਿਗਿਆਨਕ ਅਤੇ ਮਾਨਵਵਾਦੀ ਸੂਤਰ ਨੂੰ ਦ੍ਰਿੜ ਕਰਵਾਉਣ ਦੀ ਥਾਂ ਪਾਤਰਾਂ ਅਤੇ ਘਟਨਾਵਾਂ ਦੇ ਪ੍ਰਸਪਰ ਦਵੰਦਾਤਮਕ ਸਬੰਧਾਂ ਰਾਹੀਂ ਰਚਨਾ ਵਿਵੇਕ ਸਿਰਜਦੀ ਹੈ। ਇਸ ਤਰ੍ਹਾਂ ਇਹ ਸਿਧਾਂਤ ਤੋਂ ਕਲਾ ਵੱਲ ਤੁਰਨ ਦੀ ਥਾਂ ਕਲਾ ਤੋਂ ਸਿਧਾਂਤ ਵੱਲ ਦਾ ਮਾਰਗ ਚੁਣਦੀ ਹੈ।

ਇਹ ਕਹਾਣੀ ਸਿਰਫ ਅਕਾਰ ਪੱਖੋਂ ਹੀ ਲੰਮੀ ਕਹਾਣੀ ਨਹੀਂ ਬਲਕਿ ਆਪਣੇ ਵਸਤੂ ਪਾਸਾਰ ਅਤੇ ਸੰਘਣੀ ਬਣਤਰ ਕਾਰਨ ਵੀ ਕਹਾਣੀ ਰੂਪਾਕਾਰ ਦੀਆਂ ਪ੍ਰਚਲਿਤ ਮਾਨਤਾਵਾਂ ਨੂੰ ਤੋੜਦੀ ਹੈ। ਇਸ ਵਿਚਲਾ ਕਾਰਜ ਵਧੇਰੇ ਪਾਤਰਾਂ ਦੇ ਮਾਨਸਿਕ ਚਿਤਰਪਟ ਉਤੇ ਹੀ ਵਾਪਰਦਾ ਹੈ। ਸੋ ਇਹ ਬਾਹਰਮੁਖੀ ਵਰਨਣ ਦੀ ਰੂੜ੍ਹੀ ਦਾ ਤਿਆਗ ਕਰਕੇ ਚੇਤਨਾ-ਪ੍ਰਵਾਹ ਦੀ ਕਥਾ-ਜੁਗਤ ਨੂੰ ਟੇਕ ਬਣਾਉਂਦੀ ਹੈ। ਸੁਪਨ ਅਤੇ ਸਿਮਰਤੀਆਂ ਇਸ ਕਥਾ-ਜੁਗਤ ਦਾ ਆਧਾਰ ਬਣਦੇ ਹਨ। ਪਾਤਰ-ਕੇਂਦਰਿਤ ਹੋਣ ਦੇ ਬਾਵਜੂਦ ਇਹ ਕਹਾਣੀ ਰੇਖਾ-ਚਿਤਰ ਦੇ ਸਰੂਪ ਵਾਲੀ ਪੰਜਾਬੀ ਕਹਾਣੀ ਤੋਂ ਵੱਖ ਸਥਿਤੀ-ਮੂਲਕ ਸੁਭਾਅ ਵਾਲੀ ਹੈ। ਸਿੱਟਾ-ਮੁਖੀ ਅੰਤ ਦੀ ਥਾਂ ਇਹ ਖੁਲ੍ਹੇ-ਅੰਤ ਵਾਲੀ ਕਹਾਣੀ ਹੈ ਜਿਹੜੀ ਸਮੱਸਿਆ ਦਾ ਕੋਈ ਅੰਤਿਮ ਹੱਲ ਪੇਸ਼ ਕਰਨ ਦੀ ਥਾਂ ਕੇਵਲ ਸੰਕੇਤ ਹੀ ਕਰਦੀ ਹੈ। ਅਸਲ ਵਿਚ ਰਘਬੀਰ ਢੰਡ ਦੀ ਇਸ ਕਹਾਣੀ ਦਾ ਪ੍ਰਯੋਜਨ ਸਥਿਤੀ ਦੇ ਕ੍ਰਾਂਤੀਕਾਰੀ ਪਰਿਵਰਤਨ ਦੀ ਉਪਭਾਵੁਕਤਾ ਤੋਂ ਮੁਕਤ ਸਿਰਫ ਆਪਣੇ ਯੁੱਗ-ਚਿੰਤਨ ਦੇ ਨਕਸ਼ਾਂ ਦੀ ਤਲਾਸ਼ ਦੇ ਸਰੋਕਾਰਾਂ ਵਾਲਾ ਹੈ।

ਕਹਾਣੀ 'ਕੁਰਸੀ' ਦੇ ਇਹ ਗੁਣ ਲੱਛਣ ਤੀਜੇ ਪੜਾਅ ਦੀ ਸਮੁੱਚੀ ਕਹਾਣੀ ਵਿਚ ਹੀ ਥੋੜੇ ਬਦਲਵੇਂ ਰੂਪ ਵਿਚ ਵਿਦਮਾਨ ਹਨ। ਨਾਟਕੀ ਬਿਰਤਾਂਤ-ਜੁਗਤ ਇਸ ਦੀ ਵਿਲੱਖਣ ਪਛਾਣ ਨੂੰ ਨਿਰਧਾਰਤ ਕਰਦੀ ਹੈ। ਪਾਠਕ ਦੇ ਸਰੋਤਾਮੁਖੀ ਸੁਭਾਅ ਵਿਚ ਦਰਸ਼ਕੀ-ਦ੍ਰਿਸ਼ਟੀ ਦੇ ਵਧਦੇ ਦਖਲ ਨੇ ਵੀ ਤੀਜੇ ਪੜਾਅ ਦੇ ਪੰਜਾਬੀ ਕਹਾਣੀਕਾਰਾਂ ਨੂੰ ਨਿਰੋਲ ਵਰਨਣ ਦੀ ਥਾਂ ਦ੍ਰਿਸ਼ਮੁਖੀ ਬਿਰਤਾਂਤ ਵੱਲ ਰੁਚਿਤ ਕੀਤਾ ਹੈ। ਨਿਰਸੰਦੇਹ, ਪੰਜਾਬੀ ਕਹਾਣੀ ਵਿਚ ਇਹ ਲੱਛਣ ਵਸਤੂਮੁਖੀ ਚੇਤਨਾ ਦੇ ਪਾਸਾਰ ਅਤੇ ਇਲੈਕਟ੍ਰੋਨਿਕ ਮੀਡੀਏ ਦੇ ਪ੍ਰਭਾਵਾਂ ਕਾਰਣ ਹੀ ਪ੍ਰਗਟ ਹੋਣ ਲੱਗੇ ਹਨ।

ਸਮੁੱਚੇ ਰੂਪ 'ਚ ਕਿਹਾ ਜਾ ਸਕਦਾ ਹੈ ਕਿ ਤੀਜੇ ਪੜਾਅ ਦੀ ਪੰਜਾਬੀ ਕਹਾਣੀ ਆਪਣੇ ਵਿਲੱਖਣ ਕਥਾ-ਵਸਤੂ, ਕਥਾ-ਸੰਗਠਨ ਅਤੇ ਦ੍ਰਿਸ਼ਟੀ ਕਰਕੇ ਨਿਵੇਕਲੀ ਨੁਹਾਰ ਵਾਲੀ ਹੈ। ○

(ਸੀ-15, ਪੰਜਾਬ ਯੂਨੀ. ਪਟਿਆਲਾ)

### ਹਵਾਲੇ ਤੇ ਟਿੱਪਣੀਆਂ


1. ਡਾ. ਗੁਰਬਖਸ਼ ਸਿੰਘ ਫਰੈਂਕ, ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ, ਪੰਨਾ, 123
2. ਪੰਜਾਬੀ ਕਹਾਣੀ ਅਧਿਐਨ, ਪੰਨਾ 102
3. ਡਾ. ਫਰੈਂਕ, ਉਹੀ ਰਚਨਾ, ਪੰਨਾ 110
4. ਡਾ. ਟੀ. ਆਰ ਵਿਨੋਦ, ਸੰਪਾਦਕ, ਕਹਾਣੀ ਸ਼ਾਸਤਰ (ਸੰਤ ਸਿੰਘ ਸੇਖੋਂ) ਪੰਨਾ 47
5. ਡਾ. ਸੁਖਦੇਵ ਸਿੰਘ, "ਕੁਰਸੀ: ਪ੍ਰਵਚਨ ਤੋਂ ਪਾਠ ਤੱਕ", ਮੋਹਨ ਭੰਡਾਰੀ, ਸੰਪਾ., ਰਘਬੀਰ ਢੰਡ ਦੀ ਗਲਪ-ਚੇਤਨਾ, ਪੰਨਾ 42-43


-0-





## ਮੱਖਣ ਸਿੰਘ ਕੁਹਾੜ

1

ਇਹ ਬਿਲਕੁਲ ਸੱਚ ਹੈ ਕਿ ਕਿਤੇ ਕੋਈ ਖੁਦਾ ਨਈਂ ਹੈ।
ਮਗਰ ਉਹ ਕੀ ਕਰੇ ਜਿਸਦਾ ਕੁਈ ਵੀ ਆਸਰਾ ਨਈਂ ਹੈ।
ਤਿਰੇ ਤੋਂ ਦੂਰ ਤੁਰ ਜਾਵਾਂ, ਮਿਰੇ ਵਿੱਚ ਹੌਸਲਾ ਨਈਂ ਹੈ।
ਤਿਰੇ ਸਾਹਾਂ 'ਚ ਘੁਲ਼ ਜਾਵਾਂ ਇਹ ਮੇਰੀ ਚੇਸ਼ਟਾ ਨਈਂ ਹੈ।
ਬਗੀਚੀ ਜੋ ਗੁਲਾਬਾਂ ਵਾਸਤੇ ਮਸ਼ਹੂਰ ਹੁੰਦੀ ਸੀ,
ਹਰਿੰਡਾਂ ਓਸ ਵਿਚ ਉੱਗਣ ਇਹ ਹਰਗਿਜ਼ ਸ਼ੋਭਦਾ ਨਈਂ ਹੈ।
ਕਦੇ ਪਰਛਾਵਿਆਂ ਨੂੰ ਰਿਸ਼ਤਿਆਂ ਦਾ ਨਾਮ ਨਾਂ ਦੇਵੀ
ਢਲੇ ਸੂਰਜ ਕਿਤੇ ਇਹਨਾਂ ਦਾ ਲਗਦਾ ਥਹੁ ਪਤਾ ਨਈਂ ਹੈ।
ਅਚਾਨਕ ਜਾਗ ਕੇ ਵੇਖੀਂ ਕਿਤੇ ਤੂੰ ਸੂਰਜਾ ਰਾਤੀਂ,
ਹਨੇਰੇ ਨੂੰ ਜਿਵੇਂ ਤੇਰੇ ਤੋਂ ਕੋਈ ਤੌਖਲਾ ਨਈਂ ਹੈ।
ਜਦੋਂ ਮਿਲੀਏ, ਇਵੇਂ ਦਿਸੀਏ, ਜ਼ਮੀਨ ਅਸਮਾਨ ਜਿਵੇਂ ਦਿਸਦੇ,
ਕਿਤੇ ਬੁੱਝ ਨਾ ਲਵੇ ਕੋਈ ਕਿ ਸਾਡਾ ਰਾਫ਼ਤਾ ਨਈਂ ਹੈ।
ਜਦੋਂ ਵੀ ਸ਼ਾਮ ਢਲਦੀ ਹੈ, ਉਦੋਂ ਜਗਦਾ ਹੈ ਜੋ ਦੀਪਕ,
ਸਵੇਰੇ ਤਕ ਰਹੂ ਜਗਦਾ, ਉਹ ਦੀਪਕ ਜਾਪਦਾ ਨਈਂ ਹੈ।
ਕਦੀ ਭੱਠੀ 'ਚ ਤਪ ਜਾਈਏ, ਕਦੇ ਯਖ ਬਰਫ਼ ਬਣ ਜਾਈਏ,
ਇਵੇਂ ਲਗਦੈ ਜਿਵੇਂ ਸੂਰਜ ਤੋਂ ਵਾਜਬ ਫਾਸਲਾ ਨਈਂ ਹੈ।
ਅਸੀਂ ਤਾਂ ਵਾੜ ਦੀ ਕੀਤੀ ਹੈ ਰਾਖੀ ਅੱਖ ਪੁਤਲੀ ਵਾਂਗ,
ਮਗਰ ਇਸ ਵਾੜ ਅੰਦਰ ਬਾਂਸ ਕੋਈ ਜਾਪਦਾ ਨਈਂ ਹੈ।
ਮੈਂ ਤੇਰੇ ਕੋਲ ਬਹਿ ਕੇ ਦਰਦ ਆਪਣੇ ਕਿਸ ਤਰ੍ਹਾਂ ਫੋਲਾਂ,
ਤਿਰੀ ਹੁਣ ਆਹ ਦੇ ਵਿਚ ਦਰਦ ਵਰਗਾ ਕਹਿਕਸ਼ਾਂ ਨਈਂ ਹੈ।
ਬੜਾ ਚਿਰ ਹੋ ਗਿਐ ਮਿਲਿਆਂ ਚਲੋ 'ਮੱਖਣ' ਨੂੰ ਮਿਲ ਆਈਏ,
ਉਹ ਭਾਵੇਂ ਘਰ 'ਚ ਘਟ ਮਿਲਦੈ, ਮਗਰ ਬੇ-ਜ਼ਾਬਤਾ ਨਈਂ ਹੈ।

2.

ਕਿਵੇਂ ਦਾ ਹੋ ਗਿਐ ਇਹ ਘਰ, ਨਾ ਖੁਲ੍ਹਦਾ ਬੂਹਾ-ਬਾਰੀ ਹੈ।
ਨਹੀਂ ਲਗਦਾ ਕਿ ਮੈਂ ਏਸੇ 'ਚ ਹੀ ਉਮਰ ਗੁਜ਼ਾਰੀ ਹੈ।
ਮਿਰੇ ਖਾਬਾਂ 'ਚ ਪਲ ਪਲ ਕਤਲ ਵਰਗਾ ਹਾਦਸਾ ਹੁੰਦੈ,
ਮਿਰੇ ਟੀਚੇ 'ਚ ਫਿਰ ਵੀ ਹਾਦਸੇ ਦੀ ਭਾਲ ਜਾਰੀ ਹੈ।
ਤਿਰਾ ਸੰਕਟ ਹੈ ਸਾਹਵੇਂ ਜਮਘਟਾ ਪਗਡੰਡੀਆਂ ਦਾ ਏ,
ਮਿਰਾ ਸੰਕਟ ਹੈ ਤਪਦਾ ਥਲ ਤੇ ਪੂਨੂੰ ਪੈੜ ਜਾਰੀ ਹੈ।
ਮਿਰੇ ਹਿੱਸੇ ਦਾ ਸਾਰਾ ਹੀ ਸਮੁੰਦਰ ਡੀਕ ਲੈ ਬੇਸ਼ਕ,
ਮਗਰ ਇਹ ਨਾ ਕਿਤੇ ਸਮਝੀਂ ਕਿ ਮੇਰੀ ਪਿਆਸ ਉਧਾਰੀ ਹੈ।
ਤਿਰਾ ਬੀਬਾ ਕਬੂਤਰ ਹਾਂ ਤੂੰ ਜਦ ਤੀਕਰ ਕਹੇਂ ਉਡੂੰ,
ਖ਼ਿਆਲ ਐਪਰ ਜ਼ਰਾ ਰੱਖੀਂ ਮੇਰੀ ਸੀਮਤ ਉਡਾਰੀ ਹੈ।

ਪਿਘਲ ਕੇ ਵਹਿਣ ਲੱਗਾ ਹੈ ਸਿਰੋਂ ਪੀੜਾ ਦਾ ਹਿਮ ਪਰਬਤ,
ਮਿਰੀ ਚਾਹਤ ਦੇ ਸੂਰਜ ਨੇ ਜਦੋਂ ਦੀ ਲਿਸ਼ਕ ਮਾਰੀ ਹੈ।
ਇਹ ਆਦਤ ਹੀ ਹੈ ਕਸ਼ਤੀ ਦੀ ਕਿ ਅਕਸਰ ਡੁੱਬ ਜਾਵੇ ਇਹ,
ਨਦੀ ਤੇ ਜਾਂ ਮਲਾਹ ਤੇ ਦੋਸ਼ ਧਰਨਾ ਤਾਂ ਵਿਹਾਰੀ ਹੈ।

3.

ਉਹ ਬਣਿਐ ਬਾਗ਼ ਦਾ ਰਾਖਾ ਜਿਦ੍ਹੇ ਹੱਥਾਂ 'ਚ ਆਰੀ ਹੈ।
ਮਸੀਹਾ ਉਹ ਹੈ ਅੱਜ ਸਾਡਾ, ਜਿਦ੍ਹੇ ਹੱਥ ਵਿੱਚ ਕਟਾਰੀ ਹੈ।
ਤਿਰੀ ਇਹ ਡਾਂਗ ਸੱਪਾਂ ਕਿਰਲਿਆਂ ਉੱਤੇ ਤਾਂ ਭਾਰੀ ਹੈ।
ਮਗਰ ਜੰਗਲ 'ਚ ਸੁਣਿਐਂ, ਅਜ਼ਗਰਾਂ. ਬਾਘਾਂ ਦੀ ਯਾਰੀ ਹੈ।
ਤਿਰੀ ਦਹਿਲੀਜ਼ ਤੇ ਪੁਜਕੇ ਮੈਂ ਅਕਸਰ ਪਰਤ ਆਇਆ ਹਾਂ,
ਸਦਾ ਵੇਖੀ ਰਕੀਬਾਂ ਦੀ ਤਿਰੇ ਘਰ ਭੀੜ ਭਾਰੀ ਹੈ।
ਸਮੁੰਦਰ ਨੂੰ ਮੈਂ ਤਹਿ ਤਕ ਆਪ ਜਾ ਕੇ ਘੋਖ ਆਇਆ ਹਾਂ,
ਇਹ ਐਵੇਂ ਖੌਲਦੇ ਉਪਰੋਂ ਨਿਰਾ ਵਿੱਚੋਂ ਭਿਖਾਰੀ ਹੈ।
ਉਮੀਦਾਂ ਦੀ ਕਪਾਹ ਖਾ ਗਈ ਹੈ, ਇਕ ਅਮਰੀਕਨੀ ਸੁੰਡੀ,
ਅਸੀਂ ਫਿਰ ਵੀ ਪਏ ਹਰ ਮਾਮਲੇ ਦੀ ਕਿਸ਼ਤ ਭਾਰੀ ਹੈ।
ਮਿਰਾ ਸੂਰਜ, ਮਿਰੀ ਧਰਤੀ, ਮਿਰੇ ਤਾਰੇ, ਮਿਰਾ ਆਪਾ,
ਜਦੋਂ ਕੁਝ ਵੀ ਵਿਕਾਊ ਨਈਂ ਤਾਂ ਫਿਰਦਾ ਕਿਉਂ ਵਪਾਰੀ ਹੈ?
ਮਲ੍ਹੇ ਨੇ, ਝਾੜੀਆਂ ਨੇ, ਦੂਰ ਤੀਕਰ ਧੂੜ, ਰੇਤਾ ਏ,
ਮਗਰ ਓਧਰ ਨੂੰ ਫਿਰ ਵੀ ਰਸਤਿਆਂ ਦੀ ਭੀੜ ਜਾਰੀ ਹੈ।

4.

ਘਰ ਹੈ ਜਿੱਥੇ ਮਕਾਨ ਮਿਲ ਜਾਵੇ।
ਵਤਨ ਜਿਸ ਥਾਂ ਜ਼ੁਬਾਨ ਮਿਲ ਜਾਵੇ।
ਪੱਤ ਗਲੀਆਂ ਦੇ ਉੱਡਣਾ ਲੋਚਣ,
ਚਾਹੇ ਕੋਈ ਤੂਫਾਨ ਮਿਲ ਜਾਵੇ।
ਧਾਰ ਤਲਵਾਰ ਦੀ ਰਹੂ ਕਾਇਮ,
ਮੇਚ ਦਾ ਜੇ ਮਿਆਨ ਮਿਲ ਜਾਵੇ।
ਹੜ੍ਹ ਲਹੇਗਾ ਤਾਂ ਵੇਖ ਲਈਂ ਨਦੀਏ,
ਮੇਰੀ ਕਸ਼ਤੀ, ਮਕਾਨ ਮਿਲ ਜਾਵੇ।
ਦੀਪ ਥੜ੍ਹਿਆਂ ਦੇ ਬਾਲ ਕੇ ਵੇਖਾਂ
ਜੇ ਹਵਾ ਦਾ ਰੁਝਾਨ ਮਿਲ ਜਾਵੇ।
ਤੇਰੀ ਚਾਹਤ ਨਦਾਨ ਹੈ ਚਿੜੀਏ.
ਚਾਹਵੇਂ ਛਿਕਰਾ ਨਦਾਨ ਮਿਲ ਜਾਵੇ।
ਜਦ ਵੀ ਉਸਦਾ ਮੈਂ ਤਕ ਲਵਾਂ ਚਿਹਰਾ,
ਇਕ ਨਵਾਂ ਇਮਤਿਹਾਨ ਮਿਲ ਜਾਵੇ।

(ਅਮਨ ਨਿਵਾਸ. ਹਰਦੋ ਛੰਨੀ ਰੋਡ. ਗੁਰਦਾਸਪੁਰ)



ਆਲੋਚਨਾ

## ਅਜੋਕੀ ਪੰਜਾਬੀ ਕਵਿਤਾ ਦਾ ਵਿਚਾਰਧਾਰਕ ਆਧਾਰ

ਡਾ. ਰਜਨੀਸ਼ ਬਹਾਦਰ ਸਿੰਘ

ਅਜੋਕਾ ਸ਼ਬਦ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਇਸ ਵਿਚ ਵਰਤਮਾਨ ਦੇ ਮੁਲੰਕਣ ਸਮੇਂ ਭੂਤਕਾਲ ਨਾਲ ਜੁੜੀਆਂ ਪਰੰਪਰਾਵਾਂ ਅਤੇ ਸੰਭਾਵੀ ਭਵਿੱਖ ਦੀ ਨਿਸ਼ਾਨ-ਦੇਹੀ ਵੀ ਹੁੰਦੀ ਹੈ। ਅਜੋਕੇ ਦੌਰ ਦੀ ਪੰਜਾਬੀ ਕਵਿਤਾ ਦੇ ਸਾਹਮਣੇ ਭਵਿੱਖ ਦੀਆਂ ਚੁਣੌਤੀਆਂ ਅਤੇ ਬੀਤੇ ਵਿਚ ਇਕ ਮਹਾਨ ਪਰੰਪਰਾ ਹੈ। ਪੰਜਾਬੀ ਕਵਿਤਾ ਇਕ ਪਾਸੇ ਵਸਤੂਮੁਖੀ ਸਥਿਤੀ ਨਾਲ ਟਕਰਾਉ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ, ਦੂਜੇ ਪਾਸੇ ਵਿਚਾਰਧਾਰਕ ਅੰਤਰ-ਵਿਰੋਧਾਂ ਨਾਲ ਵੀ ਸੰਵਾਦ ਦੀ ਸਥਿਤੀ ਵਿਚ ਰਹਿੰਦੀ ਹੈ। ਇਸ ਪ੍ਰਕਾਰ ਮੁਢਲੇ ਰੂਪ ਵਿਚ ਕਵਿਤਾ ਭਾਵਨਾਮੂਲਕ ਹੋਣ ਦੀ ਦ੍ਰਿਸ਼ਟੀ ਨੂੰ ਰੱਦ ਕਰਦੀ ਹੋਈ ਇਹ ਸਿਰਫ ਭਾਵਾਂ ਦੇ ਪ੍ਰਗਟਾਵੇ ਦੀ ਵਿਧਾ ਨਹੀਂ, ਸਗੋਂ ਇਸ ਵਿਚੋਂ ਗੰਭੀਰ ਬੋਧਿਕ ਸੰਵਾਦ ਅੱਗੇ ਤੁਰਦਾ ਹੈ। ਇਹ ਬੋਧਿਕ ਸੰਵਾਦ ਆਧੁਨਿਕ ਕਵਿਤਾ ਵਿਚ ਸਮਾਨੰਤਰ ਰੂਪ ਵਿਚ ਕਿਰਿਆਸ਼ੀਲ ਹੈ। ਆਧੁਨਿਕ ਕਵਿਤਾ ਸਾਹਮਣੇ ਮੱਧਕਾਲੀ ਕਵਿਤਾ ਦਾ ਮੁਹਾਵਰੇ ਵਾਂਗ ਆਦਰਸ਼ ਸਾਹਮਣੇ ਸੀ। ਇਸ ਆਦਰਸ਼ ਨੂੰ ਆਪਣੀ ਜਮਾਤੀ ਦ੍ਰਿਸ਼ਟੀ ਅਨੁਸਾਰ ਵਿਗਠਤ ਹੋ ਰਹੀ ਜਗੀਰਦਾਰੀ ਦੇ ਉਸ ਵਰਗ ਨੇ ਅਪਣਾਇਆ ਜਿਹੜਾ ਆਪਣੀ ਗੁੰਮ ਹੋ ਰਹੀ ਹੋਂਦ ਨੂੰ ਧਾਰਮਿਕ ਪੁਨਰ-ਸੁਰਜੀਤੀ ਨਾਲ ਜੋੜ ਰਿਹਾ ਸੀ। ਇਹ ਵਰਗ ਅੰਗਰੇਜ਼ੀ ਸਾਮਰਾਜ ਦੇ ਵਿਰੋਧ ਵਿਚ ਭੁਗਤਣ ਦੀ ਥਾਂ ਲੋਕਾਂ ਨੂੰ ਪ੍ਰਾਕ੍ਰਿਤਕ ਸੁੰਦਰਤਾ ਰਾਹੀਂ ਅਧਿਆਤਮਕ ਉਪਦੇਸ਼ ਦੇ ਰਿਹਾ ਸੀ। ਇਸ ਵਰਗ ਦਾ ਬੁਲਾਰਾ ਭਾਈ ਵੀਰ ਸਿੰਘ 'ਕਵਿਤਾ ਦੀ ਸੁੰਦਰਤਾਈ ਦੇ ਉੱਚੇ ਨਛੱਤਰੀ ਵਾਸ, ਅਤੇ 'ਤਰੇਲ ਦੇ ਤੁਬਕੇ ਵਿਚੋਂ ਮੇਰੇ ਸਾਈਆਂ ਜੀਉ, ਦੇ ਦਰਸ਼ਨ ਕਰਾ ਰਿਹਾ ਸੀ, ਇਸ ਦੇ ਨਾਲ ਹੀ ਸਮਾਨੰਤਰ ਰੂਪ ਵਿਚੋਂ ਪ੍ਰੋ. ਪੂਰਨ ਸਿੰਘ ਕਵਿਤਾ ਰਾਹੀਂ ਪੰਜਾਬੀ ਸੱਭਿਆਚਾਰ ਦੀ ਵਡਿਆਈ ਕਰ ਰਿਹਾ ਸੀ ਅਤੇ ਚਾਤ੍ਰਿਕ, ਭਾਰਤੀ ਮਿਥਿਹਾਸ ਅਤੇ ਇਤਿਹਾਸ ਨਾਲ ਪੰਜਾਬੀ ਅਵਚੇਤਨ ਨੂੰ ਜੋੜ ਰਿਹਾ ਸੀ। ਇਸੇ ਪੀੜ੍ਹੀ ਵਿਚ ਹੀ ਦੇਸ਼ ਭਗਤੀ ਨਾਲ ਜੁੜੀ ਕਵਿਤਾ ਦੀ ਸਿਰਜਣਾ ਆਪਣੇ ਵੱਖ-ਵੱਖਰੇ ਪਾਸਾਰ ਗ੍ਰਹਿਣ ਕਰ ਰਹੀ ਸੀ।

ਆਜ਼ਾਦੀ ਤੋਂ ਬਾਅਦ ਵਸਤੂਗਤ ਸਥਿਤੀ ਵਿਚ ਵਾਪਰੀ ਤਬਦੀਲੀ ਨੇ ਸਮਾਜਿਕ ਸਾਰੋਕਾਰਾਂ ਦੀ ਪਛਾਣ ਇਕ ਵੱਖਰੀ ਦ੍ਰਿਸ਼ਟੀ ਤੋਂ ਕੀਤੀ। ਕੌਮੀ ਸਰਮਾਏਦਾਰੀ ਦੇ ਰਾਜ ਤੇ ਅਧਿਕਾਰ ਤੋਂ ਬਾਅਦ ਇਸ ਪ੍ਰਤੀ ਬਣਿਆ ਆਦਰਸ਼ ਟੁੱਟਣਾ ਸ਼ੁਰੂ ਹੋਇਆ। ਇਸ ਟੁੱਟਦੇ ਆਦਰਸ਼ ਵਿਚੋਂ ਲੋਕ ਸਮੂਹ ਦੀ ਮੁਕਤੀ ਦੀ ਚੇਤਨਾ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਜਿਸ ਨਾਲ ਪ੍ਰਗਤੀਸ਼ੀਲ ਲਹਿਰ ਆਪਣੇ ਸਿਖਰ ਤੇ ਪਹੁੰਚਦੀ ਹੈ। ਇਸ ਲਹਿਰ ਵਿਚੋਂ ਉਪਜੀ ਕਵਿਤਾ ਜਿਥੇ ਸਮਾਜਿਕ ਸਾਰੋਕਾਰਾਂ ਨਾਲ ਅਤਿ-ਨਿਕਟ ਤੋਂ ਜੁੜੀ ਹੋਈ ਵਸਤ ਤੋਂ ਲਾਂਭੇ ਵੀ ਜਾ ਰਹੀ ਸੀ। ਇਸ ਦੇ (ਕਾਰਨ) ਉਸ ਸਮੇਂ ਦੇ ਜਮਾਤੀ ਅੰਤਰ-ਵਿਰੋਧਾਂ ਅਤੇ ਕਵਿਤਾ ਨਾਲ ਜੁੜੇ ਲੇਖਕਾਂ ਦੇ ਜਮਾਤੀ ਦ੍ਰਿਸ਼ਟੀਕੋਣ ਵਿਚ ਨਿਹਤਿ ਸਨ। ਇਸੇ ਸਮੇਂ ਪ੍ਰਗਤੀਸ਼ੀਲ ਧਾਰਾ ਦੇ ਨਾਲ ਪ੍ਰਯੋਗਵਾਦ ਦੀ ਲਹਿਰ ਵੀ ਚੱਲ ਰਹੀ ਸੀ। ਪ੍ਰਗਤੀਸ਼ੀਲ ਧਾਰਾ ਦੇ ਨਾਲ ਹੀ ਜੁਝਾਰਵਾਦੀ ਦੌਰ ਵਿਚ ਇਤਿਹਾਸਕ ਚੇਤਾਨਾਰੂਪੀ ਕਵਿਤਾ ਰਾਜ ਦੇ ਮਾਨਵ ਵਿਰੋਧੀ ਰਵੱਈਏ ਕਾਰਨ ਸਮਾਜਿਕ ਅਕ੍ਰੋਸ਼ ਨੂੰ ਤਿੱਖੀ ਸੁਰ ਵਿਚ ਪੇਸ਼ ਕਰ ਰਹੀ ਸੀ।

ਇਸ ਸਮੁੱਚੀ ਕਾਵਿ-ਧਾਰਾ ਵਿਚੋਂ ਹੀ ਅਜੋਕੀ ਕਵਿਤਾ ਆਪਣੀ ਸਰੂਪ ਗ੍ਰਹਿਣ ਕਰਦੀ ਹੈ। ਅਜੋਕੇ ਸਮੇਂ ਦੀ ਕਵਿਤਾ ਦਾ ਮੁਲੰਕਣ ਕਰਦਿਆਂ ਸਦੀ ਦੇ ਅੰਤਮ ਦਹਾਕਿਆਂ ਵਿਚ ਵਾਪਰੇ ਵਸਤੂਗਤ ਸਥਿਤੀ ਪਰਿਵਰਤਨ ਨੇ ਮੁਲੰਕਣ ਦੇ ਪਰੰਪਰਾਗਤ ਮਾਡਲਾਂ ਤੋਂ ਵੱਖਰੇ ਹੋ ਕੇ ਸੋਚਣਾ ਪਵੇਗਾ। ਵਿਕਾਸਸ਼ੀਲ ਦੇਸ਼ਾਂ ਦੀਆਂ ਵਿਸ਼ੇਸ਼ ਸਮਾਜਿਕ ਤੇ ਇਤਿਹਾਸਕ ਪ੍ਰਸਥਿਤੀਆਂ ਕਾਰਨ ਇਥੇ ਸਮਾਜਿਕ ਅੰਤਰ-ਵਿਰੋਧਾਂ ਨੂੰ ਸਮਝਣ ਲਈ ਇਕ ਵੱਖਰੇ ਮਾਡਲ ਦੀ ਲੋੜ ਹੈ। ਪਰੰਪਰਾਗਤ ਸਥਿਤੀ ਵਿਚ ਭਾਰਤ ਵਿਚ ਸਮਾਜਿਕ-ਆਰਥਿਕ ਵਿਕਾਸ ਇਕ ਸਹਿਜ ਪਰਿਵਰਤਨ ਦੀ ਥਾਂ ਬਾਹਰੀ ਦਖਲ ਨਾਲ ਹੋਣ ਕਾਰਨ ਆਰਥਿਕ ਸਥਿਤੀ ਤੇ ਮਾਨਸਿਕ ਸੰਰਚਨਾ ਵਿਚਕਾਰ ਅਸਮਾਨਤਾਵਾਂ ਪਰੰਪਰਾਗਤ ਸਿਧਾਂਤ ਤੋਂ ਹਟ ਕੇ ਰਹੀਆਂ ਹਨ। ਸਮਕਾਲੀ ਦੌਰ ਵਿਚ ਸਾਇੰਸ ਅਤੇ ਤਕਨੀਕ ਦੇ ਸਿੱਧੇ ਦਖਲ ਨੇ

ਅਜੋਕੇ ਪੂੰਜੀਵਾਦੀ ਪ੍ਰਬੰਧ ਵਿਚੋਂ ਵੀ ਇਕ ਵੱਖਰੀ ਨੁਹਾਰ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਇਹ
ਨਵੀਂ ਵਿਵਸਥਾ ਵੀ ਸਹਿਜ ਹੋਣ ਦੀ ਥਾਂ ਆਰੋਪਿਤ ਹੈ। ਪੰਜਾਬ ਵਿਚ ਇਹ ਅਮਲ ਤੇਜ਼ੀ ਨਾਲ
ਵਾਪਰਿਆ। ਹਰੇ ਇਨਕਲਾਬ ਤੋਂ ਬਾਅਦ ਪੇਂਡੂ ਅਰਥਚਾਰੇ ਵਿਚ ਪੂੰਜੀਵਾਦੀ ਕੀਮਤਾਂ ਦੇ ਪ੍ਰਵੇਸ਼ ਨੇ
ਕਈ ਨਵੇਂ ਅੰਤਰ-ਵਿਰੋਧਾਂ ਨੂੰ ਜਨਮ ਦਿੱਤਾ। ਇਕ ਪਾਸੇ ਮੰਡੀ ਦਾ ਵਿਕਾਸ ਹੋਇਆ, ਕੁਝ ਪੈਦਾਵਾਰ
ਵਿਚ ਵਾਧਾ ਹੋਇਆ। ਫਸਲੀ ਚੱਕਰ ਵਿਚ ਪਰਿਵਰਤਨ ਆਇਆ। ਖੇਤੀਬਾੜੀ ਨਾਲ ਸੰਬੰਧਿਤ
ਸਨਅਤ ਦਾ ਵਿਕਾਸ ਹੋਇਆ, ਦੂਜੇ ਪਾਸੇ ਛੋਟੀ ਕਿਸਾਨੀ ਦਾ ਆਰਥਿਕ ਸੰਕਟ ਵਧਿਆ। ਬੇਰੋਜ਼ਗਾਰੀ
ਵਿਚ ਵਾਧਾ ਹੋਇਆ, ਸੰਸਥਾਗਤ ਕਰਜ਼ਿਆਂ ਦਾ ਭਾਰ ਵਧਿਆ। ਇਹ ਸਮੁੱਚਾ ਸੰਕਟ ਅਜੋਕੀ
ਪੰਜਾਬੀ ਕਵਿਤਾ ਵਿਚੋਂ ਉਭਰਦਾ ਰਿਹਾ ਹੈ। ਸਿਧਾਂਤਕ ਦ੍ਰਿਸ਼ਟੀ ਤੋਂ ਇਹ ਸਮਾਂ ਮਾਨਵੀ ਮੁਕਤੀ ਦੇ
ਆਦਰਸ਼ ਦੇ ਤਿੜਕਣ ਦਾ ਸਮਾਂ ਸੀ। ਸੋਵੀਅਤ ਸੰਘ ਦੇ ਟੁੱਟਣ ਨਾਲ ਤਾਕਤ ਦਾ ਸੰਤੁਲਨ ਵਿਗੜ
ਗਿਆ। ਸਮਾਜਵਾਦੀ ਅਰਥ-ਵਿਵਸਥਾ ਸਮੁੱਚੇ ਰੂਪ ਵਿਚ ਵਿਗਠਤ ਹੋ ਗਈ। ਅਜਿਹੀ ਸਥਿਤੀ
ਵਿਚ ਸਾਮਰਾਜ ਦੀ ਅਰੋਕ ਸ਼ਕਤੀ ਨੇ ਇਕ ਨਵਾਂ ਗਲੋਬਨ ਪਿੰਡ ਦਾ ਸੰਕਲਪ ਪੇਸ਼ ਕੀਤਾ। ਇਸ ਦਾ
ਅਸਰ ਵਿਕਾਸਸ਼ੀਲ ਦੇਸ਼ਾਂ ਦੀ ਅਰਥ-ਵਿਵਸਥਾ ਤੇ ਸਿੱਧਾ ਹੋਇਆ। ਸਾਡੇ ਦੇਸ਼ ਦੀ ਮਿਸ਼ਰਤ ਅਰਥ-
ਵਿਵਸਥਾ ਦੀ ਥਾਂ ਹੌਲੀ-ਹੌਲੀ ਵਿਸ਼ਵ-ਵਿਆਪੀਕਰਨ, ਨਿਜੀਕਰਨ ਅਤੇ ਵਪਾਰੀਕਰਨ ਦਾ ਸੰਕਲਪ
ਉਭਰਿਆ। ਜਿਸ ਵਿਚੋਂ ਇਕ ਸਿਧਾਂਤ ਜਾਂ ਦ੍ਰਿਸ਼ਟੀ ਦੀ ਪ੍ਰਭੂਸੱਤਾ ਦਾ ਵਿਰੋਧ, ਵਿਅਕਤੀ ਦੀ ਅਖੌਤੀ
ਵਿਅਕਤੀ ਖੁਦ-ਮੁਖਤਿਆਰੀ, ਉਪ-ਸੱਭਿਆਚਾਰਾਂ ਦੀ ਪਛਾਣ ਦਾ ਮਸਲਾ ਉਭਰਿਆ। ਇਹ
ਦ੍ਰਿਸ਼ਟੀ ਸਾਹਿਤ ਦੇ ਖੇਤਰ ਵਿਚ ਉਤਰ-ਆਧੁਨਿਕਤਾ ਦੇ ਸੰਕਲਪ ਥੱਲੇ ਪ੍ਰਸਾਰੀ ਅਤੇ ਪ੍ਰਚਾਰੀ ਜਾਣ
ਲੱਗ ਪਈ। ਕਵਿਤਾ ਦੇ ਖੇਤਰ ਇਹ ਸੰਕਲਪ ਜ਼ੋਰ ਨਾਲ ਉਭਰਿਆ। ਇਹ ਸੰਕਲਪ ਕਵਿਤਾ ਦੀਆਂ
ਸਮਾਨੰਤਰ ਵਿਚਾਰ ਧਾਰਾਵਾਂ ਦੀ ਕਿਰਿਆਸ਼ੀਲਤਾ ਨੂੰ ਸਮਝਣ ਤੋਂ ਇਨਕਾਰੀ ਹੈ। ਦ੍ਰਿਸ਼ਟੀ ਕੋਣ ਦੀ
ਪ੍ਰਭੂਸੱਤਾ ਦੀ ਇਨਕਾਰੀ ਨਾਲ ਇਹ ਕਵਿਤਾ ਨੂੰ ਸਮਾਜਿਕ ਸਾਰੋਕਾਰਾਂ ਤੇ ਦ੍ਰਿਸ਼ਟੀ ਤੋਂ ਮੁਕਤ ਕਰਦਾ
ਹੈ। ਵਿਅਕਤੀ ਦੀ ਖੁਦਮੁਖਤਿਆਰੀ ਦਾ ਸੰਕਲਪ ਉਸ ਦੇ ਸਮਾਜਿਕ ਸਾਰੋਕਾਰਾਂ ਨਾਲ ਜੋੜਨ ਦੀ ਥਾਂ
ਉੱਤਰ-ਆਧੁਨਿਕਤਾਵਾਦੀ ਇਸ ਨੂੰ ਦੇਹ ਦੇ ਸਾਰੋਕਾਰ, ਕੁਦਰਤ ਦੇ ਕਾਮ ਉਤੇਜਿਤ ਬਿੰਬ ਅਤੇ
ਹਵਸ਼ ਪੂਰਤੀ ਦੀ ਆਜ਼ਾਦੀ ਨਾਲ ਜੋੜਦੇ ਹਨ। ਗਲੋਬਲ ਪਿੰਡ ਦਾ ਸੰਕਲਪ ਬਹੁ-ਕੌਮੀ ਕੰਪਨੀਆਂ
ਦੀ ਲੁੱਟ ਤੇ ਪਰਦਾਪੋਸ਼ੀ ਲਈ ਸਥਾਨਕ ਸਮਾਜਿਕ ਸਾਰੋਕਾਰਾਂ ਨੂੰ ਅੱਖੋ-ਪਰੋਖੇ ਕੀਤਾ ਜਾਂਦਾ ਹੈ।

ਉਤਰ-ਅਧੁਨਿਕਤਾਵਾਦੀਆਂ ਦੇ ਪ੍ਰਚਾਰ ਦਾ ਇਕ ਕੇਂਦਰ ਉਪ-ਸੱਭਿਆਚਾਰਾਂ ਦੀ ਪਛਾਣ
ਨਾਲ ਜੁੜਿਆ ਹੋਇਆ ਹੈ। ਇਹ ਪ੍ਰਚਾਰ ਵਿਕਾਸਸ਼ੀਲ ਦੇਸ਼ਾਂ ਲਈ ਖਤਰਨਾਕ ਹੋਣ ਦੇ ਨਾਲ-ਨਾਲ
ਉਹਨਾਂ ਦੀ ਇਲਾਕਾਈ ਅਖੰਡਤਾ ਦੇ ਸਵਾਲ ਨਾਲ ਵੀ ਜੁੜਿਆ ਹੋਇਆ ਹੈ। ਅਸਤੁੰਲਿਤ ਵਿਕਾਸ
ਸਰਮਾਏਦਾਰੀ ਦੇ ਆਰਥਿਕ ਵਿਕਾਸ ਦਾ ਅਨਿੱਖੜ ਅੰਗ ਹੈ। ਇਹ ਅਸੰਤੁਲਿਨ ਆਰਥਿਕ ਸੰਕਟ ਦਾ
ਕਾਰਨ ਹੈ। ਇਹ ਸੰਕਟ ਜਦੋਂ ਰਾਜਨੀਤਕ ਸੰਕਟ ਵਿਚ ਪਰਿਵਰਤਤ ਹੁੰਦਾ ਹੈ ਤਾਂ ਇਸ ਵਿਚੋਂ ਉਤਪੰਨ
ਹੋਇਆ ਵਿਰੋਧ ਕੇਂਦਰੀ ਸਰਮਾਏਦਾਰੀ ਦੇ ਵਿਰੋਧ ਵਿਚ ਤਿੱਖੇ ਰੂਪ ਵਿਚ ਉਭਰਦਾ ਹੈ। ਜਿਥੇ ਕੇਂਦਰੀ
ਸਰਮਾਏਦਾਰੀ ਸਥਾਨਕ ਪ੍ਰਭਾਵ ਅਧੀਨ ਸਾਮਰਾਜ ਦਾ ਵਿਰੋਧ ਕਰਦੀ ਹੈ, ਉਥੇ ਸਾਮਰਾਜ ਇਲਾਕਾਈ
ਜਜ਼ਬਾ ਜਾਂ ਕੋਈ ਹੋਰ ਅਧਾਰ ਬਣਾ ਕੇ ਵੱਖਰੇ ਹੋਣ ਦੀ ਮਾਨਸਿਕਤਾ ਉਭਾਰਦਾ ਹੈ। ਉੱਤਰ-
ਅਧੁਨਿਕਤਾ ਦਾ ਸੰਕਲਪ ਉਭਾਰਨ ਵਾਲੀ ਦ੍ਰਿਸ਼ਟੀ ਇਸ ਉਭਾਰ ਨੂੰ ਉਪ-ਸੱਭਿਆਚਾਰਾਂ ਦੀ ਪਛਾਣ
ਨਾਲ ਜੋੜ ਕੇ ਘੱਟ ਗਿਣਤੀ ਦੇ ਖਿੱਲਰੇ ਹੋਣ ਦੀ ਮਾਨਸਿਕਤਾ ਨੂੰ ਉਭਾਰਦੀ ਹੈ। ਇਹ ਮਾਨਸਿਕਤਾ
ਸਥਾਪਤ ਨਿਜ਼ਾਮ ਦੇ ਮਾਨਵ-ਵਿਰੋਧੀ ਰਵੱਈਏ ਦੀ ਪੈਰਵੀ ਹੀ ਨਹੀਂ ਕਰਦੀ ਸਗੋਂ ਕਲਾ ਅਤੇ
ਸਾਹਿਤ ਨੂੰ ਨਿਰੋਲ ਮਾਨਸਿਕ ਅਯਾਸ਼ੀ ਅਤੇ ਭਟਕਣ ਦੇ ਕਥਰਾਸਿਸ ਤੱਕ ਸੀਮਤ ਕਰ ਦਿੰਦੀ ਹੈ।

ਅਜੋਕੀ ਪੰਜਾਬੀ ਕਵਿਤਾ ਵਿਚ ਇਹ ਸਿਧਾਂਤ ਉਹਨਾਂ ਬੁਧੀਜੀਵੀਆਂ ਵੱਲੋਂ ਪ੍ਰਚਾਰਿਆ ਜਾ
ਰਿਹਾ ਹੈ, ਜਿਹੜੇ ਕਿਸੇ ਸਿਧਾਂਤ ਦੀ ਪ੍ਰਭੂਸੱਤਾ ਦੇ ਵਿਰੋਧੀ ਹਨ, ਕਵਿਤਾ ਦੇ ਖੇਤਰ ਵਿਚ ਇਸ ਦੇ
ਉਲਟ ਸਮਾਜਿਕ ਸਰੋਕਾਰਾਂ ਅਤੇ ਮਾਨਵੀ ਦ੍ਰਿਸ਼ਟੀ ਵਾਲੀ ਕਵਿਤਾ ਵੀ ਸਮਾਨੰਤਰ ਰੂਪ ਵਿਚ
ਕਿਰਿਆਸ਼ੀਲ ਹੈ। ਇਸ ਸਦੀ ਦੇ ਅੰਤਮ ਦੋ ਦਹਾਕਿਆਂ ਵਿਚ ਆਰੋਪਿਤ ਸਾਇੰਸ ਅਤੇ ਤਕਨੀਕ ਦੀ
ਤਰੱਕੀ ਨੇ ਪੰਜਾਬ ਵਿਚ ਵਿਅਕਤੀਮੂਲਕ ਸ਼ੋਰ ਨੂੰ ਉਭਾਰਿਆ। ਇਸ ਸੋਚ ਦੇ ਨਾਲ ਹੀ ਸਮਾਨੰਤਰ



ਰੂਪ ਵਿਚ ਸਮਾਜਿਕ ਸਰੋਕਾਰਾਂ ਨਾਲ ਜੁੜੀ ਸੋਚ ਕਵਿਤਾ ਦੀ ਪ੍ਰਕ੍ਰਿਆ ਦੇ ਨਾਲ ਹੀ ਕਿਰਿਆਸ਼ੀਲ ਰਹੀ ਹੈ। ਇਸ ਵਿਚ ਇਕ ਪ੍ਰਮੁੱਖ ਸਮੱਸਿਆ ਪੰਜਾਬ ਸੰਕਟ ਨਾਲ ਜੁੜੇ ਸਰੋਕਾਰਾਂ ਨਾਲ ਸੰਬੰਧਿਤ ਸੀ। ਇਸ ਸਥਿਤੀ ਵਿਚੋਂ ਹੀ ਕਵਿਤਾ ਦੀ ਸਿਰਜਣ ਪ੍ਰਕਿਰਿਆ ਪ੍ਰਤੀ ਸੋਚ ਆਪਣਾ ਗ੍ਰਹਿਣ ਸਰੂਪ ਕਰਦੀ ਹੈ। ਦੋ ਵੱਖਰੇ ਰੂਪ ਪੰਜਾਬੀ ਕਵਿਤਾ ਵਿਚ ਵੇਖਣ ਨੂੰ ਮਿਲਦੇ ਹਨ।

ਕਵਿਤਾ
ਕੂੜ ਦੇ ਫਲਸਫਿਆ ਨੂੰ
ਭਸਮ ਕਰੇਗੀ, ਭਸਮ ਕਰੇਗੀ
ਕਵਿਤਾ ਵੀ ਅੱਜ
ਦੁਰਗਾ ਵਾਂਗੂ
ਸ਼ੇਰ ਦੀ ਪਿੱਠ ਉੱਤੇ ਬੈਠੇਗੀ। (ਸੰਤੋਖ ਸਿੰਘ ਧੀਰ)

ਤੂੰ ਜਾਵੀਂ ਮੇਰੀ ਕਵਿਤਾ
ਪਿੰਡਾਂ ਦੀਆਂ ਸੱਥਾਂ 'ਚ
ਜਿਥ ਫੈਲਿਆ ਹੈ ਦਹਿਸ਼ਤ ਦਾ ਹਾੜ
ਕੋਈ ਲੈ ਗਿਆ ਹੈ ਜਿਥੋਂ
ਚਿਹਰਿਆਂ ਤੋਂ ਮਸ਼ਕਰੀਆਂ ਚੁਰਾ ਕੇ (ਦਿਲਜੀਤ ਪਾਲ)

ਅਜਿਹੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਕਵਿਤਾ ਕਿਸੇ ਸਿਧਾਂਤ ਦੀ ਪੈਰਵੀ ਮਾਨਵੀ ਪ੍ਰਸੰਗਾਂ ਤੋਂ ਮੁਕਤ ਹੋ ਕੇ ਨਹੀਂ ਕਰਦੀ। ਇਸ ਦੇ ਨਾਲ ਹੀ ਸਮਾਜਿਕ ਪ੍ਰਸੰਗਾਂ ਤੋਂ ਮੁਕਤ ਪ੍ਰਕ੍ਰਿਤਕ ਅਮੂਰਤ ਬਿੰਬਾਂ ਅਤੇ ਦੈਵੀ ਸ਼ਕਦੀ ਦੀ ਉਪਮਾਂ ਵਾਲੀ ਕਵਿਤਾ ਵੀ ਹੈ। ਇਸ ਵਿਚੋਂ ਮਾਨਸਿਕ ਤ੍ਰਿਪਤੀ ਦਾ ਮਾਨਵੀ ਖੁਦਮੁਖਤਿਆਰੀ ਦਾ ਬਿੰਬ ਨਹੀਂ ਸਗੋਂ ਨਿਜੀ ਖਾਹਿਸ਼ ਦੇ ਅਨੰਦ ਦੀ ਅਵਸਥਾ ਉਭਰਦੀ ਹੈ, ਜਿਹੜੀ ਅਪ੍ਰੱਖ ਰੂਪ ਵਿਚ ਕਲਾ ਅਤੇ ਸਾਹਿਤ ਦੀ ਸਮਾਜਿਕ ਪ੍ਰਸੰਗਤਾ ਤੋਂ ਮੁਕਤ ਹੈ।

ਹੇ ਰਚਨਾਕਾਰ
ਧਰਤੀ, ਅੰਬਰ, ਨਦੀਆਂ, ਸਾਗਰ.
ਪਹਾੜ, ਖਲਾਅ, ਹਵਾ, ਅਗਨੀ, ਬੱਦਲ ਸਭ
ਈਸ਼ਵਰੀ ਕਵਿਤਾ ਹੈ। (ਪਰਮਜੀਤ ਸੋਹਲ)

ਨਜ਼ਮ ਹੁਣ ਚੇਤਨਾ-ਵਿਹੂਣੀ ਜਿਹੀ
ਖੁਲ੍ਹੇ ਵਾਲਾਂ ਵਾਲੀ ਕਿਸੇ ਵਿਧਵਾਂ ਵਾਂਗ
ਆਪਣੇ ਹੀ ਸੰਕਲਪਾਂ ਦੇ ਸਿਵਿਆਂ ਵਿਚ ਘੁੰਮਦੀ ਦੇਖੀ ਜਾਂਦੀ ਹੈ ਹਰ ਰੋਜ਼
(ਅਮਰਦੀਪ ਗਿੱਲ)

ਮੈਂ ਕਵਿਤਾਂ ਨੂੰ ਖੋਖਲੇ ਲਿਜਲਿਜ਼ੇ ਸ਼ਬਦਾਂ ਤੋਂ ਮੁਕਤ ਕਰਾਉਣਾ ਏ
ਮੈਂ ਕਵਿਤਾ ਨੂੰ ਫਿਰ ਮਹਿਕ ਬਣਾਉਣਾ ਹੈ (ਪਾਲ ਕੌਰ)

ਕਵਿਤਾ ਦੀ ਸਿਰਜਣ ਪ੍ਰਕਿਰਿਆ ਨਾਲ ਜੁੜੇ ਸਰਕਾਰਾਂ ਦੇ ਨਾਲ ਆਰਥਿਕ ਸੰਕਟ ਵਜੋਂ ਉਤਪੰਨ ਹੋਈ ਅਮਾਨਵੀ ਸਥਿਤੀ ਕਵਿਤਾ ਦਾ ਆਧਾਰ ਬਣੀ ਹੈ। ਪ੍ਰਗਤੀਵਾਦੀ ਦੌਰ ਦੀ ਕਵਿਤਾ ਵਿਚ ਇਹ ਸਥਿਤੀ ਰਾਜਨੀਤਕ ਚੇਤਨਾ ਸਮੇਤ ਉਭਰਦੀ ਸੀ। ਅਜੋਕੀ ਕਵਿਤਾ ਕਿਸੇ ਰਾਜਨੀਤਕ ਸਿਧਾਂਤ ਦੀ ਪੈਰਵੀ ਦੀ ਥਾਂ ਇਕ ਸਥਿਤੀ ਸਾਡੇ ਸਾਹਮਣੇ ਉਭਰਦੀ ਹੈ। ਇਹ ਸਥਿਤੀ ਕਵਿਤਾ ਵਿਚ ਇਕ ਪ੍ਰਵਿਰਤੀ ਵਜੋਂ ਨਹੀਂ, ਸਗੋਂ ਸਮਾਜਿਕ ਸਥਿਤੀ ਦੇ ਵਿਰੋਧ ਵਿਚੋਂ ਉਤਪੰਨ ਹੋ ਰਹੀ ਹੈ। ਇਹ ਸਥਿਤੀ ਕਈ ਕਵੀਆਂ ਦੀਆਂ ਰਚਨਾਵਾਂ ਵਿਚੋਂ ਬਦਲਵੇਂ ਰੂਪ ਵਿਚ ਵੀ ਉਭਰਦੀ ਹੈ। ਕਈ ਵਾਰੀ ਇਹ ਵੱਖਰੀਆਂ ਸਥਿਤੀਆਂ ਦੇ ਵਿਚਕਾਰ ਇਕ ਭਰਮ ਦੇ ਰੂਪ ਵਿਚ ਪ੍ਰਸ਼ਨ ਬਣਕੇ ਵਿਚ ਉਭਰਦੀ ਹੈ।

ਹੱਥ 'ਚ ਗੰਦੀ ਜਿਹੀ ਬੋਰੀ ਚੁੱਕੀ ਜਾਂਦਾ
ਉਹ ਮਾਸੂਮ ਜਿਹਾ ਬੱਚਾ
ਕਿ ਜਿਸਦੀ ਉਮਰ ਬਸਤਾ ਚੁੱਕਣ
ਬੰਟ ਤੇ ਗੁੱਲੀ ਡੰਡਾ ਖੇਡਣ ਦੀ ਹੈ
ਉਸ ਰੂੜੀ ਚੋਂ ਕੱਚ ਦੇ ਰੱਦੀ ਚੁਗਦੇ ਬੱਚੇ ਲਈ ਇਕੀਵੀਂ ਸਦੀ ਕੀ ਲਿਆਵੇਗੀ?
(ਸਵਰਨਜੀਤ ਸਵੀ)

ਸਵਰਨਜੀਤ ਸਵੀ ਇਕੋ ਸਮੇਂ ਕਈ ਦ੍ਰਿਸ਼ਟੀਆਂ ਵਾਲੀ ਕਵਿਤਾ ਦੀ ਰਚਨਾ ਕਰ ਰਿਹਾ ਹੈ। ਉਸ ਦੇ ਨਾਲ ਸੁਰਜੀਤ ਜੱਜ, ਦੋਵੇਂ ਪ੍ਰਕਾਰ ਦੀਆਂ ਸਥਿਤੀਆਂ ਵਿਚ ਪ੍ਰਸ਼ਨ ਸਿਰਜ ਰਿਹਾ ਹੈ। ਉਹ ਸਮਾਜਿਕ ਵਾਸਤਵਿਕਤਾ ਅਤੇ ਦ੍ਰਿਸ਼ਟੀ ਦੇ ਭਰਮ ਵੀ ਬਰਕਰਾਰ ਰੱਖ ਰਿਹਾ ਹੈ।

ਚਲੋ ਚੰਗਾ ਹੋਇਆ,
ਦਰਾਂ ਤੇ ਦਸਤਕ ਨਹੀਂ ਹੋਈ
ਨਹੀਂ ਤਾਂ ਤਿੜਕ ਜਾਣਾ ਸੀ,
ਗੁੰਗੇ ਘਰਾਂ ਚੋਂ ਮਿਲਣ ਵਾਲੇ ਹੁੰਗਾਰੇ ਦਾ ਭਰਮ
(ਸੁਰਜੀਤ ਜੱਜ)

ਇਸ ਸਦੀ ਦੇ ਅੰਤਿਮ ਦਹਾਕਿਆਂ ਵਿਚ ਪੇਂਡੂ ਸਮਾਜਹਾਰੇ ਵਿਚੋਂ ਉਭਰਦੇ ਪੂੰਜੀਵਾਦੀ ਉਭਾਰ ਸਪਸ਼ਟ ਰੂਪ ਵਿਚ ਉਭਰਨ ਲੱਗੇ। ਇਕ ਪਾਸੇ ਧਨੀ ਕਿਸਾਨੀ ਅਤੇ ਸ਼ਾਹੂਕਾਰੀ ਦਾ ਨਵਾਂ ਰੂਪ ਅਤੇ ਦੂਜੇ ਪਾਸੇ ਸੰਕਟ-ਗ੍ਰਸਤ ਛੋਟੀ ਕਿਸਾਨੀ। ਖੇਤੀ ਅਰਥਚਾਰੇ ਵਿਚ ਹੋਏ ਮੰਡੀ ਦੇ ਵਿਕਾਸ, ਖੇਤੀ ਦੇ ਮਸ਼ੀਨੀਕਰਨ ਨੇ ਇਕ ਪਾਸੇ ਧਨੀ ਵਰਗ ਪੈਦਾ ਕੀਤਾ, ਦੂਜੇ ਪਾਸੇ ਕਿਸਾਨੀ ਦਾ ਕੰਗਾਲੀਕਰਨ ਹੋਇਆ। ਅਜਿਹੀ ਪੇਂਡੂ ਚੇਤਨਾ ਨਾਲ ਕਵੀਆਂ ਦਾ ਨਵਾਂ ਵਰਗ ਉਭਰਿਆ, ਜਿਸ ਕੋਲ ਆਰਥਿਕ ਸੰਕਟ ਚੋਂ ਪੈਦਾ ਹੋਈ ਚੇਤਨਾ ਅਤੇ ਸ਼ਹਿਰੀ ਸੱਭਿਅਤਾ ਦਾ ਅਨੁਭਵ ਸੀ। ਅਜਿਹਾ ਵਰਗ ਅਨੁਭਵ ਤੌਰ ਤੇ ਸੰਕਟ-ਗ੍ਰਸਤ ਕਿਸਾਨੀ ਦੀ ਵੇਦਨਾ, ਦ੍ਰਿਸ਼ਟੀ ਪਖੋਂ ਪ੍ਰਗਤੀਵਾਦੀ ਆਦਰਸ਼ ਅਤੇ ਸਥਿਤੀ ਪੱਖੋਂ ਅਸਵ੍ਰਿਕਤੀ ਦੇ ਵਰਤਮਾਨ ਨਾਲ ਜੂਝ ਰਿਹਾ ਹੈ।

ਵਰ੍ਹਿਆ ਤੋਂ ਅੱਡੀਆਂ ਕੂਚਦੀਏ ਜੱਟੀਏ,
ਬਾਕਾਂ ਮਹਿਜ਼ ਅੱਡੀਆਂ ਕੂਚਦਿਆਂ ਨਹੀਂ ਮਿਲਦੀਆਂ
ਕਦੀ ਕੱਲੀ ਬਹਿ ਕੇ ਸੋਚੀਂ
ਤੇਰੇ ਹਿੱਸੇ ਦੀਆਂ ਬਾਂਕਾਂ ਭਲਾ ਕੌਣ ਪਹਿਨਦਾ ਹੈ
(ਧਰਮ ਕੰਮੇਆਣਾ)

ਜਿਥੇ ਅਜੋਕੀ ਕਵਿਤਾ ਵਿਚੋਂ ਸਥਿਤੀ ਦੇ ਅਹਿਸਾਸ ਦੀ ਚੇਤਨਾ ਉਭਰਦੀ ਹੈ। ਉਥੇ ਜ਼ਿੰਦਗੀ ਦਾ ਅਹਿਸਾਸ ਅਤੇ ਅਹਿਸਾਸ ਨਾਲ ਜੁੜੇ ਸੰਘਰਸ਼ ਦੀ ਸਾਰਥਿਕਤਾ ਵੀ ਉਭਰਦੀ ਹੈ। ਸੰਘਰਸ਼ ਨਾਲ ਅਹਿਸਾਸ ਅਤੇ ਅਹਿਸਾਸ ਉਪਜਾਉਣ ਵਾਲੀ ਮਾਨਸਿਕਤਾ ਦੇ ਵਿਰੋਧੀ ਰਵਾਇਤਾਂ ਦੀ ਖਿਲਾਫਤ ਵੀ ਅਜਿਹੀ ਮਾਨਸਿਕਤਾ ਵਿਚੋਂ ਹੀ ਉਤਪੰਨ ਹੁੰਦੀ ਹੈ। ਅਜਿਹੀ ਕਵਿਤਾ ਸਿਰਫ ਸਮਾਜਿਕ ਸਰੋਕਾਰਾਂ ਨਾਲ ਜੁੜੀ ਚੇਤਨਾ ਤਕ ਹੀ ਸੀਮਤ ਨਹੀਂ ਸਗੋਂ ਅਜਿਹੇ ਅਹਿਸਾਸ ਨੂੰ ਵੀ ਉਭਾਰਦੀ ਹੈ ਜਿਸ ਵਿਚ ਸਮਾਜਿਕ ਸਾਰੋਕਾਰਾਂ ਨਾਲੋਂ ਟੁੱਟੇ ਅਹਿਸਾਸ ਦੀਆਂ ਕੀਮਤਾਂ ਦਾ ਵਿਰੋਧ ਵੀ ਮੌਜੂਦ ਹੈ। ਅਜਿਹੀ ਕਵਿਤਾ ਵਿਚੋਂ ਇਕ ਨਿਸ਼ਚਤ ਦ੍ਰਿਸ਼ਟੀਕੋਣ ਉਭਰਦਾ ਹੈ।

ਸਿਰਫ਼ ਜਿਊਣ ਦਾ ਅਹਿਸਾਸ ਕਾਫ਼ੀ ਨਹੀਂ ਹੈ
ਇਸ ਤੋਂ ਮਹੱਤਵਪੂਰਨ ਹੁੰਦਾ
ਇਸ ਅਹਿਸਾਸ ਨੂੰ ਜਿਊਣਾ
ਜਾਂ
ਜੂਝਣਾ
ਉਹਨਾਂ ਰਵਾਇਤਾ ਦੇ ਖਿਲਾਫ਼
ਜਿਹੜੀਆਂ ਅਹਿਸਾਸ ਤੇ ਜਿਊਣ ਵਿਚਾਲੇ
ਕੰਧ ਬਣਦੀਆਂ ਹਨ





ਅਹਿਸਾਸ, ਜ਼ਿੰਦਗੀ, ਸੰਘਰਸ਼
ਇਹ ਕਦੀ ਵੱਖ-ਵੱਖ ਨਹੀ ਹੁੰਦੇ।

ਇਹ ਅਹਿਸਾਸ ਅਤੇ ਸੰਘਰਸ਼ ਜਿਸ ਸਥਿਤੀ ਚੋਂ ਪੈਦਾ ਹੁੰਦੇ ਹਨ, ਉਹ ਸਥਿਤੀ ਪੰਜਾਬ ਵਿਚ ਹਰੇ ਚਿੱਟੇ ਇਨਕਲਾਬਾਂ ਤੋਂ ਬਾਅਦ ਤਿੱਖੇ ਰੂਪ ਵਿਚ ਉਭਰੀ ਹੈ।

ਰੇਡੀਓ ਦੇ ਤਬਸਰੇ ਤੋਂ ਨਾ ਪੁੱਛ
ਜੇ ਪੁੱਛਣਾ ਹੈ ਤਾਂ ਭੜੋਲੀ ਤੇ ਸੱਖਣੇ ਦਧੂਕੇ ਤੋਂ ਪੁੱਛ
ਚਿੱਟੇ ਇਨਕਲਾਬ ਬਾਰੇ
ਜਾਂ ਫਿਰ ਉਸ ਸੁਆਣੀ ਤੋਂ ਪੁੱਛ
ਜੋ ਦੁੱਧ ਪਾ ਕੇ ਦੋੜੀ ਦੇ ਢੋਲ ਵਲ ਨਜ਼ਰ ਨਹੀਂ ਕਰਦੀ
ਤੇ ਸੋਨੇ ਵਰਗੇ ਪੁੱਤ ਨੂੰ ਚਾਹ ਨਾਲ ਵਰਾਉਂਦੀ........
(ਮਦਨ ਵੀਰਾ)

ਅਜੋਕੀ ਪੰਜਾਬੀ ਕਵਿਤਾ ਵਿਚ ਇਹ ਆਰਥਿਕ ਸੰਕਟ-ਗ੍ਰਸਟ ਸਥਿਤੀ ਵਿਚੋਂ ਹੀ ਪੰਜਾਬ ਸੰਕਟ ਉਭਰਦਾ ਹੈ। ਇਸ ਆਰਥਿਕ ਸੰਕਟ ਚੋਂ ਉਪਜੀ ਸਥਿਤੀ ਜਿਥੇ ਪੂੰਜੀਵਾਦ ਪ੍ਰਬੰਧ ਦੀਆਂ ਅਮਾਨਵੀ ਆਰਥਿਕ ਸਮਾਜਿਕ ਵਿਕਾਸ ਦੇ ਕੁਝ ਕਾਰਨਾ ਸਦਕਾ ਇਹ ਸੰਕਟ ਫਿਰਕੂ ਰੰਗਤ ਵਿਚ ਉਘੜਿਆ। ਜਿਸ ਵਿਚੋਂ ਜ਼ਿਆਦਾ ਕਵਿਤਾ ਮਾਨਵੀ ਦ੍ਰਿਸ਼ਟੀ ਚੋਂ ਰਚੀ ਗਈ ਜਿਸ ਵਿਚੋਂ ਸਰਕਾਰੀ ਅਤੇ ਵਿਅਕਤੀਗਤ ਦਹਿਸ਼ਤਗਰਦੀ ਦਾ ਵਿਰੋਧ, ਪਰੰਪਰਾਗ੍ਰਤ ਭਾਈਚਾਰੇ ਦੀ ਹੰਢਣਸਾਰਤਾ, ਸਾਡੇ ਵਿਰਸੇ ਦੀਆਂ ਸਾਂਝੀਆਂ ਕਦਰਾਂ ਕੀਮਤਾਂ ਦਾ ਪ੍ਰਚਾਰ, ਫਿਰਕੂ ਸੰਕਟ ਨੂੰ ਜਮਾਤੀ ਸੰਕਟ ਵਿਚ ਪਰਿਵਰਤਤ ਕਰਨ ਦੀ ਖਾਹਿਸ਼, ਅਸਲੀ ਦੁਸ਼ਮਣ ਦੀ ਪਹਿਚਾਣ ਦੇ ਜਤਨ, ਭਾਈਚਾਰਕ ਏਕਤਾ ਦੀ ਪਰਵੀ, ਪੰਜਾਬ ਦੇ ਪਰੰਪਰਾਗਤ ਭਾਈਚਾਰੇ ਦੀਆਂ ਸਾਂਝਾ ਦੀ ਯਾਦ, ਮੌਜੂਦਾ ਸਥਿਤੀ ਚੋਂ ਉਪਜੀ ਨਿਰਾਸ਼ਾ, ਕਰੁਣਾ ਦੀ ਭਾਵਨਾ, ਸਮਕਾਲੀ ਸੰਕਟ ਵਿਚੋਂ ਵੀ ਆਸ਼ਾਵਾਦੀ ਸੋਚ, ਇਸ ਸੰਕਟ ਲਈ ਜਿੰਮੇਵਾਰ ਰਾਜਨੀਤਕ ਸੋਚ ਦੀ ਨਿਸ਼ਾਨ-ਦੇਹੀ ਵਰਗੇ ਚਿੰਨ੍ਹ ਇਸ ਸਮੇਂ ਦੀ ਕਵਿਤਾ ਚੋਂ ਉਭਰਦੇ ਹਨ।

ਇਹ ਵਿਸ਼ਾਲ ਮੈਦਾਨ
ਬੇਰਹਿਮੀ ਦੇ ਸੋਕੇ ਦਾ ਸ਼ਿਕਾਰ
ਵਾਵਰੋਲਿਆਂ ਦੀ ਰਣ-ਭੂਮੀ ਬਣਿਆ
ਸਾਡਾ ਪੰਜਾਬ ਹੀ ਤਾਂ ਹੈ।
(ਹਰਭਜਨ ਹਲਵਾਰਵੀ)

ਉਹ ਜੋ ਸਿਰਫ਼ ਆਪਣਾ
ਵੋਟ-ਬੈਂਕ ਸੁਰੱਖਿਅਤ ਕਰਦੇ ਹਨ
ਉਹ ਜੋ ਸਿਰਫ਼
ਭਾਸ਼ਣਾਂ ਨਾਲ ਗੁਜ਼ਾਰਾ ਕਰਦੇ ਹਨ
ਉਹਨਾਂ ਲਈ ਦੱਸ ਬੰਦਾ ਕੀ ਅਰਥ ਰੱਖਦਾ ਹੈ
(ਕੁਲਵੰਤ ਔਜਲਾ)

ਪੰਜਾਬ ਸੰਕਟ ਦੀ ਫਿਜ਼ੱਈ ਮਾਹੌਲ ਵਿਚ ਵੀ ਕਾਫ਼ੀ ਕਵਿਤਾ ਆਪਣੀ ਸਿਰਜਣਾਤਮਕ ਪ੍ਰਕਿਰਿਆ ਗ੍ਰਹਿਣ ਕਰਦੀ ਹੈ। ਜਿਸ ਵਿਚੋਂ ਆਰੋਪ ਪ੍ਰਤੀ ਆਰੋਪ, ਧਰਮ ਸੰਕਟ ਨਾਲ ਜੁੜਿਆ ਕੌਮ ਦਾ ਸੰਕਟ, ਨਿਰਾਸਾ, ਧਰਮਮੂਲਕ ਰਾਜ ਦੀ ਪੈਰਵੀ ਅਤੇ ਸਿਰਫ਼ ਸਰਕਾਰੀ ਦਹਿਸ਼ਤਗਰਦੀ ਦੀ ਨਿੰਦਾ, ਵਿਅਕਤੀਗਤ ਦਹਿਸ਼ਤਗਰਦੀ ਦੀ ਹੱਲਾ ਸ਼ੇਰੀ। ਪਰੰਤੂ ਅਜਿਹੀ ਕਵਿਤਾ ਉਭਰਵੀ ਨਹੀਂ ਸਗੋਂ ਅਜਿਹੀ ਫਿਜ਼ੱਈ ਸੋਚ ਨੂੰ ਤਰਕ ਨਾਲ ਰੱਦ ਕਰਨ ਦੇ ਨਾਲ-ਨਾਲ ਮਨੁੱਖ ਦੀ ਅਜਿਹੀ ਸੋਚ ਵਿਚੋਂ ਵੀ ਸਥਿਤੀ ਦੀ ਸਹੀ ਪਛਾਣ ਕਰਨ ਵਾਲੀ ਕਵਿਤਾ ਵੀ ਉਭਰਦੀ ਹੈ।

ਵੇਖੀ ' ਗਰਕ ਨਾ ਜਾਵੀ
ਨਿਰਾਸ਼ਾ ਦੀ ਹਨੇਰੀ ਅੰਨ੍ਹੀ ਗੁਫ਼ਾ ਅੰਦਰ
ਬੁਰੇ ਦਿਨ ਆਉਂਦੇ

ਤੇ ਆ ਕੇ ਪਰਤ ਜਾਂਦੇ ਨੇ
ਪਰ ਡੋਲ ਗਿਆਂ ਦਾ ਕਲੰਕ
ਮੱਥੇ ਦੇ ਜ਼ਖ਼ਮ ਵਾਂਗ
ਦਿਸਦਾ ਰਹਿੰਦਾ ਹੈ, ਚੇਤੇ ਦੇ ਆਕਾਸ਼ ਉੱਤੇ (ਹਰਭਜਨ ਸਿੰਘ ਹੁੰਦਲ)

ਇਸ ਦੌਰ ਦੀ ਸੰਕਟ-ਗ੍ਰਸਤ ਕਵਿਤਾ ਵਿਚੋਂ ਦੁਬਿਧਾਮੂਲਕ ਕਵਿਤਾ ਵੀ ਉਭਰੀ ਹੈ। ਇਸ ਦੁਬਿਧਾ ਦਾ ਵਿਰੋਧ ਵੀ ਕਵਿਤਾ ਵਿਚ ਹੀ ਮੌਜੂਦ ਹੈ। ਜਿਸ ਵਿਚ ਰਾਜ ਦੇ ਚਰਿਤਰ ਦਾ ਚਿਹਨ ਵੀ ਉਭਰਦਾ ਹੈ। ਇਹ ਚਿਹਨ ਸਮੁੱਚੇ ਰੂਪ ਵਿਚ ਪ੍ਰਗਤੀਸ਼ੀਲ ਚਿੰਤਨ ਦਾ ਹੀ ਵਾਹਨ ਹੈ। ਜਿਸ ਵਿਚ ਸਥਾਪਤੀ ਵਿਰੋਧੀ ਸ਼ਕਤੀ ਦੀ ਪਦਾਰਥਕ ਹੋਂਦ ਦੀ ਸਵੀਕ੍ਰਿਤੀ ਦੀ ਸਮੱਸਿਆ ਨਹੀਂ, ਸਮੱਸਿਆ ਉਸਦੀ ਕਿਰਿਆਸ਼ੀਲਤਾ ਦੀ ਹੈ।

ਗਲ ਇਹ ਨਹੀਂ
ਕਿ ਉਨ੍ਹਾਂ ਨੂੰ ਫੁੱਲਾਂ ਦੇ ਸੁਰਖ ਹੋਣ ਉੱਤੇ
ਕੋਈ ਸ਼ੱਕ ਸੀ
ਜਾਂ ਇਸਪਾਤ ਦੇ ਰੰਗ ਬਾਰੇ ਕੋਈ ਭੁਲੇਖਾ
ਗੱਲ ਤਾਂ ਇਹ ਹੈ
ਕਿ ਚੰਦ ਨੂੰ ਚੰਦ ਆਖਿਆਂ
ਕੁਰਸੀ ਦੀ ਲੱਤ ਭੱਜਣ ਦਾ ਤੌਖਲਾ
ਕਾਇਮ ਰਹਿੰਦਾ ਹੈ (ਲਖਵਿੰਦਰ ਜੌਹਲ)

ਅਜੋਕੀ ਕਵਿਤਾ ਵਿਚ ਸਮਾਜਿਕ ਨਿਆਇ ਦਾ ਮੁੱਦਾ ਪਰੰਪਰਾਗਤ ਅਮਾਨਵੀ ਕਦਰਾਂ ਕੀਮਤਾਂ ਦੇ ਵਿਰੋਧ ਵਿਚ ਅਕ੍ਰੋਸ਼ ਦੀ ਭਾਵਨਾ ਉਪਜ ਰਹੀ ਹੈ। ਪ੍ਰਗਤੀਵਾਦੀ ਚਿੰਤਨ ਦੇ ਮਾਡਲ ਦੇ ਵਕਤੀ ਤਿੜਕਾਅ ਨਾਲ ਜਦੋਂ ਪ੍ਰਗਤੀਸ਼ੀਲ ਸ਼ਕਤੀਆਂ ਇਸ ਸਮਾਜਿਕ ਅਕ੍ਰੋਸ਼ ਨੂੰ ਜਮਾਤੀ ਲੜਾਈ ਵਿਚ ਪਰਿਵਰਤਤ ਕਰਨ ਚੋਂ ਅਸਫਲ ਰਹੀਆਂ, ਤਾਂ ਇਹ ਅਕ੍ਰੋਸ਼ ਬਗਾਵਤੀ ਸੁਰ ਵਿਚ ਕਵਿਤਾ ਦੀ ਵਸਤੂ ਬਣ ਕੇ ਉਭਰਿਆ। ਇਸ ਵਿਚ ਪਰੰਪਰਾਗਤ ਸਮਾਜਿਕ ਮਾਡਲ ਦਾ ਵਿਰੋਧ, ਧਰਮ ਦੀਆਂ ਪੂਜਾਂ ਪੱਧਤੀਆਂ ਦਾ ਵਿਰੋਧ, ਇਸ ਚਿੰਤਨ ਤੇ ਅਧਾਰਿਤ ਮਿੱਥਕ ਤੇ ਇਤਿਹਾਸਕ ਪਾਤਰਾਂ ਦੇ ਆਦਰਸ਼ ਦੀ ਨਿਖੇਧੀ, ਦਲਿਤਾਂ ਦੀ ਸਮਾਜਿਕ ਸਥਿਤੀ ਚੋਂ ਉਭਰਿਆ ਗੁੱਸਾ, ਦਲਿਤ ਚੇਤਨਾ ਦੇ ਰੂਪ ਵਿਚ ਉਭਰਿਆ। ਅਜੋਕੀ ਕਵਿਤਾ ਵਿਚ ਜ਼ਿਆਦਾ ਕਵੀ ਉਹ ਹਨ ਜਿਹੜੇ ਇਸ ਅਨੁਭਵ ਚੋਂ ਗੁਜ਼ਰੇ ਹਨ।

ਰੱਬ ਦੇ ਘਰ ਵਲ ਝਾਕਣ ਦੀ ਰੋਕ ਲਗੀ ਹੈ
ਕਦੇ ਧਰਮ ਦੀ
ਕਦੇ ਭਰਮ ਦੀ
ਕਦੇ ਧਰਮ ਦੀ ਕੰਧ ਸਿਰਜਕੇ
ਪੁਸ਼ਤੋ-ਪੁਸ਼ਤੀ ਹੱਕ ਤੋਂ ਸਾਨੂੰ ਵਿਰਵੇ ਰੱਖਿਆ
ਪਸ਼ੂਆਂ ਦੇ ਵਾੜੇ ਵਿਚ ਰੱਖਿਆ (ਮਦਨ ਵੀਰਾ)

ਜੇ ਤੁਸੀਂ ਸੂਰਜ ਦਾ
ਕਤਲ ਨਾ ਕਰਦੇ
ਤਾਂ ਸ਼ਾਇਦ ਅਸੀਂ ਕਦੇ ਵੀ ਰਾਤ ਦੇ ਕਤਲ ਬਾਰੇ ਨਾ ਸੋਚਦੇ (ਕੇਵਲ ਪਰਵਾਨਾ)

ਇਸ ਸਮਾਜਿਕ ਸਰੋਕਾਰਮੂਲਕ ਕਵਿਤਾ ਦੀ ਧਾਰਾ ਦੇ ਨਾਲ ਹੀ ਉੱਤਰ-ਅਧੁਨਿਕਤਾ ਨੂੰ ਪ੍ਰਨਾਏ ਕਵੀ ਉਤਰ-ਅਧੁਨਿਕਤਾਵਾਦੀ ਚਿੰਤਕਾਂ ਦੇ ਪ੍ਰਭਾਵ ਹੇਠ ਸੁਚੇਤ ਤੌਰ ਤੇ ਕਵਿਤਾ ਰਚਨ ਲਗ ਪਏ। ਇਸ ਸੁਚੇਤ ਤੌਰ ਤੇ ਅਪਣਾਈ ਸਿਧਾਂਤ ਦੀ ਪ੍ਰਭੂਸੱਤਾ ਦੇ ਵਿਰੋਧ ਦੀ ਪ੍ਰਵਿਰਤੀ ਨੇ ਜਿਸ ਕਵਿਤਾ ਦੀ ਸਿਰਜਣਾਂ ਕੀਤੀ ਉਹ ਕਮਜ਼ੋਰ ਕਲਾਤਮਕਤਾ ਵਾਲੀ ਦੇਹਵਾਦੀ ਸੰਕਲਪ ਦੀ ਪ੍ਰਣਾਲੀ, ਪ੍ਰਕਿਰਤੀ ਦਾ ਕਾਮਕ ਚਿਤਰ ਪੇਸ਼ ਕਰਨ ਵਾਲੀ, ਪਰੰਪਰਾਗਤ ਰਿਸ਼ਤਿਆਂ ਦੀ ਅਸਵੀਕ੍ਰਿਤੀ ਵਾਲੀ



ਸ਼ਾਬਦਿਕ ਪਰਪੰਚੀ ਕਵਿਤਾ ਦੇ ਰੂਪ ਵਿਚ ਉਭਰੀ। ਅਜਿਹੀ ਕਵਿਤਾ ਦੀ ਰਚਨਾ ਅਤੇ ਮੁਲੰਕਣ ਪਿਛੇ ਸੁਚੇਤ ਚਿੰਤਕਾਂ ਅਤੇ ਫੈਸ਼ਨਪ੍ਰਸਤ ਕਵੀਆਂ ਦਾ ਇਕ ਵਿਸ਼ੇਸ਼ ਜੀਵਨ ਅਤੇ ਜੀਵਨ ਕੀਮਤਾਂ ਪ੍ਰਤੀ ਦ੍ਰਿਸ਼ਟੀਕੋਣ ਹੈ। ਜਿਸ ਵਿਚ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਮਾਨਸਿਕਤਾ ਨੂੰ ਗਲੋਬਲ ਪਿੰਡ ਦੇ ਸੰਕਲਪ ਨਾਲ ਜੋੜ ਕੇ ਪੈਤਰਿਕ ਸੱਭਿਆਚਾਰ ਤੋਂ ਧਿਆਨ ਲਾਂਭੇ ਕਰਨਾ ਅਤੇ ਸਾਹਿਤ ਅਤੇ ਕਲਾ ਨੂੰ ਨਿਰੋਲ ਨਿੱਜੀ ਸੁਹਜ ਦੀ ਤ੍ਰਿਪਤੀ ਤੇ ਸਮਾਜਿਕ ਜ਼ਿੰਮੇਵਾਰੀ ਤੋਂ ਮੁਕਤ ਕਰਾਰ ਦਿੰਦੇ ਹਨ। ਇਸ ਲਈ ਸਮਾਜਿਕ ਸਰੋਕਾਰਾਂ ਵਾਲੀ ਕਵਿਤਾ ਦੇ ਨਾਲ ਇਹ ਧਾਰਾ ਵੀ ਕਿਰਿਆਸ਼ੀਲ ਹੈ।

ਅੰਤਾ ਦੀ ਇਕੱਲਤਾ ਵਿਚ ਵੀ
ਮੈਨੂੰ ਕਿਸੇ ਦੇ
ਐਨ ਮੇਰੇ ਕੋਲ ਹੋਣ ਦਾ
ਅਹਿਸਾਸ ਕਰਾਉਂਦੀ
ਪਾਜ਼ੇਬ (ਅਮਰਜੀਤ ਕੌਂਕੇ)

ਤੂੰ ਮੇਰੇ ਹੋਠਾਂ ਤੇ ਆਪਣੇ ਹੋਠ ਰੱਖ
ਹਿਜ਼ਰ ਦਾ, ਇਕੱਲਤਾ ਦਾ, ਉਮਰ ਭਰ ਦਾ ਜ਼ਹਿਰ ਚੱਖ
ਮੇਰੀ ਸੱਖਣ ਲੋਚ ਦੀ ਤੇਰਾ ਖਿਲਾਅ
ਮੇਰੀ ਚਿੰਤਾ ਲੋੜਦੀ ਤੇਰਾ ਸੁਭਾਅ (ਅਮਰਜੀਤ ਚੰਦਨ)

ਅਜਿਹੀ ਕਵਿਤਾ ਦੀ ਧਾਰਾ ਵਿਚ ਵੀ ਦੇਹ ਅਤੇ ਭਾਵਨਾ ਦਾ ਇਕ ਦਵੰਦ ਕਿਸੇ ਕਿਸੇ ਕਵੀ ਦੀ ਰਚਨਾ ਚੋਂ ਨਜ਼ਰ ਆਉਂਦਾ ਹੈ। ਇਸ ਵਿਚ ਦੇਹ ਦਾ ਮੇਲ ਤਾਂ ਭਾਰੂ ਹੈ, ਪਰੰਤੂ ਭਾਵਨਾਵਾਂ ਦੀ ਅਸਤੰਸ਼ੁਟੀ ਦੇਹ ਦੇ ਮੇਲ ਤੋਂ ਬਾਅਦ ਵੀ ਮੌਜੂਦ ਹੈ।

ਦੋਹਾਂ ਹਿੱਕੜੀਆਂ ਦੀ
ਪੈਸੇ ਕੁ ਜਿੰਨੀ ਥਾਂ
ਰਹਿ ਗਈ ਸੀ
ਸਪਰਸ਼ੋਂ ਸੱਖਣੀ (ਦਰਸ਼ਨ ਬੁੱਟਰ)

ਮੇਰੇ ਸਾਬਕਾ ਪ੍ਰਭੂ
ਕਵੀ ਦੇ ਮਨ-ਮੰਚ ਤੇ
ਰੁਕਮਣੀ ਨੇ ਕਿਹਾ
'ਉਠਾਂ ਤੇ ਮਿੱਟੀ 'ਚ ਡਿਗਿਆ' ਆਪਣਾ ਪ੍ਰਭਾ ਮੰਡਲ
ਤੇ ਆਪਣੀ ਵਾਸ਼ਨਾ ਦੀ ਬੰਸਰੀ (ਸੁਰਜੀਤ ਪਾਤਰ)

ਅਜੋਕੀ ਕਵਿਤਾ ਵਿਚ ਨਾਰੀ-ਚੇਤਨਾ ਦਾ ਇਕ ਵੱਖਰਾ ਰੂਪ ਉਭਰ ਰਿਹਾ ਹੈ। ਪੁਰਾਤਨ ਅਤੇ ਮੱਧ-ਕਾਲੀ ਕਾਵਿ ਵਿਚ ਨਾਰੀ ਸੰਵੇਦਨਾ ਮਰਦਾਂ ਰਾਹੀਂ ਮਰਦ ਦੀ ਦ੍ਰਿਸ਼ਟੀ ਤੋਂ ਉਭਰਦੀ ਰਹੀ ਹੈ। ਅਧੁਨਿਕ ਯੁਗ ਵਿਚ ਨਾਰੀ ਸੰਵੇਦਨਾ ਪਰ-ਅਨੁਭਵ ਦੀ ਥਾਂ ਸਵੈ-ਅਨੁਭਵ ਚੋਂ ਉਭਰੀ। ਅਧੁਨਿਕ ਯੁਗ ਵਿਚ ਨਾਰੀ ਚੇਤਨ ਪਰੰਪਰਾਗਤ ਆਦਰਸ਼ਮੂਲ ਨਾਰੀ ਚੇਤਨਾ ਦਾ ਇਕ ਮਾਡਲ ਪ੍ਰਚਲਤ ਰਿਹਾ। ਦੂਜਾ ਨਾਰੀ ਦੀ ਭਾਵਨਾ ਦੀ ਪਹਿਚਾਣ, ਆਪਣੀ ਹੋਂਦ ਦੀ ਸਵੀਕ੍ਰਿਤੀ, ਪਰੰਪਰਾਗਤ ਰਿਸ਼ਤੇ ਦੀ ਹੰਢਣਸਾਰਤਾ ਤੇ ਮਰਦ ਨਾਲ ਬਰਾਬਰਤਾ ਦੇ ਰਿਸ਼ਤੇ ਦਾ ਆਦਰਸ ਉਭਰਦਾ ਰਿਹਾ ਹੈ। ਤੀਜਾ ਨਾਰੀ ਚੇਤਨਾ ਦਾ ਮਾਡਲ ਪਰੰਪਰਾਗਤ ਰਿਸ਼ਤੇ ਦੀ ਅਸਵੀਕ੍ਰਿਤੀ, ਔਰਤ ਖ਼ੁਦ ਮੁਖ਼ਤਿਆਰ ਜੁਜ਼ ਦੇ ਤੌਰ ਤੇ ਉਭਰਨਾ, ਮਰਦ ਦੀ ਕਾਮੁਕ ਬਿਰਤੀ ਦਾ ਕਠੋਰ ਬਿੰਬ ਪੇਸ਼ ਕਰਨਾ ਅਤੇ ਔਰਤ ਮਰਦ ਦੇ ਰਿਸ਼ਤੇ ਦੀ ਸਵੀਕ੍ਰਿਤੀ ਅਤੇ ਅਸਵਿਕ੍ਰਿਤੀ ਦਾ ਆਧਾਰ ਦੇਹਿਕ ਸੰਬੰਧਾਂ ਨੂੰ ਪ੍ਰਚਾਰਨਾ ਆਦਿ ਅਜਿਹੇ ਸਰੋਕਾਰ ਹਨ ਜਿਹੜੇ ਨਾਰੀ ਚੇਤਨਾ ਦੇ ਨਾਂ ਥੱਲੇ ਪੇਸ਼ ਹੋ ਰਹੇ ਹਨ। ਅਜਿਹੀ ਚੇਤਨਾ ਵੀ ਪੇਸ਼ ਕਰਨ ਬਾਰੇ ਕਵੀ ਔਰਤ ਮਰਦ ਰਿਸ਼ਤੇ ਨੂੰ ਦੇਹ ਸੰਬੰਧਾਂ ਤਕ ਸੀਮਤ ਕਰ ਕੇ ਇਸ ਨੂੰ ਛਿਨਕ ਖੁਸ਼ੀ ਤਕ ਸੀਮਤ ਕਰ ਦੇਂਦੇ ਹਨ।

ਉਹ ਮੈਨੂੰ

ਉਦਾਸ ਹੋਏ ਨੂੰ
ਜਸ਼ਨ ਲਈ ਸੱਦਾ ਦੇਂਦੀ
ਹਸਦਾ-ਹਸਦਾ ਮੈਂ ਧੁਰ ਅੰਦਰ ਤੀਕ
ਲਹਿ ਜਾਂਦਾ ਉਹਦਾ (ਗੁਰਪ੍ਰੀਤ)

ਅਜੋਕੀ ਕਵਿਤਾ ਵਿਚ ਨਾਰੀ ਚੇਤਨਾ ਦਾ ਇਕ ਹੋਰ ਪਾਸਾਰ ਦੇਹ ਅਤੇ ਭਾਵਾਂ ਦੇ ਅੰਤਰ ਦੀ ਵਸਤੂ ਸਥਿਤੀ ਉਭਰ ਰਹੀ ਹੈ। ਜਿਸ ਵਿਚ ਔਰਤ ਦੀ ਹੋਂਦ ਗੁੰਮ ਹੈ। ਉਹ ਭਾਵਨਾਵਾਂ ਅਤੇ ਵਸਤੂ ਸਥਿਤੀ ਦੇ ਟਕਰਾਅ ਵਿਚ ਗੁੰਮ ਹੈ। ਉਸ ਦੀ ਦੇਹਿਕ ਹੋਂਦ ਭਾਵਨਾ ਤੋਂ ਮੁਕਤ ਕਿਰਿਆਸ਼ੀਲ ਹੈ। ਜਿਸ ਵਿਚ ਪਤੀ ਦਾ ਬਿੰਬ ਭਾਵਨਾ ਤੋਂ ਮੁਕਤ ਇਕ ਵਹਿਸ਼ੀ ਵਾਲਾ ਹੈ। ਇਸ ਰਿਸ਼ਤੇ ਨੂੰ ਸਿਰਫ ਸਮਾਜਿਕ ਮਜ਼ਬੂਰੀ ਵਸ ਹੰਢਾਇਆ ਜਾ ਰਿਹਾ ਹੈ। ਮਰਦ ਸਿਰਫ ਜਿਸਮ ਦੀ ਭੁੱਖ ਮਾਣਨ ਲਈ ਹੈ। ਇਸ ਵਿਚੋਂ ਔਰਤ ਦੀ ਭਾਵਨਾਮੁਕਤ ਤਸਵੀਰ ਉਭਰਦੀ ਹੈ। ਪਤੀ ਭਾਵਨਾਵਾਂ ਦੀ ਪਹਿਚਾਣ ਤੋਂ ਮੁਕਤ ਹੈ। ਇਹਨਾਂ ਸਰੋਕਾਰਾਂ ਵਾਲੀ ਕਵਿਤਾ ਔਰਤ ਦੇ ਅਵਮੂਲਨ ਦੀ ਸਥਿਤੀ ਦੀ ਪੇਸ਼ਕਾਰੀ ਕਰਦੀ ਹੈ। ਜਿਸ ਔਰਤ ਦਾ ਕਰੁਣਾ ਵਾਲਾ ਬਿੰਬ ਉਭਰਦਾ ਹੈ।

ਰਾਤ ਖਾਵੰਦ ਦੀ ਖੁਸ਼ੀ ਲਈ
ਮੈਂ ਆਪਣੀ ਲਾਸ਼ ਚੁੱਕ
ਉਹਦੇ ਲਈ ਲਿਆਇਆ
ਤੇ ਆਪ
ਬਾਹਰ ਖਾਮੋਸ਼ ਖਲੋਤੇ ਰੁੱਖਾਂ ਗਲ ਲੱਗ
ਰੋਂਦੀ ਰਹੀ, ਰੋਂਦੀ ਰਹੀ (ਸਸ਼ੀ ਸਮੁੰਦਰਾ)

ਆਪਣੇ ਆਪ ਚੋਂ ਗੁੰਮ ਹੋ ਰਹੀ ਪਹਿਚਾਣ ਇਕ ਹੋਰ ਵੱਖਰੇ ਰੂਪ ਵਿਚ ਉਭਰਦੀ ਹੈ। ਜਿਸ ਵਿਚ ਭਾਵੁਕ ਰਿਸ਼ਤੇ ਦੀ ਹੰਢਣਸਾਰਤਾ ਉਤੇ ਵੀ ਪ੍ਰਸ਼ਨ ਚਿੰਨ੍ਹ ਹੈ।

ਦੱਸ ਖਾਂ ਮੈਂ ਤੈਨੂੰ ਕਦ ਮਿਲੀ ਸੀ?
ਅਸੀਂ ਜਿੰਨੀ ਵਾਰ ਮਿਲੇ
ਮੇਰੀ ਹੋਂਦ ਦਾ ਕੱਦ ਬੌਣਾ ਹੁੰਦਾ ਗਿਆ। (ਵਨੀਤਾ)

ਅਲੜ੍ਹ ਉਮਰ ਦਾ ਬੇਮਾਨਾ ਹਾਸੇ
ਗੁਆਚ ਜਾਂਦੇ ਨੇ ਅਕਸਰ
ਘਰਾਂ, ਦਫ਼ਤਰਾਂ, ਮਹੁਬੱਤਾਂ ਵਿਚ (ਨਿਰਪੁਮਾ ਦੱਤ)

ਅਜਿਹੀ ਕਵਿਤਾ ਅਜੋਕੇ ਯੁਗ ਦੀ ਚੇਤਨਾ ਨਹੀਂ ਸਗੋਂ ਕਵਿਤਾ ਦੀ ਸਿਰਜਣ ਪ੍ਰਕ੍ਰਿਆ ਵਿਚ ਪੈਦਾ ਹੋਇਆ ਇਕ ਵਿਸ਼ੇਸ਼ ਰੁਝਾਨ ਹੈ। ਅਜਿਹੀ ਕਵਿਤਾ ਇਕ ਵਿਸ਼ੇਸ਼ ਵਰਗ ਦੀ ਦਿਮਾਗੀ ਅਯਾਸ਼ੀ ਦੇ ਹਿੱਤਾਂ ਦੀ ਪੂਰਤੀ ਕਰਦੀ ਹੈ। ਜਿਸ ਦਾ ਪ੍ਰਮੁੱਖ ਰੁਝਾਨ ਕਲਾ ਨੂੰ ਸਮਾਜਿਕ ਪ੍ਰਸੰਗਾਂ ਤੋਂ ਮੁਕਤ ਸੁਹਜ ਦੀ ਤ੍ਰਿਪਤੀ ਨਾਲ ਜੁੜਿਆ ਹੋਇਆ ਹੈ। ਅਜਿਹੀ ਕਵਿਤਾ ਸ਼ਬਦ ਜਾਲ, ਵਿਚਾਰ ਦੀ ਖੰਡਿਤਾ, ਜ਼ਿਹਨੀ ਅਯਾਸ਼ੀ, ਚਮਤਕਾਰੀ ਬਿੰਬ, ਪ੍ਰਕ੍ਰਿਤਕ ਸੁੰਦਰਤਾ, ਦੇ ਪ੍ਰਸੰਗਾਂ ਨਾਲ ਜੁੜੀ ਹੁੰਦੀ ਹੈ। ਇਹ ਪ੍ਰਵਿਰਤੀ ਵੱਖ-ਵੱਖ ਚਿੰਤਨ ਦੀਆਂ ਦ੍ਰਿਸ਼ਟੀਆਂ ਥੱਲੇ ਪ੍ਰਚਾਰੀ ਜਾਂਦੀ ਹੈ। ਪੰਜਾਬੀ ਕਵਿਤਾ ਵਿਚ ਅਜਿਹੀ ਵਿਰੋਧੀ ਵਿਚਾਰਧਾਰਾ ਇਕ ਨਿਰੰਤਰ ਧਾਰਾ ਵਿਚ ਪ੍ਰਚੱਲਿਤ ਰਹੀ ਹੈ। ਪਰੰਤੂ ਯੁਗ ਚੇਤਨਾ ਨੂੰ ਪੇਸ਼ ਕਰਨ ਵਾਲੀ ਸਮਾਜਿਕ, ਸਰੋਕਾਰਾਂ ਨਾਲ ਜੁੜੀ ਕਵਿਤਾ ਆਰਥਿਕ ਸੰਕਟ, ਰਾਜਨੀਤਕ ਚੇਤਨਾ, ਸੱਭਿਆਚਾਰਕ ਤਣਾਅ ਵਿਚੋਂ ਪੈਦਾ ਹੋਈ ਸਥਿਤੀ ਨੂੰ ਲੋਕ ਮੁਖੀ ਮੁਹਾਵਰੇ ਵਿਚ ਪੇਸ਼ ਕਰਦੀ ਰਹੀ ਹੈ। ਅਜਿਹੀ ਕਵਿਤਾ ਵੀ ਕਈ ਵਾਰ ਮੁਹਾਵਰੇ ਦੇ ਪੱਧਰ ਉਤੇ ਹੀ ਲੋਕਪੱਖੀ ਹੁੰਦੀ ਹੈ। ਅੰਤਿਮ ਰੂਪ ਦ੍ਰਿਸ਼ਟੀ ਪੱਖੋਂ ਆਦਰਸ਼ਕ, ਬਿਰਤੀ ਪੱਖੋਂ ਰੁਮਾਂਟਿਕ ਅਤੇ ਚਿੰਤਨ ਪੱਖੋਂ ਪ੍ਰਤਿਗਾਮੀ ਹੁੰਦੀ ਹੈ। ਜਾਂ ਕਈ ਵਾਰ ਅਜਿਹੀ ਕਵਿਤਾ ਕਮਜ਼ੋਰ ਕਲਾਤਮਕਤਾ ਵਾਲੀ ਅਤੇ ਸਿਧਾਂਤਕ ਪ੍ਰਚਾਰ ਦਾ ਮਾਧਿਅਮ ਹੁੰਦਾ ਹੈ। ਇਹਨਾਂ ਦੋਵਾਂ ਧਾਰਾਵਾਂ ਦੀਆਂ ਕਮਜ਼ੋਰੀਆਂ ਦੇ ਬਾਵਜੂਦ ਮਜ਼ਬੂਤ ਵਿਚਾਰਧਾਰਾਈ ਅਧਾਰ ਵਾਲੀ ਕਵਿਤਾ ਮੌਜੂਦ ਹੈ। ਸਮੁੱਚ ਰੂਪ ਵਿਚ ਅਜੋਕੀ ਕਵਿਤਾ ਦਾ ਪ੍ਰਮੁੱਖ ਵਿਚਾਰਧਾਰਾਈ ਅਧਾਰ ਵਸਤੂਗਤ ਸਥਿਤੀ ਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ।



ਯਾਦਾਂ

# ਕਵਿਤਾ ਤੇ ਰਾਜਨੀਤੀ

ਪਾਬਲੋ ਨੇਰੂਦਾ

ਮੈਂ ਲਗਭਗ 1969 ਦਾ ਸਾਰਾ ਸਾਲ 'ਆਈਸਲਾ ਨੇਗਰਾ' ਵਿਚ ਹੀ ਬਤੀਤ ਕੀਤਾ। ਸਵੇਰੇ ਸਵਖਤੇ ਸ਼ੁਰੂ ਕਰਕੇ, ਸਮੁੰਦਰ ਬੇਹੱਦ ਉਤਾਂਹ ਚੜ੍ਹਨ ਦਾ ਕਾਰਜ ਕਰਦਾ ਹੈ, ਇੰਝ ਲੱਗਦਾ ਹੈ ਜਿਵੇਂ ਬਹੁਤ ਵੱਡੀ ਰੋਟੀ ਦਾ ਟੁਕੜਾ ਗੁੰਨ੍ਹਣ ਕਾਰਨ ਫੁੱਲਦਾ ਜਾਂਦਾ ਹੈ। ਰੁੜ੍ਹਦੀ ਜਾਂਦੀ ਝੱਗ, ਡੂੰਘੇ ਬਰਫੀਲੇ ਖਮੀਰ ਨਾਲ ਧੱਕੀਦੀ ਤੁਰੀ ਜਾਂਦੀ ਚਿੱਟੇ ਆਟੇ ਵਾਂਗ ਪ੍ਰਤੀਤ ਹੁੰਦੀ ਹੈ।

ਸਿਆਲ ਦੀ ਰੁੱਤ ਪੱਕੀ ਤਰ੍ਹਾਂ ਪੈਰ-ਜਗਾਈ ਖਲੋਂਦੀ ਹੈ ਤੇ ਧੁੰਦ ਭਰੀ ਹੁੰਦੀ ਹੈ। ਹਰ ਰੋਜ਼ ਅਸੀਂ ਇਸ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਾਂ। ਜਦ ਚੁੱਲ੍ਹੇ ਵਿਚ ਅੱਗ ਬਲਦੀ ਹੈ। ਸਮੁੰਦਰੀ ਕੰਢੇ ਦੀ ਰੇਤਾ ਦੀ ਚਟਿਆਈ ਸਾਨੂੰ ਸਦੀਵੀ ਇਕੱਲਤਾ ਭਰਿਆ ਸੰਸਾਰ ਪੇਸ਼ ਕਰਦੀ ਹੈ। ਜਿਸ ਤਰ੍ਹਾਂ ਧਰਤੀ ਤੇ ਗਰਮੀਆਂ ਦੀਆਂ ਛੁੱਟੀਆਂ ਮਨਾਉਣ ਆਏ ਯਾਤਰੀਆਂ ਜਾਂ ਮਨੁੱਖ ਜਾਤੀ ਦੇ ਜਨਮ ਤੋਂ ਪਹਿਲਾਂ ਹੁੰਦਾ ਸੀ। ਪਰ ਮੈਂ ਨਹੀਂ ਸਮਝਦਾ ਕਿ ਮੈਨੂੰ ਗਰਮੀਆਂ ਵਿਚ ਆਈਆਂ ਭੀੜਾਂ ਨਾਲ ਨਫਰਤ ਹੈ। ਜਿਉਂ-ਜਿਉਂ ਗਰਮੀਆਂ ਦੀ ਰੁੱਤ ਆਉਂਦੀ ਹੈ, ਕੁੜੀਆਂ, ਸਮੁੰਦਰ ਤੇ ਆਉਂਦੀਆਂ ਹਨ, ਬੱਚੇ ਤੇ ਆਦਮੀ, ਖਤਰੇ ਤੋਂ ਬਚਦੇ ਸਾਵਧਾਨੀ ਨਾਲ ਲਹਿਰਾਂ ਵੱਲ ਵਧਦੇ ਹਨ। ਇਹ ਮਨੁੱਖ ਦੇ ਹਜ਼ਾਰ ਸਾਲ ਪੁਰਾਣੇ ਨਾਚ ਦਾ ਰੂਪ ਹੈ, ਸ਼ਾਇਦ ਗਰਮੀਆਂ ਦੇ ਸਭ ਨਾਚਾਂ ਤੋਂ ਪ੍ਰਥਮ ਨਾਚ।

ਸਿਆਲ ਵਿਚ ਆਈਸਲਾ ਨੇਗਰਾ ਦੇ ਘਰ ਰਾਤ ਦੇ ਹਨੇਰੇ ਵਿਚ ਢੱਕੇ ਜਾਂਦੇ ਹਨ। ਸਿਰਫ ਮੇਰਾ ਘਰ ਰੋਸ਼ਨ ਹੁੰਦਾ ਹੈ। ਕਈ ਵਾਰ ਮੈਂ ਸੋਚਦਾ ਹਾਂ ਕਿ ਸੜਕ ਦੇ ਪਾਰ ਕੋਈ ਜਣਾ ਹੈ। ਮੈਨੂੰ ਖਿੜਕੀ ਵਿਚੋਂ ਰੋਸ਼ਨੀ ਦਿਸਦੀ ਹੈ, ਪਰ ਇਹ ਨਜ਼ਰ ਦਾ ਭੁਲਾਂਦਰਾ ਹੈ। ਕਪਤਾਨ ਦੇ ਘਰ ਵਿਚ ਕੋਈ ਵੀ ਨਹੀਂ ਹੈ। ਇਹ ਮੇਰੀ ਖਿੜਕੀ ਦੀ ਰੋਸ਼ਨੀ ਹੈ, ਜੋ ਉਸ ਦੇ ਸ਼ੀਸ਼ੇ ਵਿਚ ਦਿਸਦੀ ਹੈ।

ਮੈਂ ਸਾਲ ਦੇ ਹਰੇਕ ਦਿਨ ਆਪਣੀ ਲੁਕਣ ਵਾਲੀ ਥਾਂ ਲਿਖਣ ਜਾਂਦਾ ਹਾਂ, ਜਿਥੇ ਬੈਠ ਮੈਂ ਕੰਮ ਕਰਦਾ ਹਾਂ। ਉਥੇ ਅਪੜਨਾ ਜਾਂ ਠਹਿਰਨਾ ਸੌਖਾ ਨਹੀਂ।

ਮੇਰੇ ਦੋ ਕੁੱਤਿਆਂ, ਪਾਂਡਾ ਤੇ ਚਾਊ-ਤੂ ਕੋਲ, ਖੁਸ਼ ਰਹਿਣ ਕਈ ਕੁਝ ਹੁੰਦਾ ਹੈ। ਇਹ ਬੰਗਾਲੀ ਸ਼ੇਰ ਦੀ ਖੱਲ ਹੈ, ਜੋ ਮੈਂ ਕੰਬਲ ਵਜੋਂ ਉਸ ਨਿੱਕੇ ਕਮਰੇ ਵਿਚ ਵਰਤਦਾ ਹਾਂ। ਇਹ ਮੈਂ ਚੀਨ ਵਿਚੋਂ ਬਹੁਤ ਸਾਲ ਪਹਿਲਾਂ ਖ੍ਰੀਦੀ ਸੀ। ਇਸ ਦੇ ਪੰਜੇ ਤੇ ਵਾਲ ਭੁਰ ਗਏ ਹਨ ਤੇ ਸਿਉਂਕ ਲੱਗਣ ਦਾ ਖਤਰਾ ਵੀ ਰਹਿੰਦਾ ਹੈ, ਜਿਸ ਤੋਂ ਮੈਂ ਤੇ ਮਾਤਿਲਦੇ ਬਚਦੇ ਰਹਿੰਦੇ ਹਾਂ।

ਮੇਰੇ ਕੁੱਤੇ ਪੁਰਾਣੇ ਦੁਸ਼ਮਣ ਉਤੇ ਲੱਤਾਂ ਖਿਲਾਰ ਕੇ ਲੰਮੇ ਪੈਣਾ ਪਸੰਦ ਕਰਦੇ ਹਨ। ਉਹ ਲੜਾਈ ਤੋਂ ਥੱਕੇ, ਪਰ ਇਸ ਤੋਂ ਜਿੱਤ ਕੇ ਨਿਕਲੇ ਯੋਧਿਆਂ ਵਾਂਗ, ਤੁਰੰਤ ਸੌਂ ਜਾਂਦੇ ਹਨ। ਉਹ ਦਰਵਾਜ਼ੇ ਵਿਚ ਖਿਲਰ ਕੇ ਪੈ ਜਾਂਦੇ ਹਨ। ਜਿਵੇਂ ਮੈਨੂੰ ਅੰਦਰ ਰਹਿਣ ਲਈ ਤੇ ਕੰਮ ਕਰਦੇ ਰਹਿਣ ਲਈ [illegible] ਕਰ ਰਹੇ ਹੋਣ।

ਇਸ ਘਰ ਵਿਚ ਹਰ ਸਮੇਂ ਕੁਝ ਨਾ ਕੁਝ ਹੁੰਦਾ ਰਹਿੰਦਾ ਹੈ। ਮੈਨੂੰ ਦੂਰ ਤੋਂ ਕੋਈ ਟੈਲੀਫਨ ਆ ਰਿਹਾ ਹੈ। ਕੀ ਉੱਤਰ ਦੇਵਾਂ? ਮੈਂ ਤੇ ਘਰ ਨਹੀਂ ਹਾਂ। ਕੋਈ ਜਣਾ ਇਕ ਸਨੇਹਾ ਭੇਜਦਾ ਹੈ। ਕੀ ਉਤਰ ਹਣਾ ਚਾਹੀਦਾ ਹੈ? ਮੈਂ ਤੇ ਅੰਦਰ ਹੀ ਹਾਂ।

ਮੈਂ ਅੰਦਰ ਨਹੀਂ ਹਾਂ। ਮੈਂ ਅੰਦਰ ਹਾਂ। ਅੰਦਰ ਹੀ ਆਂ ਮੈਂ। ਤੇ ਨਹੀਂ ਵੀ। ਇਹੀ ਕਵੀ ਦਾ ਜੀਵਨ ਹੈ, ਜਿਸ ਦਾ ਆਈਸਲਾ ਨੇਗਰਾ ਵਿਚਲਾ ਲੁਕਵਾਂ ਥਾਂ, ਦੂਰ ਨਹੀਂ ਰਹਿ ਗਿਆ।

ਪੱਤਰਕਾਰ ਮੈਨੂੰ ਸਦਾ ਹੀ ਪ੍ਰਸ਼ਨ ਪੁੱਛਦੇ ਰਹਿੰਦੇ ਹਨ ਕਿ ਮੈਂ ਕੀ ਲਿਖ ਰਿਹਾ ਹਾਂ? ਕਾਹਦੇ ਤੇ ਕੰਮ ਕਰ ਰਿਹਾ ਹਾਂ? ਇਸ ਪ੍ਰਸ਼ਨ ਨੇ ਹਮੇਸ਼ਾ ਹੀ ਮੈਨੂੰ ਹੈਰਾਨ ਕੀਤਾ ਹੈ ਕਿਉਂਕਿ ਇਹ ਹੈ ਈ ਫਜ਼ੂਲ। ਕਿਉਂਕਿ ਅਸਲ ਵਿਚ ਮੈਂ ਹਰ ਸਮੇਂ ਉਹੀ ਕੰਮ ਕਰ ਰਿਹਾ ਹੁੰਦਾ ਹਾਂ। ਕਵਿਤਾ ਦਾ।

ਮੈਂ ਦੇਰ ਦਾ ਇਹ ਕੰਮ ਕਰਦਾ ਆ ਰਿਹਾ ਹਾਂ ਜਦੋਂ ਮੈਂ ਅਨੁਭਵ ਕੀਤਾ ਕਿ ਮੈਂ ਅਜੇਹਾ ਕੁਝ ਕਰ ਰਿਹਾ ਹਾਂ, ਜਿਸਨੂੰ ਕਵਿਤਾ ਆਖਦੇ ਨੇ। ਮੈਂ ਕਦੀ ਵੀ ਪ੍ਰੀਭਾਸ਼ਾਵਾਂ ਜਾਂ ਲੇਬਲਾਂ ਵਿਚ, ਦਿਲਚਸਪੀ ਨਹੀਂ ਰੱਖੀ।

ਸੁਹਜ-ਸ਼ਾਸ਼ਤਰ ਬਾਰੇ ਬਹਿਸ ਮੈਨੂੰ ਅਕਾ ਮਾਰਦੀ ਹੈ, ਮੈਂ ਉਹਨਾਂ ਨੂੰ ਤੁੱਛ ਨਹੀਂ ਸਮਝਦਾ, ਜਿਹਨਾਂ ਕੋਲ ਇਹ ਗੁਣ ਹੈ। ਮੈਂ ਕਿਸੇ ਸਾਹਿਤਕ ਰਚਨਾ ਦੇ ਜਨਮ-ਸਰਟੀਫਿਕੇਟ ਬਾਰੇ ਓਨਾ ਹੀ ਬੇਪ੍ਰਵਾਹ ਹਾਂ, ਜਿੰਨਾ ਕਿ ਉਸ ਦੇ ਪੋਸਟ-ਮਾਰਟਮ ਬਾਰੇ। ਬਾਹਰਮੁਖੀ ਗੱਲ ਮੇਰੇ ਤੇ ਹੁਕਮ ਨਹੀਂ ਚਾੜ੍ਹ ਸਕਦੀ ਤੇ ਸਾਰੇ ਗੁਣਾਂ ਦੇ ਬਾਵਜੂਦ, ਸਾਹਿਤ ਦੀ ਟਿੰਡਫੁਹੜੀ ਨੂੰ ਨੰਗੀ ਰਚਨਾ ਦੀ ਥਾਂ ਨਹੀਂ ਲੈਣੀ ਚਾਹੀਦੀ।

ਸਾਰੇ ਸਾਲ ਦੇ ਸਮੇਂ ਮੈਂ ਕਈ ਨੋਟ-ਬੁੱਕਾਂ ਬਦਲੀਆਂ। ਉਹ ਨੋਟ-ਬੁੱਕਾਂ ਮੇਰੀ ਹੱਥ-ਲਿਖਤ ਦੇ ਹਰੇ ਧਾਗੇ ਨਾਲ ਇਕੱਠੀਆਂ ਬੱਧੀਆਂ ਹੋਈਆਂ ਆਲੇ-ਦੁਆਲੇ ਪਈਆਂ ਹਨ। ਮੈਂ ਕਈ ਭਰ ਸੁੱਟੀਆਂ, ਜੋ ਅਖੀਰ ਕਿਤਾਬਾਂ ਬਣ ਗਈਆਂ। ਇਕ ਤੋਂ ਕਾਇਆ-ਕਲਪ ਹੋ ਕੇ, ਅਹਿਲਤਾ ਤੋਂ ਹਰਕਤ ਵਿਚ ਆ ਗਈਆਂ। ਟਟਹਿਣਿਆਂ ਤੋਂ ਉਡਣੇ ਜਗਨੂੰ ਬਣ ਗਈਆਂ।

ਰਾਜਸੀ ਜੀਵਨ ਮੇਰੇ ਲਈ ਬਿਜਲੀ ਦੀ ਗੜਗੱਜ ਬਣ ਕੇ ਆਇਆ ਤੇ ਮੈਨੂੰ ਮੇਰੇ ਸਾਹਿਤਕ ਕੰਮ ਤੋਂ ਪੁੱਟ ਕੇ ਲੈ ਗਿਆ। ਇਕ ਵਾਰ ਫੇਰ ਮੈਂ ਭੀੜਾਂ ਵੱਲ ਵਾਪਸ ਪਰਤ ਗਿਆ। ਮਨੁੱਖੀ ਭੀੜਾਂ ਮੇਰੇ ਜੀਵਨ ਦਾ ਸਬਕ ਸਾਬਿਤ ਹੋਈਆਂ ਹਨ। ਮੈਂ ਇਸ ਵੱਲ ਕਵੀ ਦੀ ਜਮਾਂਦਰੂ ਬੁਜ਼ਦਿਲੀ ਨਾਲ ਆ ਸਕਦਾ ਹਾਂ, ਡਰਾਕਲ ਹੋਣ ਦੇ ਭੈਅ ਨਾਲ। ਪਰ ਜਦ ਇਕ ਵਾਰ ਮੈਂ ਇਸ ਭੀੜ ਵਿਚ ਆ ਰਲਦਾ ਹਾਂ ਤਾਂ ਮੈਂ ਆਪਣਾ ਕਾਇਆਂ-ਕਲਪ ਹੋਇਆ ਅਨੁਭਵ ਕਰਦਾ ਹਾਂ। ਮੈਂ ਲੋੜੀਂਦੀ ਬਹੁ-ਗਿਣਤੀ ਦਾ ਅੰਗ ਬਣ ਜਾਂਦਾ ਹੈ। ਮਹਾਨ ਮਨੁੱਖੀ ਬਿਰਖ ਦਾ ਇਕ ਹੋਰ ਪੱਤਾ ਬਣ ਜਾਂਦਾ ਹਾਂ।

ਇਕੱਲਤਾ ਤੇ ਭੀੜ-ਭੜੱਕਾ ਸਾਡੇ ਯੁੱਗ ਦੇ ਕਵੀ ਦੀ ਮੁਢਲੀ ਜ਼ੁੰਮੇਵਾਰੀ ਬਣੀ ਰਹੇਗੀ। ਇਕੱਲਤਾ ਵਿਚ ਚਿੱਲੀ ਦੇ ਸਮੁੰਦਰੀ ਤੱਟ ਉੱਤੇ ਲਹਿਰਾਂ ਦੇ ਕਲੋਲ ਨੇ ਮੇਰੇ ਜੀਵਨ ਨੂੰ ਭਰਪੂਰ ਕੀਤਾ ਹੈ। ਮੈਂ ਚੋਰੀ-ਛਿਪੀ ਛੱਲਾਂ ਨੂੰ ਪਿਆਰ ਕੀਤਾ ਹੈ ਤੇ ਜੋਸ਼ ਨਾਲ ਜੂਝ ਰਹੇ ਅਤੇ ਚਟਾਨਾਂ ਨਾਲ ਟਕਰਾਉਂਦੇ ਪਾਣੀਆਂ ਨੂੰ ਪਿਆਰ ਕੀਤਾ ਹੈ। ਸਮੁੰਦਰ ਦਾ ਭਰਪੂਰ ਜੀਵਨ "ਅਵਾਰਾ ਪ੍ਰਿੰਦਿਆਂ" ਦੇ ਮਾਸੂਮ ਝੁੰਡਾਂ ਅਤੇ ਸਮੁੰਦਰੀ ਝੱਗ ਦੀ ਸ਼ਾਨ ਦਾ ਆਨੰਦ ਮਾਣਿਆ ਹੈ।

ਪਰ ਜ਼ਿੰਦਗੀਆਂ ਦੇ ਮਹਾਨ ਜਵਾਰ-ਭਾਟੇ ਵਿਚੋਂ ਮੈਨੂੰ ਇਕੱਠੀਆਂ ਤੱਕ ਰਹੀਆਂ ਹਜ਼ਾਰਾਂ ਹੀ ਅੱਖਾਂ ਦੀ ਕੋਮਲਤਾ ਵਿਚੋਂ ਮੈਂ ਬਹੁਤ ਕੁਝ ਸਿੱਖਿਆ ਹੈ। ਇਹ ਸੰਦੇਸ਼ ਸਾਰੇ ਨਦੀਆਂ ਤੀਕ ਭਾਵੇਂ ਨਾ ਪਹੁੰਚ ਸਕੇ, ਐਧਰ ਜਿਸ ਕਿਸੇ ਨੇ ਵੀ ਇਹ ਅਨੁਭਵ ਕੀਤਾ ਹੈ, ਉਹ ਇਸ ਨੂੰ ਆਪਣੇ ਦਿਲ ਵਿਚ ਰੱਖੇਗਾ ਤੇ ਆਪਣੀਆਂ ਕਵਿਤਾਵਾਂ ਵਿਚ ਸਮੋਅ ਲਵੇਗਾ।

ਭਾਵੇਂ ਇਕ ਮਿੰਟ ਲਈ ਹੀ ਸਹੀ, ਪਰ ਬਹੁਤ ਸਾਰੇ ਲੋਕਾਂ ਦੇ ਹਿਰਦਿਆਂ ਵਿਚ ਆਸ ਜਗਾ ਦੇਣਾ, ਇਕ ਅਭੁੱਲ ਚੀਜ਼ ਹੈ ਅਤੇ ਕਿਸੇ ਕਵੀ ਲਈ ਬਹੁਤ ਹੀ ਮਹਿਸੂਸ ਕਰਨ ਵਾਲੀ ਗੱਲ ਹੈ। •





## ਬੋਲੀ ਦਾ ਖੁਰਾ/ਨਸੀਰ ਅਹਿਮਦ ਚੀਮਾ

ਲੰਡਨ ਸ਼ਹਿਰ ਦੇ ਕੇਂਦਰ ਟਰਫਾਲਗਰ ਚੌਂਕ ਦੇ ਨੇੜੇ ਰੀਜੈਂਟ ਸਟਰੀਟ ਦੀ ਪੈਦਲ-ਪਟੜੀ ਤੇ ਲੱਗੇ ਫੋਨ ਬੂਥ ਚੋਂ ਉਹ ਬਾਲੜੀ ਮਿਲੀ ਸੀ। ਸਾਹਮਣੇ ਪਿਕਾਡਲੀ ਸਰਕਸ ਤੇ ਆਕਸਫੋਰਡ, ਸਟਰੀਟ ਤੇ ਸ਼ਾਪਸਬਰੀ ਐਵੀਨੀਊ ਵਿਚ ਭੱਜੇ ਫਿਰਦੇ ਮੇਲੇ ਚੋਂ ਖਬਰੇ ਕੌਣ ਉਹਨੂੰ ਏਥ ਫੋਨ ਬੂਥ ਵਿਚ ਕਲਮਕੱਲੀ ਛੱਡ ਕੇ ਆਪ ਜਾਂਦਾ ਬਣਿਆ ਸੀ। ਉਮਰ ਉਹਦੀ ਹੋਸੀ, ਮਰ ਮਰਾ ਕੇ, ਦੋ ਸਾਲਾਂ ਸਗੋਂ ਏਸ ਤੋਂ ਵੀ ਘੱਟ ਈ ਜਾਣੋ, ਪਰ ਉਹ ਡਾਢੀ ਸਿਹਤਮੰਦ ਬੱਚੀ ਸੀ। ਚਕੰਦਰ ਵਰਗੀਆਂ ਲਾਲ ਗੱਲ੍ਹਾਂ ਤੇ ਬੁੱਲੀਆਂ, ਜਿਵੇਂ ਪੱਕੀ ਹੋਈ ਚੈਰੀ ਹੁੰਦੀ ਏ। ਖਬਰੇ ਕਿਹੜੀ ਤੱਤੜੀ ਮਾਂ ਉਹਨੂੰ ਉਥੇ ਸੁੱਟ ਕੇ ਆਪ ਰਫੂ ਚੱਕਰ ਹੋ ਗਈ ਸੀ। ਇਹਨਾਂ ਗੋਰੀਆਂ ਨੂੰ ਕਿਸੇ ਦੀ ਲੱਥੀ ਚੜ੍ਹੀ ਹੈ ਈ ਨਹੀਂ। ਆਪਣੀਆ ਜੰਮੀਆਂ ਨਾਲ ਕਿਵੇਂ ਦਾ ਸਲੂਕ ਕਰਦੇ ਨੇ ਤੌਬਾ ਤੌਬਾ। ਏਸ ਤਰ੍ਹਾਂ ਤੇ ਕਾਈ ਜਾਨਵਰ ਵੀ ਨਾ ਕਰੇ। ਬੰਦੇ ਜੇ ਹਾਲੀ ਵੀ ਆਪਣੇ ਆਪ ਨੂੰ ਖੁਦਾਈ ਤੋਂ ਉਤਮ ਅਖਵਾਏ ਤੇ ਹਾੜਾ ਈ ਓਏ।

ਟੈਲੀਫੂਨ ਬੂਥ ਚੋਂ ਜਿਹੜੇ ਕਿਸੇ ਬੰਦੇ ਨੂੰ ਪਹਿਲੋਂ ਲੱਭੀ, ਉਸ ਨੇ ਉਥੋਂ ਦੀ ਪੁਲੀਸ ਵਾਲਿਆ ਨੂੰ ਟੈਲੀਫੂਨ ਕੀਤਾ। ਪੁਲਸ ਦਾ ਸਾਰਜੰਟ ਆਇਆ ਤੇ ਕੁੜੀ ਨੂੰ ਲੈ ਗਿਆ। ਕੁੜੀ ਦਾ ਥਾਂ ਟਿਕਾਣਾ ਲੱਭਣ ਲਈ ਪੁਲਸ ਵਾਲਿਆ ਨੇ ਕੁੜੀ ਦੇ ਲੀੜਿਆ ਦੀ ਪੜਚੋਲ ਕੀਤੀ ਤੇ ਉਹ ਵੀ ਲਾਲ ਸਵੈਟਰ ਦੇ ਥੱਲੇ ਸੇਫਟੀ ਪਿੰਨ ਨਾਲ ਲੱਗੀ ਕਾਗਜ਼ ਦੀ ਇਕ ਪਰਚੀ ਲੱਭ ਪਈ। ਜੇ ਇਹ ਪਰਚੀ ਕਿਧਰੇ ਸਵੈਟਰ ਦੇ ਉਤਲੇ ਪਾਸੇ ਹੁੰਦੀ ਤੇ ਇਹ ਨਿੱਕੀ ਤੇ ਛੂਹਲ ਛੰਘ ਜਹੀ ਕੁੜੀ ਜ਼ਰੂਰ ਹੁਣ ਤੀਕਰ ਇਹਨੂੰ ਹੱਥਾਂ ਨਾਲ ਖੋਹ ਸੁੱਟ ਜਾਂ ਭਾਵੇਂ ਪਾੜ ਕੇ ਲੀਰਾਂ ਲੀਰਾਂ ਈ ਕਰ ਛੱਡਦੀ। ਉਸ ਨਿੱਕੇ ਜਿੰਨੇ ਕਾਗਜ਼ ਤੇ ਵੱਡੇ ਲਫਜ਼ਾਂ ਵਿਚ, ਕਿਉਂਕਿ ਏਸ ਹੈਂਡਰਾਈਟਿੰਗ ਨਾਲ ਬੰਦਾ ਫੜਨਾ ਜ਼ਰਾਂ ਮੁਸ਼ਕਿਲ ਹੁੰਦਾ ਏ।

"ਮੈਂ ਇਹ ਬਾਲੜੀ ਡੇੜ ਵਰ੍ਹਾ ਪਹਿਲੋਂ 5-3-91 ਨੂੰ ਇਕ ਬਾਲ ਗੱਡੀ ਵਿਚੋਂ ਕੀਊ ਗਾਰਡਨ ਦੇ ਲਾਗਿਓਂ ਚੋਰੀ ਕੀਤੀ ਸੀ। ਮੈਂ ਇਹਨੂੰ ਆਪਣੀ ਧੀ ਵਾਗੂੰ ਪਾਲਿਆ ਪੋਸਿਆ। ਮੇਰੀ ਤੀਵੀਂ ਨੂੰ ਬੀਤੇ ਬਾਰਾਂ ਵਰਿਆਂ ਤੋਂ ਬਾਲ ਨਹੀਂ ਸੀ ਜੰਮਿਆਂ। ਪਰ ਛੇ ਮਹੀਨੇ ਹੋਏ ਨੇ ਸਾਡੇ ਘਰ ਮੁੰਡਾ ਹੋ ਪਿਆ ਏ। ਸਾਡਾ ਮੁੰਡਾ ਏਸ ਵੇਲੇ ਬਹੁਤ ਬੀਮਾਰ ਏ ਤੇ ਉਹਦੀ ਮਾਂ ਦਾ ਵਿਚਾਰ ਏ ਕਿ ਜਦ ਤੀਕਰ ਅਸੀਂ ਇਹ ਬਾਲੜੀ ਇਹਦੀ ਮਾਂ ਨੂੰ ਵਾਪਸ ਨਾ ਮੋੜਾਂਗੇ, ਸਾਡਾ ਕਾਕਾ ਠੀਕ ਨਹੀਂ ਹੋ ਸਕਦਾ।"

ਪੁਲਸ ਨੂੰ ਬੇਨਤੀ ਹੈ ਕਿ ਏਸ ਬਾਲੜੀ ਨੂੰ ਇਹਦੇ ਘਰਦਿਆਂ, ਸੰਬੰਧੀਆਂ ਤੀਕ ਅਪੜਾ ਦੇਵੇ।"

ਮੈਨੂੰ ਲੰਡਨ ਵਿਚ ਨਾ ਲੱਭਿਆ ਜਾਵੇ ਕਿਉਂ ਜੇ ਮੈਂ ਏਥੇ ਨਹੀਂ ਰਹਿੰਦਾ।"

ਚਿੱਠੀ ਵਿਚ ਕਿਉਂ ਜੋ ਕੁੜੀ ਨੂੰ ਚੁੱਕਣ ਦੀ ਤਾਰੀਖ ਵੀ ਦਰਜ ਸੀ, ਇਸ ਕਰਕੇ ਪੁਲਸ ਰਿਕਾਰਡ ਵਿਚੋਂ ਪੁਲਸ ਨੂੰ ਕੁੜੀ ਦੇ ਲਗਦਿਆਂ ਲਾਣਿਆਂ ਦਾ ਸੌਖਾ ਪਤਾ ਲੱਗ ਗਿਆ। ਉਹਦੇ ਚੱਕੀ ਜਾਣ ਦੀ ਰੀਪੋਰਟ ਉਸੇ ਦਿਹਾੜੇ ਉਹਦੀ ਮਾਂ ਈਮਾਕਾਰਨ ਨੇ ਸਬੰਧਤ ਪੁਲਸ ਸਟੇਸ਼ਨ ਵਿਚ ਦਰਜ ਕਰਵਾਈ ਸੀ। ਇਹ ਦੀ ਤਫਤੀਸ਼ ਤੇ ਪੜਚੋਲ ਵੀ ਚੋਖੀ ਹੋਈ ਸੀ, ਪਰ ਨਾ ਤੇ ਵਾਰਦਾਤ ਕਰਨ ਵਾਲੇ ਦਾ ਕੁਝ ਪਤਾ ਚੱਲਿਆ ਸੀ ਤੇ ਨਾ ਈ ਗਵਾਚਣ ਵਾਲੀ ਕੁੜੀ ਦਾ। ਵਾਰਸਾਂ ਦੇ ਆਖਣ ਤੇ ਇਹਦੀ ਤਫਤੀਸ਼ ਹੁਣ ਸਕਾਟਲੈਂਡ ਯਾਰਡ ਵਾਲੇ ਕਰ ਰਹੇ ਹਨ, ਪਰ ਹਾਲੀ ਤੀਕ ਕੋਈ ਸਰ ਪਤਾ ਪਿਆ ਨਹੀਂ ਸੀ ਲੱਭਦਾ। ਬਾਲ-ਗੱਡੀ ਵਿਚ ਕੋਈ ਏਸ ਤਰ੍ਹਾਂ, ਕੁੜੀ ਨੂੰ ਅਡੋਲ ਚੁੱਕ ਕੇ ਲੈ ਗਿਆ ਸੀ ਕਿ ਆਲੇ ਦੁਆਲੇ ਦੀ ਕਿਸੇ ਨੂੰ ਖਬਰ ਨਹੀਂ ਸੀ ਹੋਈ। ਮਾਂ ਪਰਾਨ ਨੂੰ ਇਕ ਪਾਸੇ ਫੁੱਟ ਪਾਥ ਨਾਲ ਖਲਾਰ ਕੇ ਸਾਹਮਣੇ ਪੱਬ ਵਿਚੋਂ ਸਿਗਰਟਾਂ ਦੀ ਡੱਬੀ ਲੈਣ ਗਈ। ਮੁੜੀ ਤੇ ਪਰਾਨ ਵਿਚ ਕੁੜੀ ਕੋਈ ਨਹੀਂ ਸੀ। ਜਿਵੇਂ ਕੋਈ ਉਹਨੂੰ ਉਡਾ ਕੇ ਲੈ ਗਈ ਹੋਵੇ, ਜਾਂ ਕੋਈ ਭੂਤ ਪ੍ਰੇਤ ਚੁੱਕ ਕੇ ਵਗ ਗਿਆ ਹੋਵੇ।

ਪੁਲਸ ਨੇ ਕੁੜੀ ਦੀ ਮਾਂ ਨੂੰ ਟੈਲੀਫੂਨ ਕੀਤਾ ਤੇ ਉਹ ਛੇਤੀ ਈ ਪੁਲਸ ਹੈਡ-ਕਵਾਟਰ ਅਪੜ ਗਈ। ਧੀ ਨੂੰ ਵਿਹੁੰਦਿਆਂ ਸਾਰ ਹੀ ਉਹ ਉਹਨੂੰ ਹਿੱਕ ਨਾਲ ਲਾ ਕੇ ਤੇ ਸੁਬਕ ਸੁਬਕ ਕੇ ਰੋਣ ਲੱਗ ਪਈ। ਧੀ ਉਹਨੂੰ ਡੇੜ ਵਰ੍ਹੇ ਬਾਅਦ ਲੱਭੀ ਸੀ। ਉਹ ਜਦ ਗਵਾਚੀ, ਤਦ ਛੇ ਮਹੀਨਿਆ ਦੀ ਗੱਡੀ

ਜਹੀ ਸੀ। ਉਦੋਂ ਤੀਕਰ ਮਾਂ ਦੀ ਡਾਢੀ ਪਛਾਣ ਕਰਨ ਲੱਗ ਪਈ ਸੀ। ਬਹਿ ਉਹ ਹੁਣ ਠੀਕ ਠੀਕ ਜਾਂਦੀ ਸੀ. ਸਗੋਂ ਥੋੜਾ ਥੋੜਾ ਰਿੜਦੀ ਵੀ ਸੀ ਤੇ ਆਪਣੇ ਨਾਂ ਮੈਗੀ ਦੀ ਸਿਆਣ ਵੀ ਉਹਨੂੰ ਹੋ ਗਈ ਸੀ ਕਿ ਜਦੋਂ ਵੀ ਉਹ ਨੂੰ ਮੈਗੀ ਦਾ ਬੁਲਾਵਾ ਦੇਈਏ। ਉਹਦੀਆਂ ਅੱਖਾਂ ਚਮਕਣ ਜੇਹੀਆਂ ਲੱਗ ਪੈਂਦੀਆਂ ਤੇ ਹੋਠ ਮਾੜੇ ਜਹੇ ਹਾਸੇ ਨਾਲ ਗੁਲਾਬ ਦੀ ਸੂਹੀ ਕਲੀ ਵਾਂਗ ਖਿੜ ਪੈਂਦੇ, ਜਿਵੇਂ ਉਹਨੂੰ ਪਤਾ ਲੱਗ ਗਿਆ ਹੋਵੇ ਕਿ ਗੱਲ ਮੇਰੇ ਨਾਲ ਏ,......... ਤੇ ਹੁਣ ਉਹ ਆਪਣੀ ਸੂਹੇ ਰੰਗ ਦੀ ਫਰਾਕ ਤੇ ਏਸੇ ਈ ਰੰਗ ਦੇ ਬੂਟਾਂ ਵਿਚ ਪੁਲਸ ਅਹਿਲਕਾਰ ਦੇ ਗੱਭੇ ਭੱਜੀ ਫਿਰਦੀ ਸੀ, ਕਦੇ ਇਕ ਦੇ ਨੱਕ ਨਾਲ ਖੇਡਣ ਲੱਗ ਪੈਂਦੀ ਹੈ ਤੇ ਕਦੇ ਦੂਜੇ ਦੇ ਵਾਲਾਂ ਵਿਚ ਜਾ ਉਗਲਾਂ ਪਾਂਦੀ ਤੇ ਨਾਲੇ ਖਿੜ ਖਿੜ ਹੱਸੀ ਜਾਂਦੀ. ਜਿਵੇਂ ਘਰੋਂ ਸੈਰ ਤੇ ਟੁਰੀ ਹੋਵੇ। ਝਿਜਕ ਜਾਂ ਝਾਕਾ ਤੇ ਉਹਨੂੰ ਹੈਈ ਕੋਈ ਨਹੀਂ ਸੀ। ਲੱਗਦਾ ਕਿ ਉਹਦੀ ਉਠਾਣ ਚੋਖੇ ਲਾਡ ਪਿਆਰ ਨਾਲ ਹੋਈ ਏ ਤੇ ਉਹ ਹੁਣ ਇਕ ਬੇਵਾਹਤੀ ਜੇਹੀ ਕੁੜੀ ਏ।

ਐਮਾ ਦੀ ਧੀ ਦੀ ਪਛਾਣ ਪਹਿਲੀ ਨਜ਼ਰੇ ਈ ਹੋ ਜਾਂਦਾ ਜੀ ਕਦੇ ਕਦੇ ਮਾਵਾਂ ਧੀਆਂ ਏਸ ਤਰ੍ਹਾਂ ਦੀਆਂ ਵੀ ਹੁੰਦੀਆਂ ਨੇ ਕਿ ਲੱਗਦਾ ਏ ਅੱਲਾ ਸਾਈਂ ਨੇ ਇਕੋ ਈ, ਠੱਪੇ ਵਿਚੋਂ ਠੱਪ ਕੇ ਬਣਾਈਆਂ ਨੇਂ। ਇਕ ਜਹੇ ਤਾਂਬੇ ਰੰਗੇ ਵਾਲ ਸਨ। ਅੱਧ ਵਿਚਕਾਰੋਂ ਅੱਠੇ ਬਾਜ਼ ਦੀ ਚੁੰਝ ਵਰਗੇ ਨੱਕ, ਜ਼ਰਾ ਨਿਕੜੀਆਂ ਤੇ ਬਿਲੜੀਆਂ ਅੱਖਾਂ, ਲੰਮਾ ਚਿਹਰਾ, ਤੇ ਕੰਨਾਂ ਦੇ ਥੱਲਿਓਂ ਲੂਈਂ ਗੱਲਾਂ ਨਾਕ ਜੁੜੀਆਂ। ਉਹ ਕੋਈ ਸਬੂਤ ਨਾ ਵੀ ਦਿੰਦਾ ਤੇ ਥਾਣੇ ਵਾਲੇ ਆਪੇ ਹੀ ਆਖਦੇ ਕਿ ਇਹ ਕੁੜੀ ਤੈਂਡੀ ਏ ਤੇ ਸਾਡੇ ਵੱਲੋਂ ਹੁਣੇ ਲੈ ਦਾ...... ਐਮੀ ਨੇ ਐਨੀ ਚੰਗੀ ਤਰ੍ਹਾਂ ਸਿਆਣ ਲੈਣ ਪਿਛੋਂ ਵੀ ਕਿਉਂ ਧੀ ਦਾ ਬੂਟ ਲਾਹ ਕੇ ਉਹਦੇ ਗਿੱਟੇ ਤੇ ਦੇਖਿਆ ਜਿਵੇਂ ਉਹਨੂੰ ਪੱਕਾ ਸੀ ਉਥੇ ਜ਼ਖਮ ਦਾ ਨਿਸ਼ਾਨ ਮੌਜੂਦ ਸੀ। ਹਾਲੇ ਉਹ ਨਿੱਕੀ ਜਿੰਨੀ ਸੀ, ਬੱਸ ਤਿੰਨ ਕੁ ਮਹੀਨਿਆ ਦੀ ਕਿ ਇਕ ਦਿਨ ਉਹ ਉਹਨੂੰ ਕੰਬਲ ਵਿਚ ਵਲੇਟ ਕੇ ਤੇ ਛਾਤੀ ਨਾਲ ਲਾ ਕੇ ਉਹਦੇ ਲਈ ਦੁੱਧ ਪਈ ਤੱਤਾ ਕਰਦੀ ਸੀ ਤੇ ਚੁੱਲ੍ਹੇ ਤੋਂ ਕੰਬਲ ਨੂੰ ਅੱਗ ਲੱਗ ਗਈ। ਉਹਨੂੰ ਜਿਵੇਂ ਈ ਨਹੀਂ ਪਤਾ ਲੱਗਾ। ਉਹਨੇ ਕੰਬਲ ਖਿੱਚ ਕੇ ਲਾਹਿਆ ਤੇ ਝੱਬਦੇ ਨਾਲ ਬੱਚੀ ਨੂੰ ਕਿਚਨ ਦੇ ਕਾਊਂਟਰ ਤੇ ਰੱਖ ਦਿੱਤਾ। ਕਾਊਂਟਰ ਤੇ ਖਾਣੇ ਦਾ ਇਕ ਕਾਂਟਾਂ ਪਿਆ ਸੀ। ਜਿਹੜਾ ਕਾਹਲ ਨਾਲ ਰੱਖਦਿਆਂ, ਉਹਦੇ ਗਿੱਟੇ ਦੀ ਮੱਖਣ ਵਰਗੀ ਮਲਾਇਮ ਖੱਲ ਵਿਚ ਖੁੱਭ ਗਿਆ। ਐਮਾ ਬੜੀ ਈ ਰੋਈ-ਡਾਕਟਰ ਨੇ ਕਈ ਦਿਨ ਜ਼ਖਮ ਦੀ ਪੱਟੀ ਕੀਤੀ, ਤਦ ਜਾ ਕੇ ਇਹ ਜ਼ਖਮ ਠੀਕ ਹੋਇਆ। ਉਹਨੂੰ ਬੜਾ ਦੁੱਖ ਹੋਇਆ। ਪੀਂਦੇ ਮਤਲਬ ਪੁਲਸੀਏ ਕੋਲ ਗਈ ਤੇ ਸਾਫ ਪੱਧਰਾ ਆਖਣ ਲੱਗੀ-ਆਪ ਤੇ ਉਹਦੇ ਹੱਥ ਵਿਚੋਂ ਚਾਹ ਦੀ ਪਿਆਲੀ ਖੋਹ ਲਈ ਸੂ। ਕੁਝ ਚਿਰ ਬਾਅਦ ਉਹਦੇ ਟੁਰਦਿਆਂ-ਟੁਰਦਿਆਂ ਇਕ ਵਾਰੀ ਖਲੋ ਗਈ, ਫੇਰ ਜ਼ੋਰ ਨਾਲ ਆਖਿਆ ਸੂ। One ਤੂ Two, Three ਤੇ ਛੂਟ ਲਾ ਦਿੱਤੀ ਸੂ। ਹਾਲੀ ਥੋੜੀ ਦੇਰ ਪਹਿਲੋਂ ਜਦ ਇਹਨੂੰ ਘੁੱਟ ਕੇ ਸੀਨੇ ਨਾਲ ਲਾਇਆ ਸੀ ਤਦ ਏਸ ਇਕ ਸ਼ਬਦ ਬੋਲਿਆ ਸੀ Owl ਪੱਟੀ। ਇਹਦੇ ਵਿਚ Owl ਦਾ ਲਫ਼ਜ ਕਿੰਨਾ ਸਾਫ ਏ, ਮਤਲਬ ਇਹ ਕਿ ਇਹ ਜਿਹੜੀ ਜ਼ੁਬਾਨ ਵੀ ਬੋਲਦੀ ਏ ਉਹਦੇ ਵਿਚ Owl ਦਾ ਲਫ਼ਜ ਹੈ ਜ਼ਰੂਰ .... ਤੇ ਹੈ ਜ਼ਰਾ ਬੁਰਿਆਂ ਅਰਥਾਂ ਵਿਚ ਏ।

ਜਦੋਂ ਈਮਾ ਧੀ ਨੂੰ ਮੋਢੇ ਨਾਲ ਲਾ ਕੇ ਪੁਲਸ ਵਾਲਿਆ ਕੋਲੋਂ ਟੁਰੀ ਤੇ ਉਹਨਾਂ ਦੀ ਮੈਲੀ ਜੰਮੀਂ ਤੇ ਉਹਨੂੰ ਚਿੰਤਾ ਲੱਗ ਗਈ ਸੀ ਕਿ ਉਹਦਾ ਪਿੰਡਾ ਤੇ ਖੱਲ ਬੇਦਾਗ਼ ਰਹਿਣ ਕਿਉਂ ਜੇ ਹੁਣ ਡਾਕਟਰਾਂ ਨੇ ਟੀਕੇ ਈ ਅਜੇਹੇ ਬਣਾ ਲਏ ਨੇ। ਨਹੀਂ ਤੇ ਉਹਦੇ ਆਪਣੇ ਖੱਬੇ ਡੌਲੇ ਤੇ ਚੀਚਕ ਦੇ ਟੀਕਿਆਂ ਦੇ ਵੱਡੇ-ਵੱਡੇ ਤੇ ਗੋਲ ਗੋਲ ਨਿਸ਼ਾਨ ਸਨ, ਜਿਹੜੇ ਵੇਖਿਆ ਉਹਨੂੰ ਐਨੇ ਬੁਰੇ ਲਗਦੇ ਕਿ ਉਹ ਆਪਣਾ ਇਹ ਡੌਲਾ ਕਦੀ ਨੰਗਾ ਈ ਨਹੀਂ ਸੀ ਕਰਦੀ। ਉਹ ਇਹਨਾਂ ਘੋੜਿਆਂ ਰੰਗੇ ਅਲਾਮਤੀ ਦਾਗਾਂ ਤੋਂ ਏਨਾ ਕੁ ਸਤੀ ਹੋਈ ਸੀ ਕਿ ਕਈ ਵਾਰੀ ਤੇ ਉਹ ਆਪਣੀ ਮਾਂ ਨਾਲ ਭਿੜ ਈ ਪਈ ਕਿ ਭਲਾ ਇਹ ਟੀਕੇ ਉਹਨੇ ਪੈਰਾਂ ਦੇ ਥੱਲੇ ਹੀ ਕਿਉਂ ਨਹੀਂ ਸਨ ਲਗਾਏ। ਉਥੇ ਉਹ ਲੁਕੇ ਤੇ ਰਹਿੰਦੇ। ਤੇ ਹੁਣ ਏਸ ਨਿਸ਼ਾਨ ਨੂੰ ਵੇਖਦਿਆਂ ਸਾਰ ਉਹ ਅਜੇਹੀ ਕੁਰਬਾਨ ਹੋਈ ਕਿ ਉਹਨੇ ਏਸ ਨੂੰ ਚੁੰਮ ਲਿਆ ਤੇ ਬਾਲੜੀ ਨੂੰ ਏਸ ਤਰ੍ਹਾਂ ਹਿੱਕ ਨਾਲ ਲਾ ਲਿਆ ਜਿਵੇਂ ਉਹਦਾ ਦਿਲ ਕਰਦਾ ਹੋਵੇ ਕਿ ਉਹਨੂੰ ਆਪਣੇ ਸੀਨੇ ਵਿਚ ਈ ਵਾੜ ਲਵੇ। ਪਰ ਬਾਲੜੀ ਜਿਵੇਂ ਵੀ ਛੁਹਲ ਛੱਨੀ ਉਹ ਹੈ ਸੀ ਹੱਥ ਪੈਰ ਮਾਰਨ ਲੱਗ ਪਈ।



ਫੇਰ ਆਪਣਾ ਹੱਥ ਛੁਡਾ ਲਿਆ ਸੂ ਤੇ ਜ਼ਹਿਰੀ ਜਹੀ ਬਣ ਕੇ ਪੂਰੇ ਜ਼ੋਰ ਨਾਲ ਦੋ ਚਪੇੜਾਂ ਈਮਾ ਦੇ ਮੂੰਹ ਤੇ ਠਾਹ-ਠਾਹ ਧਰ ਦਿੱਤੀਆਂ ਸੂ। ਤੇ ਅੱਖਾਂ ਵਿਚ ਕਰੋਧ ਲਿਆ ਕੇ ਬੋਲੀ, "ਔਲ-ਪਿੱਟੀ! ਈਮਾ ਰੋਂਦਿਆਂ-ਰੋਂਦਿਆਂ ਹੱਸ ਪਈ ਤੇ ਉਹਦੇ ਹੱਥ ਚੁੰਮਣ ਲੱਗ ਪਈ। ਵੱਤ ਅੱਥਰੂ ਪੂੰਝਦਿਆਂ ਹੋਇਆ ਆਖਣ ਲੱਗੀ, "ਉਹਨਾਂ ਮੇਰੀ ਧੀ ਨੂੰ ਐਡਾ ਲਾਡੋ ਰਾਣੀ ਬਣਾ ਕੇ ਰੱਖਿਆ ਹੋਇਆ ਸੀ। ਇਹ ਆਪਣੀ ਤਬੀਅਤ ਦੇ ਖਿਲਾਫ਼ ਜ਼ਰਾ ਵੀ ਗੱਲ ਨਹੀਂ ਜਰ ਸਕਦੀ।"

ਪੁਲਸ ਵਾਲਿਆ ਨੇ ਜ਼ਰੂਰੀ ਲਿਖਤ ਪੜ੍ਹਤ ਕੀਤੀ। ਈਮਾ ਕੋਲੋਂ ਕਿੰਨੇ ਸਾਰੇ ਕਾਗਜ਼ਾਂ ਤੇ ਦਸਤਖਤ ਕਰਵਾਏ ਤੇ ਧੀ ਉਹਦੇ ਹਵਾਲੇ ਕਰ ਦਿੱਤੀ। ਪਰ ਉਹਨਾਂ ਆਖਿਆ ਕਿ ਬਾਲੜੀ ਭਾਵੇਂ ਮੁੜ ਆਈ ਏ, ਪਰ ਅਸੀਂ ਮੁਜਰਮ ਦੀ ਭਾਲ ਹਾਲੀ ਵੀ ਕਰਨੀ ਏ। ਉਹਨੂੰ ਫੜਨਾ ਏ ਤੇ ਪੂਰੀ ਕਾਨੂੰਨੀ ਸਜ਼ਾ ਦੇਣੀ ਏ।

ਕੁੜੀ ਏਨੀ ਮਸੂਮ ਏ ਕਿ ਆਪਣੇ ਮੂੰਹੋਂ ਕੁਝ ਦੱਸ ਬੁੱਝ ਨਹੀਂ ਸਕਦੀ ਕਿ ਕੌਣ ਲੋਕ ਸਨ, ਜਿਹੜੇ ਇਹਨੂੰ ਚੁੱਕ ਕੇ ਲੈ ਗਏ। ਪਰ ਸਾਡਾ ਖਿਆਲ ਏ ਕਿ ਆਪਣੇ ਅਗਵਾ ਕਰਨ ਵਾਲਿਆਂ ਦੇ ਬਾਰੇ ਇਹ ਇਕ ਦੱਸ ਪਾ ਸਕਦੀ ਏ। ਆਪਣੀ ਬੋਲੀ ਰਾਹੀਂ ਇਹ ਸਾਨੂੰ ਦੱਸ ਸਕਦੀ ਏ ਕਿ ਲੰਡਨ ਜਿਹੇ ਅੰਤਰ ਰਾਸ਼ਟਰੀ ਸ਼ਹਿਰ ਵਿਚ ਜਿੱਥੇ ਏਨੀਆਂ ਕੁ ਬੋਲੀਆਂ ਪਾਈਆਂ ਜਾਂਦੀਆਂ ਨੇ, ਏਸ ਕੁੜੀ ਨੂੰ ਖੜਨ ਵਾਲਾ ਜਾਂ ਖੜਨ ਵਾਲੇ ਕਿਸ ਬਰਾਦਰੀ ਦੇ ਸਨ। ਉਹ ਅੰਗਰੇਜ਼ ਸਨ, ਜਾਂ ਕੋਈ ਅਫਰੀਕੀ ਜਾਂ ਚੀਨੀ ਜਾਂ ਇੰਡੀਅਨ ਜਾਂ ਅਰਬੀ ਜਾਂ ਕਿਸੇ ਹੋਰ ਕਮਿਊਨਿਟੀ ਦੇ। ਅਸੀਂ ਆਪਣੇ ਤੌਰ ਤੇ ਕੁੜੀ ਨਾਲ ਗੱਲਾਂ ਕਰਕੇ ਉਹਦੀ ਬੋਲੀ ਵਿਚੋਂ ਕੁਝ ਲੱਭਣ ਦਾ ਆਹਰ ਕਰ ਚੁੱਕੇ ਹਾਂ, ਪਰ ਸਾਡੀ ਮੱਤ ਵਿਚ ਕੋਈ ਪੱਕੀ ਗੱਲ ਨਹੀਂ ਆਈ। ਫੇਰ ਵੀ ਉਹ ਦੋ ਚਾਰ ਸ਼ਬਦ ਅਜਿਹੇ ਬੋਲਦੀ ਏ, ਜਿਹੜੇ ਦੱਸਦੇ ਨੇ ਕਿ ਉਹ ਗੋਰਿਆਂ ਕੋਲ ਈ ਸੀ। ਉਹ ਮਾਮਾ ਸਾਫ਼ ਆਂਹਦੀ ਏ। guy ਦਾ ਲਫਜ਼ ਬਹੁਤ ਬੋਲਦੀ ਏ, ਜਿਹੜਾ ਮਤਲਬ ਸਾਡੀ ਜ਼ੁਬਾਨ ਵਿਚ ਬੰਦਾ ਜਾਂ ਇਨਸਾਨ ਏ, ਖੌਰੇ ਉਸ ਇਹ ਲਫ਼ਜ਼ ਏਨੇ ਸ਼ੌਕ ਨਾਲ ਕਿਉਂ ਆਖਦੀ ਏ। ਅਸੀਂ ਇਹਨੂੰ ਖਾਣਾ ਵੀ ਖਵਾਇਆ ਏ ਤੇ ਬੱਚਿਆਂ ਦੇ ਚਾਹ ਦੀਆਂ ਸ਼ੈਆਂ ਵੀ ਲਿਆ ਕੇ ਦਿੱਤੀਆਂ ਨੇ। ਇਹ ਚਿਪਸ ਨੂੰ ਚਿੱਪ ਆਂਹਦੀ ਸਗੋਂ ਹਰ ਲੂਣੀ ਸ਼ੈਅ ਨੂੰ ਚਿੱਪ ਆਂਹਦੀ ਏ ਤੇ ਹਰ ਮਿੱਠੜੀ ਸ਼ੈਅ ਨੂੰ ਥਾਈ ਆਖਦੀ ਏ। ਕਿਧਰੇ ਇਹ ਕਿਸੇ ਥਾਈ ਫੈਮਿਲੀ ਕੋਲ ਤੇ ਨਹੀਂ ਸੀ। ਪਰ ਨਹੀਂ ਹੁਣੇ ਥੋੜੀ ਦੇਰ ਅਗਦੋਂ ਦੀ ਗੱਲ ਏ ਇਹ ਇਕ ਅ..ਫਸਰ ਉਹਨੂੰ ਆਖਣ ਲੱਗਾ ਕਿ ਬਾਲੜੀ ਦੇ ਮਿਲ ਜਾਣ ਦੀ ਇਤਲਾਹ ਸਕਾਟਲੈਂਡ ਯਾਰਡ ਵਾਲਿਆ ਨੂੰ ਵੀ ਕਰ ਦਿੱਤੀ ਗਈ ਤੇ ਕਿਉਂਜੇ ਇਹ ਵੀ ਤਫ਼ਤੀਸ਼ ਹੁਣ ਉਹ ਈ ਕਰ ਰਹੇ ਨੇ ਤੇ ....... ਉਹ ਕੱਲ ਕਿਸੇ ਵੇਲੇ ਤੁਹਾਡੇ ਘਰ ਬਾਲੜੀ ਨਾਲ ਗੱਲਬਾਤ ਕਰਨ ਲਈ ਆਣਗੇ। ਉਹਨਾਂ ਦੀ ਕੋਸ਼ਿਸ਼ ਹੁਣ ਇਹੋ ਹੋਣੀ ਏ ਕਿ ਉਹ ਏਸ ਬਾਲੜੀ ਦੀ ਬੋਲੀ ਰਾਹੀਂ ਅਗਵਾ ਕਰਨ ਵਾਲੇ ਦਾ ਕੋਈ ਖੁਰਾ ਲੱਭਣ ਤੇ ਜੋ ਜੋ ਲਫਜ਼ ਵੀ ਬਾਲੜੀ ਘਰ ਵਿਚ ਬੋਲੇ, ਗੌਰ ਨਾਲ ਸੁਣੇ, ਸਗੋਂ ਇਕ ਕਾਗਜ਼ ਪੈਨਸਿਲ ਲੈ ਕੇ ਇਹ ਲਫਜ਼ ਲਿਖਦੀ ਰਹੀਂ।

ਅਗਲੇ ਦਿਨ ਸਕਾਟਲੈਂਡ ਯਾਰਡ ਵਾਲੇ ਮੈਕੀ ਕੋਲ ਅੱਪੜ ਗਏ। ਈਮਾ ਜਿਹੜੀ ਜ਼ੁਬਾਨ ਬੋਲਦੀ ਸੀ, ਉਹਦੇ ਬਾਰੇ ਇਹ ਫੈਸਲਾ ਦਿੱਤਾ ਕਿ ਇਹ ਤੇ ਵੱਖਰੀ ਜਹੀ ਜ਼ੁਬਾਨ ਬੋਲਦੀ ਏ। ਭਾਵੇਂ ਇਹ ਜ਼ੁਬਾਨ ਜਿਹੜੀ ਵੀ ਹੋਵੇ ਅੰਗਰੇਜ਼ੀ ਹੱਡੋਂ ਨਹੀਂ। ਸਭ ਤੋਂ ਸਾਫ਼ ਲਫ਼ਜ਼ ਗਾਈ (guy) ਜਿਹੜਾ ਇਹ ਬੋਲਦੀ ਸੀ, ਇਹਦਾ ਮਤਲਬ ਤੇ ਇਹ ਕਾਰ ਜਾਂ ਮੋਟਰ ਲੈਂਦੀ ਏ, ਭਾਵੇਂ ਸੱਚੀ ਮੁੱਚੀ ਦੀ ਹੋਵੇ ਜਾਂ ਖਡੋਣਾ ਜਾਂ ਡੱਕੀ। ਰਾਤੀਂ ਸੌਣ ਲੱਗਿਆਂ ਰੋਂਦੀ ਰਹੀ ਤੇ ਪੁਕਾਰ ਕਰਦੀ ਰਹੀ, 'ਮਾਤਾ'-'ਮਾਤਾ' ਲੱਗਦਾ ਏ ਕਿ ਇਹਦੀ ਮਾਂ ਦਾ ਨਾ 'ਮਾਤਾ' ਏ। ਮਾਤਾ ਨਾਲ ਰੋਂਦਿਆਂ ਰੋਂਦਿਆ 'ਬਾਬਾ' ਵੀ ਆਖਦੀ ਸੀ। ਇਹ ਹੋ ਸਕਦਾ ਏ ਕਿ ਇਹ ਵੀ ਕਿਸੇ ਅੰਗ ਸਾਕ ਦਾ ਨਾ ਹੋਵੇ ਸੂ।

ਸਕਾਟਲੈਂਡ ਯਾਰਡ ਵਾਲਿਆਂ ਵਿਚੋਂ ਇਕ ਪਾਣੀ ਦਾ ਗਲਾਸ ਭਰ ਕੇ ਲਿਆਇਆ। ਪਾਣੀ ਮੈਗੀ ਨੂੰ ਵਿਖਾ ਕੇ ਉਹਨੂੰ ਪੁਚਕਾਰਦਿਆਂ ਹੋਇਆ ਜਿਵੇਂ ਅੱਖਾਂ ਨਾਲ ਪੁੱਛਿਆ ਸੂ ਕਿ ਦੱਸੀ ਖਾਂ, ਇਹ ਕੀ ਏ। ਮੈਗੀ ਨੇ ਗੱਲ ਸਮਝ ਲਈ। ਹੱਸ ਪਈ ਜਿਵੇਂ ਆਖਦੀ ਹੋਵੇ, ਬੱਸ। ਐਨੀ ਕੁ ਗੱਲ! ਨਾਲ ਪੂਰਾ ਸੰਘ ਪਾੜ ਕੇ ਆਖਣ ਲੱਗੀ "ਮਾਅ" ਸਕਾਟਲੈਂਡ ਯਾਰਡ ਵਾਲੇ ਨੇ ਮਹਿਨੀ ਭਰਦੀਆਂ ਅੱਖਾਂ ਨਾਲ ਆਪਣੇ ਸਾਥੀਆਂ ਵੱਲ ਵੇਖਿਆ ਤੇ ਆਖਣ ਲੱਗਾ, "ਜਦੋਂ ਈਮਾ ਨੇ ਦੱਸਿਆ ਕਿ ਇਹ

ਬਾਬਾ ਆਖਦੀ ਏ ਮੈਂ ਉਦੋਂ ਹੀ ਬੁੱਝ ਲਿਆ ਸੀ ਕਿ ਇਹ ਅਰਬਾਂ ਕੋਲ ਸੀ। ਹੁਣ ਵੇਖ ਲਓ ਇਹ ਪਾਣੀ ਨੂੰ ਮਾ ਪਈ ਆਹਦੀ ਜੇ। ਅਰਬੀ ਵਿਚ ਪਾਣੀ ਨੂੰ ਮਾ ਈ ਆਖਦੇ ਨੇ।"

ਪਾਣੀ ਇਕ ਮੁਢਲਾ ਜੇਹੀ ਲੋੜ ਏ। ਪਾਣੀ ਦਾ ਨਾਂ ਬੱਚੇ ਆਪ ਈ ਰੱਖਦੇ ਨੇ। ਹੋ ਸਕਦਾ ਏ ਕਿ ਇਹ ਨਾਂ ਅਟਕਲ ਪੱਚੂ ਨਾਲ ਈ ਹੋ ਗਿਆ ਹੋਵੇ।" ਇਕ ਹੋਰ ਨੇ ਦੱਸ ਪਾਈ।

ਈਮਾ ਨੂੰ ਜਿਵੇਂ ਕੁਝ ਯਾਦ ਆਇਆ ਤੇ ਉਹ ਆਖਣ ਲੱਗੀ, "ਇਹ ਚਾਹ ਬੜੇ ਸ਼ੌਂਕ ਨਾਲ ਪੀਂਦੀ ਏ ਤੇ ਇਹਨੂੰ ਆਖਦੀ ਵੀ 'ਚਾਹ' ਈ ਏ।"

ਜਾਪਾਨੀ ਚਾਹ ਈ ਸੱਦਦੇ ਨੇ। ਰਾਤ ਫਿਲਮ ਵਿਚ ਇਕ ਜਾਪਾਨ ਦਾ ਪਾਤਰ ਬੋਲਦਾ ਸੀ। 'ਚਾਹ ਸਾਲਦਾਮੀ ਹੋ'! ਮਤਲਬ ਕਿ ਮੀ ਹੈ! 'ਚਾਹ ਲਿਆ"। ਕਿਸੇ ਨੇ ਗੰਢ ਲਾਈ। ਮੈਗੀ ਖਬਰੇ ਕੀ ਸਮਝੀ-ਲੜ ਕੇ ਆਖਣ ਵਾਲੇ ਦੇ ਕੋਲ ਆਈ, ਪਹਿਲੋਂ ਉਹਨੂੰ ਮੁੱਕਾ ਵਿਖਾਇਆ ਤੇ ਗੁੱਸੇ ਨਾਲ ਆਖਣ ਲੱਗੀ, "ਮੁੱਕਾ ਮਾਊਂ", ਫੇਰ ਇਕ ਵਾਰੀ ਉਹਦੇ ਹੱਥ ਤੇ ਸ਼ਰਾਰਤ ਨਾਲ ਦੰਦੀ ਵੱਢ ਲਈ ਤੇ ਖਿੜ-ਖਿੜ ਹੱਸਦਿਆ ਬੋਲੀ, "ਚੱਕ ਮਾਊਂ......." ਉਹ ਬੰਦਾ ਵੀ ਅੱਗੋਂ ਹੱਸਣ ਲੱਗ ਪਿਆ ਤੇ ਆਪਣੇ ਸਾਥੀਆਂ ਨੂੰ ਆਖਣ ਲੱਗਾ, "ਤੁਸੀਂ ਮੰਨੋ ਜਾਂ ਨਾ ਮੰਨੋ, ਇਹਦੀ ਜ਼ੁਬਾਨ ਸੂਤੀ ਲਿਹਾਜ਼ ਨਾਲ ਜਾਪਾਨੀ ਏ ਜਾਂ ਚੀਨੀ।......"

ਇਕ ਨੇ ਕੀ ਕੀਤਾ, ਇਕ ਵਾਰੀ ਹੱਥ ਨਾਲ ਫੜਕੇ ਮੈਗੀ ਦਾ ਟਰਾਊਜ਼ਰ ਪੈਰਾਂ ਤਾਈਂ ਥੱਲੇ ਖਿਚ ਦਿੱਤਾ। ਮੈਗੀ ਸਭਨਾ ਦੇ ਸਾਹਮਣੇ ਨੰਗੀ ਹੋ ਗਈ, ਪਰ ਫੌਰਨ ਉਸ ਨੇ ਹੱਥ ਟਰਾਊਜ਼ਰ ਵੱਲ ਵਧਾਇਆ ਤੇ ਟਰਾਊਜ਼ਰ ਉਤਾਂਹ ਲੱਕ ਵੱਲ ਖਿਚਦਿਆਂ ਹੋਇਆ ਰੋਣ ਹਾਕੀ ਹੋ ਕੇ ਬੋਲੀ, 'ਜਾਮਾ, ਜਾਮਾ!" ਟਰਾਊਜ਼ਰ ਖਿਚਣ ਵਾਲਾ ਬੋਲਿਆ, "ਮੈਨੂੰ ਪਤਾ ਏ ਕਿ ਟਰਾਊਜ਼ਰ ਬੰਦਿਆਂ ਦੀ ਕਿੰਨੀ ਵੱਡੀ ਕਮਜ਼ੋਰੀ ਹੁੰਦੀ ਏ। ......... ਦੁਨੀਆਂ ਦੀਆਂ ਸਭਨਾਂ ਜ਼ੁਬਾਨਾਂ ਵਿਚ ਟਰਾਊਜ਼ਰ ਨੂੰ ਜੋ ਆਖਦੇ ਨੇ, ਮੈਨੂੰ ਉਹ ਅਜ਼ਬਰ ਏ। ਟਰਾਊਜ਼ਰ ਨੂੰ ਜਾਮਾ ਫਾਰਸੀ ਵਾਲੇ ਸੱਦਦੇ ਨੇ। ਉਹ ਜ਼ਰੂਰ ਫਾਰਸੀ ਵਾਲਿਆਂ ਕੋਲ ਰਹਿ ਕੇ ਆਈ ਏ।"

ਸਕਾਟਲੈਂਡ ਯਾਰਡ ਦੇ ਪੇਸ਼ਾਵਰ ਤਫਤੀਸ਼ਕਾਰਾਂ ਦੇ ਨਾਲ ਇਕ ਭਾਸ਼ਾ-ਵਿਗਿਆਨੀ ਵੀ ਆਇਆ ਹੋਇਆ ਸੀ। ਉਹ ਦੂਜਿਆਂ ਨੂੰ ਮੁਹਤਬਰੀ ਨਾਲ ਜਿਵੇਂ ਉਹਦੀ ਗੱਲ ਸਭ ਤੋਂ ਭਾਰੀ ਹੋਵੇ, ਆਖਣ ਲੱਗਾ, "ਜ਼ੁਬਾਨਾਂ ਦਾ ਮਾਮਲਾ ਬਹੁਤ ਗੁੰਝਲਾਂ ਭਰਿਆ ਏ। ਇਹ ਗੱਲਾਂ ਬੱਚਾ ਵੀ ਅਗਦੋਂ ਅਗਦੋਂ ਜਿਹੜਾ ਜ਼ੁਬਾਨ ਬੋਲਦਾ ਏ, ਉਹ ਉਹਦੀ ਆਪਣੀ ਬਣਾਈ ਹੋਈ ਹੁੰਦੀ ਏ। ਉਹ ਅੰਗਰੇਜ਼ੀ, ਫਾਰਸੀ ਕੋਈ ਜ਼ੁਬਾਨ ਨਹੀਂ ਹੁੰਦੀ। ਇਹ ਤੇ ਉਹ ਜਿਵੇਂ ਜਿਵੇਂ ਵੱਡਾ ਹੁੰਦਾ ਏ, ਆਪਣੇ ਆਲੇ ਦੁਆਲੇ ਦੇ ਅੱਖਰ ਸੁਣਦਾ ਤੇ ਆਪਣੇ ਤੌਰ ਤੇ ਬਣਾਏ ਲਫ਼ਜ਼ ਛੱਡਦਾ ਤੇ ਇਹਨਾਂ ਲਫ਼ਜ਼ਾਂ ਨੂੰ ਫੜਦਾ ਜਾਂਦਾ ਏ। ਇਨਸਾਨ ਅਸ਼ਰੁਲ ਮਖਲੂਕਾਤ। (ਸਭ ਜੀਵਾਂ ਤੋਂ ਉਪਰ) ਤਦੇ ਈ ਏ ਕਿ ਉਹ ਇਕ ਪੱਧਰੀ ਸਵਾਹਰੀ ਜ਼ੁਬਾਨ ਬੋਲ ਲੈਂਦਾ ਏ, ਨਹੀਂ ਤੇ ਆਪਣੇ ਮਤਲਬ ਦੱਸਣ ਲਈ ਤੇ ਜਾਨਵਰ ਵੀ ਵੰਨ ਸਵੰਨੀਆਂ ਆਵਾਜ਼ਾਂ ਕੱਢਦੇ ਨੇ। ਬਿੱਲੀ ਕੁੱਤਾ ਈ ਲੈ ਲਵੋ। ਇਹਨਾਂ ਕੋਲ ਆਪਣੇ ਜਜ਼ਬਾਤ ਦੇ ਪ੍ਰਗਟਾਵੇ ਲਈ ਘੱਟੋ-ਘੱਟ ਦਸ ਅੱਡੋ-ਅੱਡ ਆਵਾਜ਼ਾਂ ਨੇ। ਪਰ ਜਾਨਵਰਾਂ ਕੋਲ ਸਿਰਫ ਆਵਾਜ਼ਾਂ ਨੇ ਅੱਖਰ ਨਹੀਂ, ਅੱਖਰ ਸਿਰਫ ਇਨਸਾਨ ਦੀ ਕਾਢ ਨੇ। ਇਹ ਅੱਖਰ ਹਰ ਜ਼ੁਬਾਨ ਦੇ ਆਪੋ-ਆਪਣੇ ਨੇ। ਬੱਚਾ ਅੱਖਰ ਜ਼ਰਾ ਆਰਾਮ ਨਾਲ ਸਿੱਖਦਾ ਏ ਤੇ ਬਹੁਤੇ ਬੱਚੇ ਜ਼ੁਬਾਨ ਦੇ ਮੁਕੰਮਲ ਅੱਖਰ ਸਿਖਣ ਤੋਂ ਪਹਿਲਾਂ ਇਹਨਾਂ ਦੀਆਂ ਸੌਖੀਆਂ ਸੂਰਤਾਂ ਬਣਾ ਲੈਂਦੇ ਨੇ, ਜਿਵੇਂ ਇਹ ਪਈ ਜਾਮਾ ਆਂਹਦੀ ਏ, ਪਰ ਮੇਰੀ ਸਮਝੇ ਇਹ ਲਫ਼ਜ਼ ਇਹਨੇ ਆਪਣੇ ਵਡੇਰਿਆ ਦੀ ਜ਼ੁਬਾਨ ਦੇ ਕਿਸੇ ਲਫ਼ਜ਼ ਤੋਂ ਬਣਾਇਆ ਹੋਇਆ ਏ। ਹੋ ਸਕਦਾ ਏ ਕਿ ਅੱਖਰ ਦਾ ਅਗਲਾ ਹਿੱਸਾ ਛੱਡ ਦਿੱਤਾ ਹੋਵੇ ਸੂ, ਜਾਂ ਪਿਛਲਾ ਹਿੱਸਾ ਨਾ ਬੋਲਦੀ ਹੋਵੇ। ਬੱਚੇ ਐਨੀ ਆਸਾਨੀ ਤੇ ਚੱਲਦੇ ਨੇ। ਇਹਦਾ ਕੋਈ ਅਸੂਲ ਜਾਂ ਕਾਇਦਾ ਨਹੀਂ। ਉਲਟਾ ਸ਼ੁਰੂ ਸ਼ੁਰੂ ਵਿਚ ਹਰ ਬੱਚਾ ਆਪਣੇ ਲਫ਼ਜ਼ ਆਪ ਈ ਘੜਦਾ ਏ। ਹਾਂ ਇਹ ਅਸੀਂ ਵੇਖਿਆ ਏ ਕਿ ਜਿੱਥੇ ਇਕ ਜੇਹੇ ਬਹੁਤ ਸਾਰੇ ਬੱਚੇ ਇਕੱਠੇ ਹੋਣ, ਉਹ ਇਕ ਦੂਏ ਕੋਲੋਂ ਸੁਣ ਕੇ ਇਕੋ ਵਰਗੇ ਲਫ਼ਜ਼ ਬੋਲਣ ਲੱਗ ਪੈਂਦੇ ਨੇ। ਭਾਸ਼ਾ-ਵਿਗਿਆਨ ਦੇ ਮਾਮਲੇ ਬੜੇ ਡੂੰਘੇ ਨੇ, ਇਹਨਾਂ ਤੇ ਜਿਤਨਾ ਵੀ ਗੌਰ ਕਰੀਏ, ਇਹ ਹੋਰ ਵੀ ਡੂੰਘਿਓਂ ਡੂੰਘੇ ਹੁੰਦੇ ਜਾਂਦੇ ਨੇ।"



ਮੈਗੀ ਦੀ ਜ਼ੁਬਾਨ ਦੇ ਬਾਰੇ ਜਦ ਕੋਈ ਫੈਸਲਾ ਨਾ ਮੁੱਕਿਆ ਤੇ ਸਕਾਟਲੈਂਡ ਯਾਰਡ ਵਾਲਿਆਂ ਨੇ ਮੈਗੀ ਦੀ ਮਾਂ ਨੂੰ ਆਖਿਆ ਕਿ ਜਿਹੜੇ ਕੱਪੜਿਆਂ ਤੇ ਜੁੱਤੀਆਂ ਵਿਚ ਉਹ ਲੱਭੀ ਸੀ, ਉਹ ਸਾਰੇ ਇਕ ਵਾਰੀ ਫੇਰ ਲਿਆ ਕੇ ਉਹਨਾਂ ਨੂੰ ਵਿਖਾਵੇ। ....... ਮੈਗੀ ਨੂੰ ਚੁੱਕ ਲਿਜਾਣ ਵਾਲਾ ਕੋਈ ਵਾਹਵਾ ਹੁਸ਼ਿਆਰ ਬੰਦਾ ਹੋਸੀ। ਤਦੇ ਮੈਗੀ ਦੇ ਕੱਪੜਿਆਂ ਦੇ ਨਵੇਂ ਹੋਣ ਦੇ ਬਾਵਜੂਦ ਉਹਨਾਂ ਤੇ ਲੱਗੇ ਟੈਗ ਖੋਹੇ ਖਾਹੇ ਸਨ, ਪਰ ਜੁੱਤਾ ਜਿਹੜਾ ਭਾਵੇਂ ਏਡਾ ਨਵਾਂ ਨਹੀਂ ਸੀ, ਦੇ ਥੱਲੇ ਇਕ ਅਨ ਘੜਿਆ, ਮਾੜਾ ਜਿਹਾ ਟੈਗ ਰਹਿ ਗਿਆ ਸੀ, ਜਿਹੜਾ ਸਾਊਥਹਾਲ ਲੰਡਨ ਦੇ ਇਕ ਸੁਪਰ ਸਟੋਰ ਦਾ ਪਤਾ ਦੱਸਦਾ ਸੀ। ...... ਹੁਣ ਗੁੰਝਲ ਦਾ ਇਕ ਸਿਰਾ ਹੱਥ ਆ ਗਿਆ ਸੀ।

ਪੁਲਸ ਅਫਸਰਾਂ ਵਿਚੋਂ ਇਕ ਨੇ ਆਪਣੀ ਜੇਬ ਚੋਂ ਉਹ ਚਿੱਠੀ ਕੱਢੀ, ਜਿਹੜੀ ਮੈਗੀ ਦੀ ਸਵੈਟਰ ਦੇ ਅੰਦਰੋਂ ਲੱਭੀ ਸੀ ਤੇ ਉਹਨੂੰ ਇਕ ਵਾਰੀ ਮੁੜ ਕੇ ਪੜ੍ਹਦਿਆਂ ਹੋਇਆ ਆਖਣ ਲੱਗਾ, "ਮੇਰਾ ਪਹਿਲੇ ਦਾ ਅੰਦਾਜ਼ਾ ਵੀ ਏਹੋ ਈ ਏ ਕਿ ਇਹ ਕਿਸੇ ਪੂਰੇ ਪੜ੍ਹੇ ਬੰਦੇ ਨੇ ਲਿਖੀ ਏ। ਜਿਹੜਾ ਪਿਆ ਆਖਦਾ ਏ, I stole this baby ਨਾ Kidnapped ਨਾ Piched up, ਨਾ Lifted ਪਰ ਉਹ ਸਕੂਲ ਦਾ ਵਧੀਆ ਪੜ੍ਹਿਆ ਹੋਇਆ ਹੋਣਾ ਏ ਤੇ ਪੜਿਆਂ ਹੋਇਆ ਵੀ ਬ੍ਰਿਟਿਸ਼ ਅੰਪਾਇਰ ਵਿਚ ਈ। ਤਦੇ ਸਕੂਲ ਵਿਚ ਪੜ੍ਹੀ ਨਜ਼ਮ The lifted girl found ਦਾ ਪੂਰਾ ਇਕ ਫਿਕਰਾ ਈ ਲਿਖ ਗਿਆ ਏ। ਨੇਕ ਦਿਲ ਤੇ ਉਹ ਹੈ ਈ ਏ ਕਿ ਬਈ ਜੇ ਮੈਨੂੰ ਹੁਣ ਏਸ ਕੁੜੀ ਦੀ ਲੋੜ ਨਹੀਂ ਤੇ ਇਹਦਾ ਸੰਘ ਘੁੱਟ ਕੇ ਕਿਸੇ ਟੋਏ ਵਿਚ ਸੁੱਟ ਸੂ, ਆਪਣੇ ਫਸਣ ਦਾ ਪ੍ਰਬੰਧ ਕਿਉਂ ਕਰਨਾ ਏ। ਭੋਲਾ ਜਿਹਾ ਏ ਕਿ ਪਿਆ ਲਿਖਦਾ ਏ ਕਿ ਮੈਨੂੰ ਲੰਡਨ ਵਿਚ ਨਾ ਟੋਲਿਓ। ਐਡਾ ਪੁਲਸ ਦਾ ਹਮਦਰਦੀ ਤੂੰ ਕਿੱਥੋਂ ਆ ਗਿਓਂ?

ਅਗਲੇ ਦਿਨ ਜ਼ੁਬਾਨ ਦੇ ਖੁਰੇ ਲਈ ਇਕ ਪੁਲਸ ਵਾਲਾ ਦੋ ਬੰਦੇ ਲੈ ਕੇ ਮੈਗੀ ਕੋਲ ਆਇਆ। ਇਹਨਾਂ ਵਿਚੋਂ ਇਕ ਬੰਦਾ ਬੰਗਾਲੀ ਸੀ ਤੇ ਦੂਜਾ ਹਿੰਦੀ, ਉਰਦੂ ਬੋਲਣ ਵਾਲਾ। ਬੰਗਾਲੀ ਨੂੰ ਮੈਗੀ ਕੋਲੋਂ ਦੋ ਬੰਗਾਲੀ ਦੇ ਲਫ਼ਜ਼ ਲੱਭ ਗਏ। ਮੱਛੀ ਨੂੰ ਬੰਗਾਲੀਆਂ ਵਾਗੂੰ ਉਹ 'ਮਾਝ' ਆਖਦੀ ਸੀ ਤੇ ਦੁੱਧ ਨੂੰ ਦੋਹੀ। ਪਰ ਚਉਲਾਂ ਨੂੰ ਨਿੰਮਨਿਮਾ ਕਹਿੰਦੀ ਸੀ। ਪੁਲਸ ਵਾਲੇ ਨੇ ਇਹ ਗੱਲ ਟੈਲੀਫੂਨ ਤੇ ਭਾਸ਼ਾ ਵਿਗਿਆਨੀ ਨਾਲ ਕੀਤੀ ਤੇ ਉਹ ਆਪ ਈ ਆ ਗਿਆ, ਪਰ ਥੋੜ੍ਹੀ ਜਹੀ ਖੇਚਲ ਦੇ ਬਾਅਦ ਆਖਣ ਲੱਗਾ ਕਿ ਇਹ ਬੰਗਲਾਣ ਨਹੀਂ। ਮਾਝ ਤੇ ਦੋਹੀ ਇਹ ਪਈ ਲਾਡ ਨਾਲ ਆਂਹਦੀ ਏ ਤੇ ਨਿਮਨਿਮਾ ਜਿਹੜਾ ਇਹ ਚਾਉਲਾਂ ਨੂੰ ਆਖਦੀ ਏ, ਇਹ ਕਿਸੇ ਵੀ ਜ਼ੁਬਾਨ ਦਾ ਲਫ਼ਜ਼ ਨਹੀਂ। ਇਹ ਅੱਖਰ ਏਸ ਨੇ ਆਪ ਈ ਬਣਾਇਆ ਏ। ਅੰਞਾਣੇ ਜਦੋਂ ਚਉਲ ਖਾਣ ਤੇ ਉਹ ਮੂੰਹ ਵਿਚੋਂ ਸ਼ੌਂਕ ਨਾਲ ਨਮ ਨਮ ਜਾਂ ਮਪ-ਅਮ ਦੀਆਂ ਆਵਾਜ਼ਾਂ ਕੱਢਦੇ ਨੇ, ਸ਼ੈਤ ਇਹ ਲਫ਼ਜ਼ ਉਹਨੇ ਐਥੋਂ ਈ ਬਣਾਇਆ ਏ ਕਿ ਇਹ ਕਿਸੇ ਵੱਡੀ ਬੋਲੀ ਦਾ ਕੋਈ ਪੱਕਾ-ਪੀਡਾ ਲਫ਼ਜ਼ ਨਹੀਂ।

ਹਿੰਦੀ ਉਰਦੂ ਬੋਲਣ ਵਾਲੇ ਨੂੰ ਮੈਗੀ ਨੇ ਖੋਰੇ ਕਿਉਂ ਬਹੁਤਾ ਮੂੰਹ ਨਾ ਲਾਇਆ। ਬਸ ਇਕ ਵਾਰੀ ਓਹਦੇ ਕੋਲ ਗਈ ਤੇ ਉਹਦੀਆਂ ਬੱਗੀਆ ਲੰਮੀਆਂ-ਲੰਮੀਆਂ ਮੁੱਛਾ ਫੜ ਕੇ ਖੰਡਣ ਲੱਗ ਪਈ ਤੇ ਬਲੀ, "ਮੁੱਛਾਂ ਪੁੱਟਾਂ", ਮੁੱਛਲ ਨੇ ਉਹਦੇ ਦੋਵੇਂ ਹੱਥ ਫੜ ਕੇ ਪਰਾਂਹ ਕਰ ਦਿੱਤੇ ਤੇ ਬੋਲਿਆ, "ਇਹ ਕੀ ਮੇਰੇ ਤੋ ਪੀਛੇ ਪੜ ਗਈ ਏ।" ਭਾਸ਼ਾ-ਵਿਗਿਆਨੀ ਸੋਚ ਜਹੀ ਵਿਚ ਡੁੱਬਿਆ ਹੋਇਆ ਸੀ। ਆਖਣ ਲੱਗਾ, "ਇਹ ਕੋਈ ਬੜੀ ਤੁਹਾਡੀ ਜ਼ੁਬਾਨ ਬੋਲਦੀ ਏ। ਪੂਰਬੀ ਜ਼ੁਬਾਨਾਂ ਬੋਲਦੀ ਏ। ਪੂਰਬੀ ਜ਼ੁਬਾਨਾਂ ਵਿਚੋਂ ਕੋਈ ਮੁਢਲੀ ਜ਼ੁਬਾਨ ਲੱਗਦੀ ਪਈ ਏ। ਜਾਪਦਾ ਏ ਜਿਵੇਂ ਉਸ ਇਲਾਕੇ ਦੀਆਂ ਦੂਜੀਆਂ ਜਬਾਨਾ ਇਹਦੇ ਵਿਚੋਂ ਨਿਸਰੀਆਂ ਹੋਵਣ। ਪਰ ਇਹ ਕਿਹੜੀ ਜ਼ੁਬਾਨ ਹੋ ਸਕਦੀ ਏ ਅੱਗੋਂ ਕੋਈ ਗੱਲ ਉਹਦੇ ਹੱਥ ਵਿਚ ਨਾ ਆਈ।

ਦੂਜੇ ਦਿਹਾੜੇ ਪੁਲਸ ਵਾਲਿਆ ਨੇ ਈਮਾ ਨੂੰ ਨਾਲ ਲਿਆ ਤੇ ਮੈਗੀ ਦੇ ਜੁੱਤੇ ਲੈ ਕੇ ਸਾਊਥ ਹਾਲ ਦੇ ਉਸ ਸੁਪਰ ਸਟੋਰ ਤੇ ਜਾ ਅਪੜੇ, ਜਿੱਥੋਂ ਦੇ ਟੈਗ ਜੁੱਤੀਆਂ ਤੇ ਲੱਗੇ ਹੋਏ ਸਨ। ਲਗਦੇ ਹੱਥ ਹੁਣ ਸੁਣ ਲਉ ਕਿ ਸਾਊਥ ਹਾਲ, ਲੰਡਨ ਜਾਂ ਇੰਗਲੈਂਡ ਵਿਚ ਇਕ ਨਿੱਕਾ ਜਿਹਾ ਪੰਜਾਬ ਏ। ਦੱਸਦੇ ਨੇ ਕਿ ਦੂਜੇ ਵੱਡੀ ਜੰਗ ਤੋਂ ਪਿਛੋਂ ਦੀ ਗੱਲ ਏ, ਇੰਡੀਅਨ ਆਰਮੀ ਦਾ ਕੋਈ ਗੋਰਾ ਕਰਨੈਲ ਰੀਟਾਇਰ ਹੋ ਕੇ ਇੰਗਲੈਂਡ ਜਾਣ ਲੱਗਾ ਤੇ ਆਪਣੇ ਅਰਦਲੀ ਹਰਨਾਮ ਸਿੰਘ ਨੂੰ ਨੌਕਰੀਓਂ ਵਿਹਲਾ ਕਰਵਾ ਕੇ

ਨਾਲ ਲੈਂਦਾ ਗਿਆ। ਉਸੇ ਉਹਨੂੰ ਕਿਸੇ ਫੈਕਟਰੀ ਵਿਚ ਨੌਕਰ ਰਖਵਾ ਦਿਤੇ ਸੂ। ਮੜ ਹਰਨਾਮ ਸਿੰਘ ਹੋਰਾਂ ਨਾਲ ਦੋ ਗੱਲਾਂ ਹੋਈਆਂ। ਇਕ ਤੇ ਉਹਨਾਂ ਨੂੰ ਵਿਲਾਇਤ ਬਹੁੰ ਮਨ ਭਾਇਆ ਤੇ ਦੂਜਾ ਵਤਨ ਵਿਚ ਲੋਕਾਈ ਦੀ ਆਖੀ ਏਸ ਗੱਲ, "ਕੁੱਕੜ ਕਾਂ ਕੰਬੋਅ ਕਬੀਲਾ ਪਾਲਣਾ 'ਤੇ ਜੱਟ, ਮੇਰਾ ਸੰਸਾਰ ਕਬੀਲਾ ਗਾਲਣਾ" ਉੱਤੇ ਤਪ ਚੜ੍ਹੀ ਕਿ ਉਹਨਾਂ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਆਪਣਾ ਸਾਰਾ ਈ ਪਿੰਡ ਇੰਗਲੈਂਡ ਆ ਚੁਕਾਇਆ। ਜਿੱਥੇ ਸਭ ਲਈ ਰੁਜ਼ਗਾਰ ਲੱਭਿਆ, ਸਭ ਨੂੰ ਸਾਊਥ ਹਾਲ ਦੇ ਇਕ ਮਹਿਕਮੇ ਵਿਚ ਪਹਿਲਾਂ ਕਰਾਏ ਤੇ ਘਰ ਲੈ ਕੇ ਦਿੱਤੇ। ਮੁੜ ਹੌਲੀ ਹੌਲੀ ਮੁੱਲ ਲੈ ਲਏ ਤੇ ਅੱਜ-ਸਾਊਥ ਹਾਲ ਲੰਡਨ ਦੇ ਏਸ ਹਿੱਸੇ ਵਿਚ ਕੁੱਲ ਘਰ, ਦੁਕਾਨਾਂ, ਸਟੋਰ, ਸਿਨੇਮਾ ਤੇ ਸ਼ਰਾਬਖਾਨੇ ਫੌਜਾਂ ਦੇ ਨੇ ਏਨਾ ਤੇ ਤੁਹਾਨੂੰ ਪਤਾ ਈ ਏ। ਦੱਸਦੇ ਨੇ ਇਕ ਸਰਦਾਰ ਹੋਰੀ ਰੇਲਵੇ ਸਟੇਸ਼ਨ ਦੀ ਖਿੜਕੀ ਅੱਗੇ ਟਿਕਟ ਲੈਣ ਗਏ। ਬਾਊ ਨੇ ਪੁੱਛਿਆ ਕਿੰਨਿਆ ਬੰਦਿਆਂ ਦੀਆਂ ਟਿਕਟਾਂ ਦਿਆਂ 'ਬੰਦੇ ਹੋਣ, ਜਨਾਨੀ ਸਮੇਤ, ਦੋ, ਤੇ ਸਰਦਾਰ ਹੋਰੀਂ ਆਖੀ ਜਾਣ, "ਸਵਾ ਲੱਖ ਫੌਜ ਦੇ ਨਾਲ ਸਵਾ ਲੱਖ ਨਾਰੀ ਫੌਜ ਦੀਆਂ ਟਿਕਟਾਂ ਕੱਟ ਦਿਓ।' ਸਾਊਥ ਹਾਲ ਵਿਚ ਇਹ ਹਾਲ ਏ ਕਿ ਉਥੇ ਸਿੱਖਾਂ ਦੇ ਸਿਵਾ ਹੋਰ ਕੋਈ ਲੱਭਦਾ ਈ ਨਹੀਂ। ਸਿੱਖਾਂ ਨੇ ਹੋਰ ਬਹੁਤ ਸਾਰੇ ਗੈਰ ਮੁਲਕੀਆਂ ਦੇ ਉਲਟ ਆਪਣਾ ਰਹਿਣ ਸਹਿਣ, ਵੱਸਣ, ਖਾਣ-ਪੀਣ, ਕੂਣ ਬੋਲਣ, ਉੱਕਾ ਨਹੀਂ ਬਦਲਿਆ। ਅੱਜ ਵੀ ਉਹ ਉਥੇ "ਦੇਸੀ ਬੋਲੀ" ਬੋਲਦੇ ਨੇ।

ਸੁਪਰ ਸਟੋਰ ਵਾਹਵਾ ਮੋਕਲਾ ਤੇ ਚੀਜ਼ਾਂ ਨਾਲ ਭਰਿਆ ਭਰਾਇਆ ਸੀ ਤੇ ਉਥੇ ਫਿਰਦੇ ਚੋਖੇ ਗਾਹਕ ਸਿਖ ਤੇ ਸਿੰਘਣੀਆਂ ਸਨ। ਉਹ ਸੌਦੇ ਲੈਂਦੇ ਤੇ ਆਪੋ ਵਿਚ ਗੱਲਾਂ ਬਾਤਾਂ ਕਰਦੇ ਅਜੇਹੇ ਰੁੱਝੇ ਸਨ ਕਿ ਕਾਵਾਂ ਰੌਲੀ ਪਈ ਹੋਈ ਸੀ, ਤਰ੍ਹਾਂ-ਤਰ੍ਹਾਂ ਦੀਆਂ ਵਾਜਾਂ ਤੇ ਹਾਕਾਂ ਤੇ ਬਾਤਾਂ ਕਿ ਪੁੱਛੋ ਕੁਝ ਨਾ। ਪੁਲਸ ਵਾਲਿਆਂ ਨੇ ਸੁਪਰ ਸਟੋਰ ਦੇ ਮਾਲਕ ਨੂੰ ਜਾ ਕੇ ਬੂਟ ਵਿਖਾਲੇ ਤੇ ਪੁੱਛਿਆ ਕਿ ਇਹ ਤੇਰੇ ਕੋਲੋਂ ਈ ਗਏ ਨੇ? ਸੁਪਰ ਸਟੋਰ ਦਾ ਮਾਲਕ ਜਿਹੜਾ ਇਕ ਧੌਲਾ ਦਾਹੜੀ ਵਾਲਾ ਸਿੱਖ ਸਰਦਾਰ ਸੀ, ਨੇ ਬੂਟਾਂ ਦੇ ਟੈਗ ਨੂੰ ਪਛਾਣ ਲਿਆ ਤੇ ਅੱਗੋਂ ਜਵਾਬ ਹਾਂ ਵਿਚ ਦਿੱਤਾ ਸੁ। ਇਹਨਾਂ ਪੁੱਛਿਆ "ਖੜਨ ਵਾਲਾ ਬੰਦਾ ਕੌਣ ਸੀ" ਉਹ ਹੱਸਣ ਲੱਗ ਪਿਆ ਕਿ ਇਹ ਕੋਈ ਕਿਵੇਂ ਦੱਸ ਸਕਦਾ ਏ?

ਮੇਰੀ ਤੇ ਦਿਹਾੜੀ ਦੀ ਵਿਕਰੀ ਹਜ਼ਾਰਾਂ ਵਿਚ ਏ। ਹਜ਼ਾਰਾਂ ਸੌਦਾ ਲੈਣ ਵਾਲੇ ਆਉਂਦੇ ਨੇ। ਮੇਰੀ ਤੇ ਏਥੇ ਮੱਤ ਈ ਮਾਰੀ ਹੁੰਦੀ ਏ। ਭਲਾ ਕੋਈ ਕਿਵੇਂ ਬੰਦਿਆਂ ਦਾ ਹਿਸਾਬ ਰੱਖ ਸਕਦਾ ਏ। ਇਹਨਾਂ ਵੱਤ ਵੀ ਆਖਿਆ ਕਿ ਸੋਚੋ। ਸ਼ੈਤ ਕੋਈ ਗੱਲ ਤੁਹਾਡੇ ਦਿਮਾਗ ਵਿਚ ਆ ਜਾਵੇ ਕਿ ਏਸ ਤਰ੍ਹਾਂ ਦੇ ਬਚਗਾਨੇ ਜੁੱਤੇ ਕਿਸੇ ਨੇ ਖੜੇ ਸਨ? ਅੱਗੋਂ ਸਰਦਾਰ ਹੋਰਾਂ ਨੇ ਮੁੜ ਦੰਦ ਵਿਖਾਏ। ਪੁੱਛਿਓ ਨੇ ਕਈ ਏਸ ਤਰ੍ਹਾਂ ਦੇ ਬੱਚਿਆਂ ਵਾਲੇ ਜੁੱਤੇ ਕੌਣ ਨਹੀਂ ਖੜਦਾ ਖੈਰੀਂ ਸੱਲਾ ਹਰ ਘਰ ਵਿਚ ਵੱਡੇ ਨਿੱਕੇ ਨਿਆਣੇ ਨੇ। ਕਿਉਂ ਨਾ ਖੜਨਗੇ ਲੋਕੀ?

ਪੁਲਸ ਵਾਲੇ ਲਾਜਵਾਬ ਹੋ ਗਏ। ਮੁੜ ਉਥੇ ਖਲੋਤੇ ਖਲੋਤੇ ਲੋਕਾਈ ਦੀਆਂ ਗੱਲਾਂ ਸੁਣਦੀ ਈਮਾ ਨੇ ਭੇਤ ਪਾ ਲਿਆ ਮੇਰੀ ਸਵੇਰੇ ਸਵੇਰੇ ਉੱਠ ਕੇ ਇਕ ਲਫ਼ਜ਼ ਬੋਲਦੀ ਹੁੰਦੀ ਸੀ। ਉਹਨੇ ਤੇ ਇਹਨੂੰ ਵੀ ਅੰਗਰੇਜ਼ੀ ਦਾ ਲਫ਼ਜ਼ ਹੀ ਸਮਝਿਆ ਸੀ। ਵਗੂ-go-o ਜਿਵੇਂ ਆਹਦੀ ਹੋਵੇ ਕਿ ਮੈਂ ਏਥੋਂ ਜਾਣਾ ਏ। ਉਹੋ ਲਫ਼ਜ਼ ਉਹ ਅੱਥ ਵੀ ਲੋਕਾਈ ਦੇ ਮੂੰਹੋਂ ਦੋ ਤਿੰਨ ਵਾਰੀ ਸੁਣਿਆ। ਇਹ ਲਫ਼ਜ਼ ਹੁਣ ਸਾਫ਼ ਹੋ ਗਿਆ ਸੀ, ਜਿਵੇਂ ਧੁੰਦਲਾਏ ਸ਼ੀਸ਼ੇ ਨੂੰ ਕਿਸੇ ਕੱਪੜੇ ਨਾਲ ਸਾਫ਼ ਕਰ ਦਿੱਤਾ ਹੋਵੇ। "ਵਾਹਿਗੁਰੂ"

ਪੁਲਸ ਦੀ ਤਫਤੀਸ਼ ਵਾਲੇ ਜਦੋਂ ਕੁਝ ਨਾ ਲੱਭ ਸਕੇ. ਜਿਹਦੇ ਅੰਦਾਜ਼ੇ ਨਾਲ ਹੱਥ ਲਮਕਾਉਂਦੇ ਸੁਪਰ ਸਟੋਰ ਵਿਚੋਂ ਬਾਹਰ ਨਿੱਕਲ ਆਏ ਤਾਂ ਈਮਾ ਇਕ ਲੰਮੀ ਸੋਚ ਮਗਰੋਂ ਉਹਨਾਂ ਨੂੰ ਆਖਣ ਲੱਗੀ, "ਮੈਨੂੰ ਆਪਣੇ ਨਾਲ ਲੈ ਚੱਲੋ। ਮੈਂ ਏਸ ਕੇਸ ਦੀ ਮਦਈ ਆਂ, ਪਰ ਮੈਂ ਹੁਣ ਦਰਖਾਸਤ ਦੇਣੀ ਏ ਕਿ ਇਹ ਮੁਕੱਦਮਾ ਖਾਰਜ ਕਰ ਦਿੱਤਾ ਜਾਵੇ।

"ਕਿਉਂ-? ਕੀ ਹੁਣ ਤੇਰੀ ਬਾਲੜੀ ਚੁੱਕ ਲੈ ਜਾਣ ਵਾਲੇ ਦਾ ਗੁਨਾਹ ਮੁੱਕ ਗਿਆ ਏ?

"ਨਹੀਂ, ਪਰ ਉਹਨੂੰ ਮੁਆਫ਼ ਕਰ ਦੇਣਾ ਚਾਹੁੰਦੀ ਹਾਂ।"

(ਮਾਂ ਬੋਲੀ-ਲਾਹੌਰ)





## ਬੇਤਰਕ ਨਤੀਜਾ

-ਬਲਦੇਵ ਦੂਹੜੇ

(ਪ੍ਰੀਤਮ ਸਿੰਘ ਦੇ ਲੇਖ "ਸਮਾਜ ਅਤੇ ਸਾਹਿਤ-ਇੱਕਵੀ ਸਦੀ ਵਿਚ ਰੂਪ ਰੇਖਾ" ਦੀ ਸਮਾਲੋਚਨਾ)'

ਸਿਰਜਣਾ ਦੇ ਅੰਕ 104 ਵਿੱਚ ਛਪੇ, ਪ੍ਰੀਤਮ ਸਿੰਘ ਹੋਰਾਂ ਦੇ ਲੇਖ ਦੀ ਅਹਿਮੀਅਤ ਇਹ ਹੈ, ਕਿ ਇਹ ਬਹੁਤ ਸਾਰੇ ਸਵਲ ਪੈਦਾ ਕਰਦਾ ਹੈ। ਇਹ ਲੇਖ ਭਾਵੇਂ ਸਾਹਿਤ ਅਤੇ ਸਮਾਜ ਬਾਰੇ ਹੋਰ ਵੀ ਗੱਲਾਂ ਕਰਦਾ ਹੈ ਪਰ ਇਸ ਦਾ ਅਸਲ ਮੁੱਦਾ ਹੈ-ਕਿ ਮਾਰਕਸਵਾਦ ਗਲਤ ਹੋ ਚੁੱਕਾ ਹੈ, ਇਸ ਲਈ ਸਾਨੂੰ ਹੁਣ ਅੱਗੇ ਤੁਰਨਾ ਚਾਹੀਦਾ ਹੈ। ਅਸੀਂ ਇਸ ਜਵਾਬ ਵਿੱਚ ਸਿਰਫ ਇਹ ਦੇਖਾਂਗੇ ਕਿ ਕੀ ਪ੍ਰੀਤਮ ਸਿੰਘ ਦੇ ਲੇਖ ਵਿੱਚ ਦਿੱਤੇ ਗਏ, ਮਾਰਕਸਵਾਦ ਦੇ ਗਲਤ ਹੋਣ ਦੇ ਸਬੂਤ, ਵਾਜਿਬ ਹਨ? ਸਾਡਾ ਖਿਆਲ ਹ ਕਿ ਇਹ ਲੇਖ, ਮਾਰਕਸਵਾਦ ਦੀ ਧੁੰਦਲੀ ਜਹੀ ਆਲੋਚਨਾ ਕਰ ਕੇ ਉੱਤਰ-ਆਧੁਨਿਕ ਸਿੱਟੇ ਤੇ ਪਹੁੰਚਦਾ ਹੈ, ਜੋ ਸਿੱਟਾ ਉਹਨਾਂ ਦੇ ਲੇਖ ਦੀ ਦਲੀਲ ਵਿੱਚੋ ਬਿਲਕੁਲ ਨਹੀਂ ਨਿਕਲਦਾ। ਪ੍ਰੀਤਮ ਸਿੰਘ ਦੀ, ਮਾਰਕਸਵਾਦ ਦੀ ਆਲੋਚਨਾ ਵੀ, ਤਰਕ ਦੀ ਕਸਵੱਟੀ ਉਤੇ ਪੂਰੀ ਨਹੀਂ ਉਤਰਦੀ। ਖਿਆਲ ਰਹੇ ਕਿ ਅਸੀਂ ਇਥੇ ਮਾਰਕਸਵਾਦ ਦੀ ਹਿਫ਼ਾਜ਼ਤ ਨਹੀਂ ਕਰ ਰਹੇ ਸਗੋਂ ਸਿਰਫ ਇਹ ਦੇਖ ਰਹੇ ਹਾਂ ਕਿ ਕੀ ਪ੍ਰੀਤਮ ਸਿੰਘ ਦਾ ਮਾਰਕਸਵਾਦ ਉੱਤੇ ਹਮਲਾ ਦਲੀਲਨ ਤੌਰ ਤੇ ਵਾਜਿਬ ਹੈ ਕਿ ਨਹੀਂ। ਤਰਕ ਦੀ ਜ਼ੁਬਾਨ ਵਿੱਚ ਪ੍ਰੀਤਮ ਸਿੰਘ ਦੇ ਲੇਖ ਵਿੱਚ ਦੋ ਊਣਤਾਈਆਂ ਹਨ. ਜਿਹਨਾਂ ਨੂੰ ਅਸੀਂ ਦਲੀਲ ਨਾਲ ਸਾਬਤ ਕਰਨ ਦੀ ਕੋਸ਼ਿਸ਼ ਕਰਾਂਗੇ-ਪਹਿਲੀ ਹੈ ਉਹਨਾਂ ਦਾ ਮਾਰਕਸਵਾਦ ਦਾ ਪੇਤਲਾ ਗਿਆਨ ਜਿਸ ਕਾਰਨ ਉਹਨਾਂ ਦੀ ਬਹਿਸ ਦੀ ਸ਼ਿਕਾਰ argumentum ad ignorantiam ਹੈ। ਦੂਜਾ ਹੈ ਕਿ ਉਹਨਾਂ ਦੀ ਸਾਰੀ ਬਹਿਸ ਵਿੱਚੋ ਕੱਢਿਆ ਨਤੀਜਾ, ਦਲੀਲਨ ਤੌਰ ਤੇ ਨਿਕਲਦਾ ਨਹੀ, ਇਸ ਲਈ ਇਸ ਵਿੱਚ ignoratio elenchi ਦਾ ਨੁਕਸ ਹੈ। ਆਉ ਪੜਤਾਲ ਕਰੀਏ,

### Argumentum ad igonorantiam

ਪ੍ਰੀਤਮ ਸਿੰਘ ਸਾਨੂੰ ਇਹ ਦੱਸ ਕੇ, ਕਿ ਮਾਰਕਸ ਨੇ ਕਿਰਤੀ ਦੇ ਸ਼ੋਸ਼ਣ ਦੀ ਗੱਲ ਕੀਤੀ ਸੀ, ਕਹਿੰਦੇ ਹਨ,"ਮਾਰਕਸ ਅਨੁਸਾਰ ਇਹ ਸ਼ੋਸ਼ਣ, ਸਮੇਂ ਸਮੇਂ ਪੂੰਜੀ ਪ੍ਰਧਾਨ ਆਰਥਕ ਢਾਂਚੇ ਵਿੱਚ ਵਾਪਰਨ ਵਾਲੇ ਆਰਥਕ ਮੰਦਵਾੜੇ ਦੀ ਵੀ ਜੜ੍ਹ ਸੀ।" ਮਾਰਕਸ ਨੇ ਇਸ ਦੇ ਬਿਲਕੁਲ ਉਲਟ ਕਿਹਾ ਹੈ ਇਹ ਕਹਿਣਾ ਮਹਿਜ਼ ਇੱਕ ਪੁਨਰੁਕਤੀ ਹੈ ਕਿ ਸੰਕਟ, ਪ੍ਰਭਾਵੀ ਖਪਤ ਦੀ ਕਮੀ ਨਾਲ, ਜਾਂ ਪ੍ਰਭਾਵੀ ਖਪਤਕਾਰਾਂ ਦੀ ਕਮੀ ਨਾਲ ਆਉਂਦੇ ਹਨ। ..... ਜੇ ਅਸੀਂ ਇਸ ਪੁਨਰੁਕਤੀ ਨੂੰ ਡੂੰਘੇਰੀ ਪ੍ਰਮਾਣਿਕਤਾ ਸਮਝਣ ਦੀ ਇਹ ਕਹਿ ਕੇ ਕੋਸ਼ਿਸ਼ ਕਰੀਏ ਕਿ ਮਜ਼ਦੂਰ ਜਮਾਤ ਨੂੰ ਆਪਣੀ ਹੀ ਕਿਰਤ ਦੀ ਉਪਜ ਘੱਟ ਮਿਲਦੀ ਹੈ ਅਤੇ ਇਸ ਬੁਰਾਈ ਦਾ ਇਲਾਜ ਹੋ ਜਾਵੇਗਾ ਜੇ ਮਜ਼ਦੂਰ ਜਮਾਤ ਨੂੰ ਇਸਦਾ ਵਡੇਰਾ ਹਿੱਸਾ ਮਿਲ ਜਾਵੇ ਅਤੇ ਨਤੀਜੇ ਵਜੋਂ ਇਸ ਦੇ ਵੇਤਨ ਵਧ ਜਾਣ, ਤਾਂ ਇਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਸੰਕਟ ਤਾਂ ਹਮੇਸ਼ਾਂ ਹੀ ਉਸ ਦੌਰ ਵਿੱਚ ਤਿਆਰ ਹੁੰਦੇ ਹਨ ਜਦੋਂ ਵੇਤਨ ਆਮ ਤੌਰ ਤੇ ਵੱਧਦੇ ਹਨ ਅਤੇ ਅਸਲ ਵਿੱਚ ਮਜ਼ਦੂਰ ਜਮਾਤ ਨੂੰ ਉਸ ਸਾਲਾਨਾ ਉਪਜ ਦਾ ਵਡੇਰਾ ਹਿੱਸਾ ਮਿਲਦਾ ਹੈ ਜੋ ਖਪਤ ਲਈ ਹੁੰਦੀ ਹੈ। "ਮਾਰਕਸ ਨੇ ਇਹ ਗੱਲ ਕਮਿਊਨਿਸਟ ਮੈਨੀਫੈਸਟੋ ਵਿੱਚ ਵੀ ਸਪਸ਼ੱਟ ਕਰ ਦਿੱਤੀ ਸੀ," In these crises, there breaks out an epidemic that, in all earlier epochs, would have seemed an absurdity-the epidemic of overproduction. Society finds itself put back into a state of momentary barbarism; it appears as if a famine, a universal war of devastation had cut off the supply of every, means of subsistence..... and why? Because there is too much.... industry, too much commerce."ਸੋ ਸਾਫ ਜ਼ਾਹਰ ਹੈ ਕਿ ਮਾਰਕਸ,

ਮਜ਼ਦੂਰ ਦੇ ਸ਼ੋਸ਼ਣ ਅਤੇ ਪ੍ਰਭਾਵੀ ਮੰਗ ਦੀ ਕਮੀ ਨੂੰ ਸੰਕਟ ਦਾ ਕਾਰਨ ਨਹੀਂ ਸਮਝਦਾ। ਪ੍ਰੀਤਮ ਸਿੰਘ ਦੀ ਇੱਥੇ ਮਾਰਕਸ ਦੇ ਸੰਕਟ ਦੇ ਸਿਧਾਂਤ ਨੂੰ ਸਮਝਣ ਤੋਂ ਬਿਨਾਂ ਉਸ ਬਾਰੇ ਫੈਸਲਾ ਕਰ ਰਹੇ ਹਨ, ਇਸ ਲਈ ਇਹਨਾਂ ਦਾ ਲੇਖ agrumentum ad ignorantiam ਦਾ ਸ਼ਿਕਾਰ ਹੈ।

ਪ੍ਰੀਤਮ ਸਿੰਘ ਹੋਰੀਂ ਸਿਰਜਣਾ ਦੇ ਸਫਾ 60-61 ਤੇ ਕਹਿੰਦੇ ਹਨ, "ਅਰਥ ਸ਼ਾਸਤਰੀਆਂ ਦੇ ਆਰਥਿਕ ਮੰਦਵਾੜੇ ਦੇ ਵਿਸ਼ਲੇਸ਼ਣ ਨੇ ਇਹ ਸਿੱਧ ਕਰ ਦਿੱਤਾ ਸੀ ਕਿ ਨਿਰਮਤ ਮਾਲ ਦੀ ਖਪਤ ਲਈ ਇਹ ਜ਼ਰੂਰੀ ਹੈ ਕਿ ਪ੍ਰਭਾਵੀ ਮੰਗ ਦੇ ਖੇਤਰ ਵਿਚ ਲਗਾਤਾਰ ਵਾਧਾ ਕੀਤਾ ਜਾਵੇ ਨਹੀਂ ਤਾਂ ਸਾਰੀ ਅਰਥ ਵਿਵਸਥਾ ਹੀ ਡਗਮਗਾ ਜਾਵੇਗੀ।" ਇਹ ਸਿਧਾਂਤ ਪ੍ਰਭਾਵੀ ਮੰਗ ਦੀ ਕਮੀ ਨੂੰ ਸੰਕਟ ਦਾ ਕਾਰਨ ਸਮਝਣ ਵਾਲੇ ਅਰਥਵਿਗਿਆਨੀਆਂ ਦਾ ਹੈ। ਪ੍ਰੀਤਮ ਸਿੰਘ ਸਮਝਦਾ ਹੈ ਕਿ ਇਹ ਇਕ ਨਵੀਂ ਕਾਢ ਹੈ। ਸਾਫ ਜ਼ਾਹਰ ਹੈ ਕਿ ਪ੍ਰੀਤਮ ਸਿੰਘ ਨੂੰ ਮਾਰਕਸ ਦੇ ਮੰਦਵਾੜੇ ਦੇ ਸਿਧਾਂਤ ਦਾ ਗਿਆਨ ਨਹੀਂ ਹੈ। ਮਾਰਕਸ ਦਾ ਉਤਲਾ ਕਥਨ ਦਸਦਾ ਹੈ ਕਿ ਮਾਰਕਸ ਅਖਾਉਤੀ ਅੰਡਰ-ਕੰਨਸੰਪਸ਼ਨਿਸਟ ਸਿਧਾਂਤ ਜਾਂ ਪ੍ਰਭਾਵੀ ਮੰਗ ਦੀ ਕਮੀ ਵਾਲੇ ਸਿਧਾਂਤ ਦੇ ਵਿਰੁੱਧ ਸੀ। ਮਾਰਕਸ ਦਾ ਓਵਰ ਪ੍ਰੋਡੈਕਸ਼ਨ ਦਾ ਸਿਧਾਂਤ ਅਜੇ ਵੀ ਪੂਰੀ ਤਰ੍ਹਾਂ ਵਿਕਸਤ ਨਹੀਂ ਕੀਤਾ ਗਿਆ। ਪਰ ਕਿਉਂਕਿ, ਮਾਰਕਸ ਪ੍ਰਭਾਵੀ ਮੰਗ ਦੀ ਕਮੀ ਨੂੰ ਸੰਕਟ ਦਾ ਕਾਰਨ ਨਹੀਂ ਸਮਝਦਾ, ਇਸ ਲਈ, ਪ੍ਰਭਾਵੀ ਮੰਗ ਨੂੰ ਵਧਾਉਣ ਦੇ ਯਤਨ ਕਰਕੇ ਸੰਕਟ ਹਟਾਉਣ ਵਾਲੇ ਸਿਧਾਂਤ ਨਾ ਤਾਂ ਮਾਰਕਸ ਨੂੰ ਗਲਤ ਸਾਬਤ ਕਰਦੇ ਹਨ ਤੇ ਨਾਂ ਇਹ ਸੰਕਟਾਂ ਦਾ ਇਲਾਜ ਹੀ ਕਰ ਸਕੇ ਹਨ। ਮਾਰਕਸ ਦਾ ਓਵਰ ਪਰੋਡਕਸ਼ਨ ਦਾ ਸਿਧਾਂਤ ਠੀਕ ਹੈ ਜਾਂ ਗਲਤ? ਕਿਉਂਕਿ ਇਹ ਗੱਲ ਪ੍ਰੀਤਮ ਸਿੰਘ ਦੇ ਲੇਖ ਦੇ ਵਿੱਚ ਹੈ ਹੀ ਨਹੀਂ, ਇਸ ਲਈ ਅਸੀਂ ਇਸ ਬਾਰੇ ਇੱਥੇ ਗੱਲ ਨਹੀਂ ਕਰਾਂਗੇ।

ਪ੍ਰੀਤਮ ਸਿੰਘ ਇਸ ਲੇਖ ਵਿੱਚ, ਸਿਰਜਣਾ, ਦੇ ਸਫਾ 58 ਤੇ ਕਹਿੰਦਾ ਹੈ,"ਇਸ ਆਰਥਿਕ ਪਾਲਿਸੀ ਨਾਲ ਜਿਸ ਨੂੰ ਵੈਲਫੇਅਰ ਸਟੇਟ ਦਾ ਨਾਂ ਦਿੱਤਾ ਗਿਆ ਹੈ ਆਰਥਿਕ ਮੰਦਵਾੜੇ ਦਾ ਦੁਸ਼ਟ ਚੱਕਰ ਠੱਲਣ ਵਿੱਚ ਕਾਫੀ ਸਹਾਇਤਾ ਮਿਲੀ।" ਪਰ ਉਸਨੇ ਇਸ ਦਾ ਕੋਈ ਵੀ ਸਬੂਤ ਨਹੀਂ ਦਿੱਤਾ ਕਿ ਕਿਸ ਸਰਮਾਇਦਾਰ ਮੁਲਕ ਵਿੱਚ ਆਰਥਿਕ ਮੰਦਵਾੜੇ ਖਤਮ ਹੋ ਗਏ ਹਨ ਜਾਂ ਘੱਟ ਖੌਫਨਾਕ ਹੋ ਗਏ ਹਨ। ਸੋ ਇਹ ਗੱਲ ਵੀ ਦਰੁਸਤ ਨਹੀਂ ਕਿਉਂਕਿ ਆਰਥਿਕ ਮੰਦਵਾੜੇ ਸਰਮਾਇਦਾਰ ਮੁਲਕਾਂ ਦੀ ਜ਼ਿੰਦਗੀ ਦਾ ਬਕਾਇਦਾ ਹਿੱਸਾ ਹਨ। ਇਹ ਗੱਲ ਅੱਜ ਕੱਲ੍ਹ ਬੀ. ਸੀ ਦੀ ਲੰਬਰ ਇੰਡਸਟਰੀ ਵਿੱਚ ਦੇਖੀ ਜਾ ਸਕਦੀ ਹੈ ਜਿਥੇ ਨਿੱਤ ਨਵੀਂ ਮਿੱਲ ਬੰਦ ਹੋ ਰਹੀ ਹੈ ਤੇ ਖੜੀਆਂ ਮਿੱਲਾਂ ਸਕਰੈਪ ਦੇ ਭਾਅ ਵਿੱਕ ਰਹੀਆਂ ਹਨ। ਕਈ, ਮਿੱਲਾਂ ਤੇ ਨਿਰਭਰ ਸ਼ਹਿਰਾਂ ਵਿੱਚ, ਇੰਜ ਲਗਦਾ ਹੈ ਕਿ ਜਿਵੇਂ ਮਾਤਮ ਛਾ ਗਿਆ ਹੋਵੇ। 1982 ਵਿੱਚ ਸਾਰੀ ਉਤਰੀ ਅਮਰੀਕਾ ਵਿੱਚ ਬੜਾ ਗੰਭੀਰ ਮੰਦਵਾੜਾ ਪਿਆ ਸੀ। ਉਸ ਤੋਂ ਪਹਿਲਾਂ ਵੀ ਅਤੇ ਬਾਅਦ ਵੀ, ਕਈ ਛੋਟੇ ਛੋਟੇ ਝਟਕੇ ਲੱਗ ਚੁੱਕੇ ਹਨ। 1987 ਵਿੱਚ ਸਟਾਕ ਮਾਰਕਟ ਵਿੱਚ ਇਹੋ ਜਿਹਾ ਕਾਫੀ ਵੱਡਾ ਝਟਕਾ ਲੱਗਾ ਸੀ। ਹੁਣ ਪੂਰਬੀ ਏਸ਼ੀਆ ਵਿੱਚ ਪੂਰੇ ਜ਼ੋਰ ਨਾਲ ਮੰਦਵਾੜਾ ਚਲ ਰਿਹਾ ਹੈ। ਅਮਰੀਕਾ ਵਿੱਚ ਹੁਣ ਫਿਰ ਇੱਕ ਵੱਡੇ ਮੰਦਵਾੜੇ ਦੇ ਹਾਲਾਤ ਬਣ ਰਹੇ ਹਨ ਕਿਉਂਕਿ ਹਾਲਾਤ 1927-28 ਨਾਲ ਬਹੁਤ ਮਿਲਦੇ ਜੁਲਦੇ ਹਨ। ਸੋ. ਕਿਉਂਕਿ ਮੰਦਵਾੜੇ ਤਾਂ ਹਟੇ ਨਹੀਂ, ਇਸ ਲਈ ਵੈਲਫੇਅਰ ਸਟੇਟ ਨੂੰ ਸੰਜੀਵਨੀ ਬੂਟੀ ਦੇ ਤੌਰ ਤੇ ਦੇਣਾ ਜਾਂ ਮੰਦਵਾੜਿਆਂ ਦੀ ਅਣਹੋਂਦ ਨੂੰ ਸਰਮਾਇਦਾਰੀ ਦੇ ਬਦਲੇ ਰੂਪ ਦੇ ਸਬੂਤ ਵਜੋਂ ਦੇਣਾ ਮਹਿਜ਼ argumentum ad ignorantiam ਹੈ। ਜਿੱਥੋਂ ਤੱਕ ਕੇਅਨਜ਼ ਦੀ ਸੰਜੀਵਨੀ ਬੂਟੀ ਦਾ ਸਵਾਲ ਹੈ ਉਹ ਅਸੀਂ ਅਗੇ ਚੱਲ ਕੇ ਦੇਖਦੇ ਹਾਂ।

ਪ੍ਰੀਤਮ ਸਿੰਘ ਨੇ ਸਰਮਾਏਦਾਰੀ ਦੇ ਬਦਲਣ ਬਾਰੇ ਇੱਕ ਹੋਰ ਸਬੂਤ ਦਿੰਦੇ ਹੋਏ ਕਿਹਾ ਹੈ, "ਹੁਣ ਪਰ ਬਾਅਦ ਵਿੱਚ ਪੈਦਾਵਾਰੀ ਢਾਂਚੇ ਵਿੱਚ ਉਤਪਾਦਨ ਦੇ ਨਾਲ ਉਤਪਾਦਕਤਾ ਦੇ ਮਹੱਤਵ ਨੂੰ ਵੀ ਸਮਝਿਆ ਗਿਆ।" ਮਿਸਟਰ ਸਿੰਘ ਸ਼ਾਇਦ ਅਮਰੀਕਣ ਬੁੱਧੀਜੀਵੀਆਂ ਦੀ ਗੱਲ ਕਰ ਰਿਹਾ ਹੈ ਜੋ ਉਤਪਾਦਕਤਾ ਨੂੰ ਸਮਝਣਾ ਸ਼ੁਰੂ ਹੀ ਕਰ ਰਹੇ ਹਨ. ਪਰ ਕਲਾਸਕੀ ਅਰਥ ਸ਼ਾਸਤਰ ਤਾਂ ਉਤਪਾਦਕਤਾ



ਦੀ ਗੱਲ ਮੁੱਢ ਕਦੀਮ ਤੋਂ ਕਰਦਾ ਆ ਰਿਹਾ ਹੈ। ਕੁਈਨੇ, ਐਡਮ ਸਮਿਥ, ਰਿਕਾਰਡੋ ਅਤੇ ਮਾਰਕਸ ਇਸ ਗੱਲ ਬਾਰੇ ਬੜੇ ਸਪਸ਼ੱਟ ਸਨ। ਮਾਰਕਸ ਨੇ ਤਾਂ, ਉਤਪਾਦਕਤਾ ਦੇ ਲਗਾਤਾਰ ਵਾਧੇ ਨੂੰ, ਸਰਮਾਏਦਾਰੀ ਦਾ ਬੁਨਿਆਦੀ ਖਾਸਾ ਕਿਹਾ ਸੀ। ਉਹ ਕਹਿੰਦਾ ਹੈ,".. ਹਰ ਵਿਅਕਤੀਗਤ ਸਰਮਾਏਦਾਰ ਦਾ ਮਕਸਦ ਹੁੰਦਾ ਹੈ ਕਿ ਉਹ ਕਿਰਤ ਦੀ ਉਤਪਾਦਕਤਾ ਵਿੱਚ ਵਾਧਾ ਕਰਕੇ ਆਪਣੀਆਂ ਜਿਣਸਾਂ ਨੂੰ ਸਸਤਾ ਕਰੇ।" ਇੱਕ ਥਾਂ ਮਾਰਕਸ ਕਹਿੰਦਾ ਹੈ "ਸਰਮਾਏਦਾਰੀ ਨਿਜ਼ਾਮ ਦੇ ਆਧਾਰ ਕਾਰਨ, ਇਕੱਤਰੀਕਰਨ ਵਿੱਚ ਇੱਕ ਮੌਕਾ ਆ ਜਾਂਦਾ ਹੈ ਜਦੋਂ ਸਮਾਜਕ ਕਿਰਤ ਦੀ ਉਤਪਾਦਕਤਾ ਦਾ ਵਿਕਾਸ ਇਕੱਤਰੀਕਰਨ ਦਾ ਸੱਭ ਤੋਂ ਵੱਧ ਜ਼ਬਰਦਸਤ ਲੀਵਰ ਬਣ ਜਾਂਦਾ ਹੈ।" ਫਿਰ ਮਾਰਕਸ ਕਹਿੰਦਾ ਹੈ," ... ਕਿਰਤ ਦੀ ਉਤਪਾਦਕਤਾ ਨੂੰ ਵਧਾਉਣ ਦੀ ਸਰਮਾਏ ਵਿੱਚ ਅਰੁੱਕ ਰੁੱਚੀ ਅਤੇ ਨਿਰੰਤਰ ਰੁਝਾਨ ਹੁੰਦਾ ਹੈ ਤਾਂ ਜੋ ਜਿਨਸਾਂ ਸਸਤੀਆਂ ਹੋਣ ਅਤੇ ਜਿਨਸਾਂ ਸਸਤੀਆਂ ਕਰਨ ਨਾਲ ਕਿਰਤੀ ਨੂੰ ਵੀ ਸਸਤਾ ਕੀਤਾ ਜਾਵੇ।" ਉਤਪਾਦਕਤਾ ਵਿੱਚ ਵਾਧਾ ਪਿਛਲੇ ਇੱਕ ਮਿਲਿਅਨ ਸਾਲ ਤੋਂ ਹੋ ਰਿਹਾ ਹੈ ਜਦੋਂ ਅਜੇ ਅਸੀਂ ਦਰਖਤਾਂ ਦੇ ਉਤੇ ਚੜ੍ਹਨ ਦੀ ਥਾਂ ਰੋੜਾ ਮਾਰਕੇ ਫੱਲ ਲਾਹੁਣੇ ਸਿੱਖ ਰਹੇ ਸਾਂ। ਮਾਰਕਸ ਦੀ 'ਸਰਮਾਇਆ' ਇਸ ਸਿਧਾਂਤ ਨਾਲ ਭਰੀ ਪਈ ਹੈ। ਜੇ ਇਹੀ ਸਰਮਾਏਦਾਰੀ ਦੇ ਬਦਲੇ ਰੂਪ ਦੀ ਨਿਸ਼ਾਨੀ ਹੈ ਤਾਂ ਇਹ ਬਹੁਤਾ ਨਹੀਂ ਬਦਲਿਆ। ਪ੍ਰੀਤਮ ਸਿੰਘ ਹੋਰੀਂ ਸਰਮਾਏਦਾਰੀ ਦੇ ਬੁਨਿਆਦੀ ਅਤੇ ਪੁਰਾਣੇ ਖਾਸੇ ਨੂੰ ਉਸ ਦੇ ਨਵੇਂ ਖਾਸੇ ਦੇ ਤੌਰ ਤੇ ਪੇਸ਼ ਕਰ ਰਹੇ ਹਨ, ਉਹ ਵੀ ਇਸ ਦੇ ਬਦਲੇ ਹੋਣ ਦੇ ਸਬੂਤ ਦੇ ਤੌਰ ਤੇ। ਇੱਥੇ ਸਮੱਸਿਆ ਮਾਰਕਸਵਾਦ ਦੇ ਪੇਤਲੇ ਗਿਆਨ ਦੀ ਹੈ ਅਤ ਇਸ ਲਈ ਇਹਨਾਂ ਦੀ argumentum ad ignorantiam ਬਹਿਸ ਦੀ ਸ਼ਿਕਾਰ ਹੈ।

ਆਪਣੇ ਪਹਿਲੇ ਲੇਖ ਵਿੱਚ ਪ੍ਰੀਤਮ ਸਿੰਘ ਨੇ ਇਕ ਬੜੀ ਅਜੀਬ ਗੱਲ ਕਹੀ ਸੀ ਕਿ ਹੁਣ ਮਜ਼ਦੂਰ ਦੇ ਸ਼ੋਸ਼ਣ ਦੀ ਥਾਂ, ਕੁਦਰਤ ਦਾ ਸ਼ੋਸ਼ਣ ਹੋਣ ਲੱਗ ਪਿਆ ਹੈ। ਕੀ ਕੁਦਰਤ ਦਾ ਸ਼ੋਸ਼ਣ ਉਸ ਵੇਲੇ ਤੋਂ ਸ਼ੁਰੂ ਨਹੀਂ ਹੋਇਆ ਜਦੋਂ ਇਨਸਾਨ ਨੇ ਕਿਸੇ ਦਰਖਤ ਦੀ ਪਹਿਲੀ ਟਾਹਣੀ ਤੋੜੀ ਸੀ? ਇਸ ਲੇਖ ਵਿੱਚ ਉਹ ਇਹੋ ਜਹੀ ਇੱਕ ਹੋਰ ਗੱਲ ਕਹਿ ਰਹੇ ਹਨ ਕਿ ਹੁਣ ਪੂੰਜੀਪਤੀ ਦੀ ਥਾਂ ਮੈਨੇਜਰ ਨੇ ਲੈ ਲਈ ਹੈ ਅਤੇ ਮੈਨੇਜਰ ਦਾ ਜਾਦੂ ਬਿਨਾ ਸ਼ੋਸ਼ਣ ਕੀਤੇ ਉਤਪਾਦਕਤਾ ਵਧਾ ਸਕਦਾ ਹੈ। ਪਿਆਰੇ ਸ਼੍ਰੀ ਮਾਨ ਜੀ, ਮੈਨੇਜਰ ਦੀ ਹੋਂਦ ਸਰਮਾਏਦਾਰੀ ਦੇ ਨਾਲ ਹੀ ਸ਼ੁਰੂ ਹੋਈ ਸੀ। ਮਾਰਕਸ ਇਸ ਬਾਰੇ ਕਹਿੰਦਾ ਹੈ, "A Industrial army of workers under the command of a capitaliset requires, like a real army, officers (managers and N.C.O. foremen over-seers) Who command during the labour process in the name of capital" ਸੋ ਮੈਨੇਜਰ ਤਾਂ ਵਿਚਾਰ ਬਹੁਤ ਪੁਰਾਣਾ ਹੈ ਤੇ ਉਤਪਾਦਕਤਾ ਵਧਾਉਣ ਦੀ ਜ਼ੁੰਮੇਵਾਰੀ ਵੀ ਬਹੁਤ ਪੁਰਾਣੀ ਹੈ ਕਿਉਂਕਿ ਉਤਪਾਦਕਤਾ ਦਾ ਇਨਕਲਾਬ ਸਰਮਾਇਦਾਰੀ ਦਾ ਬੁਨਿਆਦੀ ਅਤੇ ਪੁਰਾਣਾ ਖਾਸਾ ਹੈ।

ਪਰ ਇਹ ਕਹਿਣਾ, ਕਿ ਕਿਰਤੀ ਦੇ ਮਾਰਕਸਵਾਦੀ ਸ਼ੋਸ਼ਣ ਤੋਂ ਬਿਨਾ, ਮੈਨੇਜਰ ਮੁਨਾਫਾ ਵਧਾ ਸਕਦਾ ਹੈ, ਮਾਰਕਸ ਦੇ ਸ਼ੋਸ਼ਨ ਦੇ ਸੰਕਲਪ ਨੂੰ ਨਹੀਂ ਸਮਝਣ ਦੇ ਬਰਾਬਰ ਹੈ। ਮੈਨੇਜਰ ਬਾਰੇ ਪ੍ਰੀਤਮ ਸਿੰਘ ਹੋਰੀਂ ਕਹਿੰਦੇ ਹਨ,"...ਕਿ ਉਹ ਉਤਪਾਦਨ ਦੇ ਕਾਰਕਾਂ ਨੂੰ ਇਸ ਤਨਾਸਬ ਵਿੱਚ ਵਰਤੇ ਕਿ ਜਿਸ ਨਾਲ ਲਾਗਤ ਤਾਂ ਘੱਟ ਆਵੇ ਪਰ ਉਤਪਾਦਨ ਵਧੇਰੇ ਹੋਵੇ। ਇਸ ਤਰ੍ਹਾਂ ਕਿਰਤੀ ਦਾ ਸ਼ੋਸ਼ਣ ਕੀਤੇ ਬਗੈਰ ਮੁਨਾਫਾ ਵਧਾਇਆ ਜਾ ਸਕਦਾ ਹੈ..." ਇਹ ਇੱਕ ਅਜੀਬ ਕਥਨ ਹੈ ਪਰ ਕਿਉਂਕਿ ਪ੍ਰੀਤਮ ਸਿੰਘ, ਮਾਰਕਸ ਦੇ ਸ਼ੋਸ਼ਣ ਦੇ ਸਿਧਾਂਤ ਨੂੰ ਚੈਲੰਜ ਨਹੀਂ ਕਰਦਾ, ਇਸ ਲਈ ਸਾਨੂੰ ਮਾਰਕਸ ਦੇ ਸਿਧਾਂਤ ਦੇ ਸਹੀ ਜਾਂ ਗਲਤ ਹੋਣ ਬਾਰੇ ਗੱਲ ਕਰਨ ਦੀ ਲੋੜ ਨਹੀਂ, ਸਿਰਫ ਇਸ ਬਾਰੇ ਹੀ ਲੋੜ ਹੈ ਕਿ ਕੀ ਹੁਣ ਮਾਰਕਸ ਦੇ ਸ਼ੋਸ਼ਣ ਦਾ ਨਿਯਮ ਲਾਗੂ ਹੁੰਦਾ ਹੈ ਜਾਂ ਨਹੀਂ। ਮਾਰਕਸ ਦਾ ਸ਼ੋਸ਼ਨ ਦਾ ਫਾਰਮੂਲਾ ਹੈ-ਵ-ਅ ਜਦੋਂ ਵ ਵਾਧੂ ਮੁਲ ਦਾ ਪ੍ਰਤੀਕ ਹੈ ਤੇ ਅ ਅਸਥਾਈ ਸਰਮਾਏ ਦਾ ਜਾਂ ਕਿਰਤ ਦੇ ਵੇਤਨ ਦਾ। ਲਾਗਤ ਘੱਟ ਹੋਵੇ ਜਾਂ ਵੱਧ, ਇਹ ਵਾਧੂ ਮੁੱਲ ਵਿੱਚ ਨਹੀਂ ਗਿਣੀ ਜਾਂਦੀ ਕਿਉਂਕਿ,"ਇਸ ਪ੍ਰਕਾਰ ਇਹ

ਪ੍ਰਤੀਤ ਹੈ ਕਿ ਪੈਦਾਵਾਰ ਦੇ ਸਾਧਨ ਕਦੇ ਵੀ ਉਪਜ ਨੂੰ ਕਿਰਤ-ਅਮਲ ਦੇ ਦੌਰਾਨ ਖ਼ੁਦ ਗੁਆਉਂਦੇ ਹਨ।" ਉਤਪਾਦਕਤਾ ਵਧਾਉਣ ਨਾਲ ਜੇ ਵ ਬਹੁਤ ਵਧ ਜਾਂਦਾ ਹੈ ਅਤੇ ਅ ਸਾਪੇਖਕ ਤੌਰ ਤੇ ਘਟ ਜਾਂਦਾ ਹੈ ਤਾਂ ਵ-ਅ ਵਿੱਚ ਯਾਨੀ ਕਿ ਸ਼ੋਸ਼ਨ ਵਧਾ ਦਿੱਤਾ ਜਾਵੇ ਤਾਂ ਮੁਨਾਫ਼ਾ ਵੱਧ ਜਾਵੇਗਾ ਅਤੇ ਸਾਪੇਖਕ ਤੌਰ ਤੇ ਮੁਨਾਫੇ ਦੀ ਕਿਰਤ ਨਾਲ ਅਨੁਪਾਤ ਹੋਰ ਵੱਧ ਜਾਵੇਗੀ। ਕਾਰਕਾਂ ਦੀ ਤਨਾਸਬ ਬਦਲ ਕੇ ਲਾਗਤ ਘਟਾਉਣ ਨਾਲ ਸਰਮਾਇਦਾਰ ਸਿਰਫ ਦੂਜੇ ਸਰਮਾਇਦਾਰਾਂ ਦੇ ਮੁਕਾਬਲੇ ਵਿੱਚ ਥੋੜੀ ਦੇਰ ਲਈ ਵਾਧੂ ਮੁਨਾਫਾ ਬਣਾ ਸਕਦਾ ਹੈ ਪਰ ਇਸ ਸ਼ੋਸ਼ਨ ਦੇ ਦਰ ਵਿੱਚ ਘਾਟਾ ਨਹੀਂ ਸਗੋਂ ਵਾਧਾ ਹੁੰਦਾ ਹੈ ਕਿਉਂਕਿ, ਜਿਵੇਂ ਪਿਛੇ ਕਿਹਾ ਗਿਆ ਹੈ, ਪਦਾਰਥਾਂ ਦੀ ਲਾਗਤ ਤਾਂ ਸ਼ੋਸ਼ਨ ਦੇ ਫਾਰਮੂਲੇ ਵਿੱਚ ਦਾਖਲ ਵੀ ਨਹੀਂ ਹੁੰਦੀ। ਪ੍ਰੀਤਮ ਸਿੰਘ ਹੋਰੀਂ ਇੱਥੇ ਵੀ ਮਾਰਕਸ ਨੂੰ ਸਮਝੇ ਬਿਨਾ ਰਾਏ ਦੇ ਰਹੇ ਹਨ ਅਤੇ argumentum ad ignorantiam ਦੇ ਦੋਸ਼ੀ ਹਨ।

ਪ੍ਰੀਤਮ ਸਿੰਘ ਕੇਅਨਜ਼ ਦੀ ਗੱਲ ਕਰਕੇ ਸੁਰਖਰੂ ਹੋ ਜਾਂਦਾ ਹੈ ਜਿਵੇਂ. ਕਿ ਕੇਨਜ਼ ਦੇ ਸਿਧਾਂਤਾਂ ਨੇ ਮੰਦਵਾੜੇ ਰੋਕ ਦਿੱਤੇ ਹੋਣ। ਕੇਅਨਜ਼ ਦੇ ਸਿਧਾਂਤ ਅਨੁਸਾਰ ਸਰਕਾਰ ਦਾ ਖਰਚਿਆ ਪੈਸਾ ਮਲਟੀਪਲਾਇਰ ਅਸਰ ਨਾਲ ਕਈ ਗੁਣਾ ਰੁਜ਼ਗਾਰ ਪੈਦਾ ਕਰਦਾ ਹੈ। ਇਸ ਨੁਸਖੇ ਨੂੰ ਲੈਕੇ ਸਰਕਾਰਾਂ ਦੂਜੀ ਸੰਸਾਰ ਜੰਗ ਤੋਂ ਬਾਅਦ ਘਾਟੇਮਈ ਬਜਟ ਬਣਾਉਂਦੀਆਂ ਰਹੀਆਂ। ਕੈਨੇਡਾ ਅਤੇ ਅਮਰੀਕਾ ਵਿੱਚ ਤਾਂ ਇਹ ਗੱਲ ਪਾਲਿਸੀ ਦੇ ਤੌਰ ਤੇ ਸਵੀਕਾਰੀ ਗਈ ਸੀ। ਇਸ ਵਿੱਚ ਸਮੱਸਿਆ ਇਹ ਹੈ ਕਿ ਉਤਪਾਦਨ ਦੇ ਸੈਕਟਰ ਤੋਂ ਬਾਹਰ (ਜਿਵੇਂ ਕਿ ਸਰਕਾਰੀ ਦਫ਼ਤਰਾਂ ਤੇ) ਲਾਈ ਪੂੰਜੀ ਇਨਫਲੇਸ਼ਨਰੀ ਹੁੰਦੀ ਹੈ ਜੋ ਕੀਮਤਾਂ ਵਿੱਚ ਵਾਧਾ ਕਰਦੀ ਹੈ ਅਤੇ ਵਿਆਜ ਦੇ ਦਰ ਨੂੰ ਉਤਾਂਹ ਧੱਕਦੀ ਹੈ। ਇਸ ਰਹੱਸ ਦਾ ਪਤਾ ਤਾਂ ਐਡਮ ਸਮਿੱਥ ਨੂੰ ਗਹੁ ਨਾਲ ਪੜ੍ਹਿਆਂ ਹੀ ਲੱਗ ਸਕਦਾ ਸੀ ਪਰ ਸਿਰਫ ਸਿਧਾਂਤਕ ਪੱਧਰ ਤੇ ਇਸ ਗੱਲ ਦਾ ਪੱਛਮੀ ਅਰਥ ਸ਼ਾਸਤਰੀਆਂ ਨੂੰ ਨਹੀਂ ਪਤਾ ਲੱਗਾ, ਬਾਵਜੂਦ ਇਸ ਗੱਲ ਦੇ ਕਿ ਖਰਚਵਾਦੀਆਂ (ਫਿਸਕਾਲਿਸਟਸ) ਅਤੇ ਮੁਦਰਾਵਾਦੀਆਂ (ਮੌਨਾਟਰਿਸਟਸ) ਵਿੱਚਕਾਰ ਲੰਬਾ ਸਮਾਂ ਬਹਿਸ ਚੱਲਦੀ ਰਹੀ ਹੈ। ਇਸ ਬਹਿਸ ਦੌਰਾਨ, ਸਰਕਾਰੀ ਖਰਚਵਾਦੀ ਪਾਲਿਸੀਆਂ ਚਲਦੀਆਂ ਰਹੀਆਂ। ਸ਼ਾਇਦ ਇਸਦਾ ਕਾਰਨ ਕੇਅਨਜ਼ੀਅਨ ਸਿਧਾਂਤਾਂ ਦੇ ਨਾਲ ਨਾਲ ਸਰਕਾਰਾਂ ਦਾ, ਬੇਗਾਨੇ ਪੈਸੇ ਨਾਲ ਫਜ਼ੂਲ-ਖਰਚੀ ਕਰਨ ਦਾ, ਆਪਣਾ ਚਰਿਤਰ ਵੀ ਸੀ। ਪਰ ਨਤੀਜ਼ਾ ਇਹ ਹੋਇਆ ਕਿ ਤਕਰੀਬਨ ਸੱਭ ਸਰਕਾਰਾਂ ਤੇ ਬੇਹੱਦ ਕਰਜ਼ੇ ਚੜ੍ਹ ਗਏ। 1990 ਤੱਕ ਬਹੁਤੀਆਂ ਸਰਕਾਰਾਂ ਉੱਤੇ ਇੰਨਾਂ ਕਰਜ਼ਾ ਸੀ ਕਿ ਸਿਰਫ ਕਰਜ਼ੇ ਦਾ ਵਿਆਜ ਹੀ ਬਜਟ ਨੂੰ ਘਾਟੇਮਈ ਕਰਨ ਲਈ ਕਾਫੀ ਸੀ। ਹੁਣ ਸਰਕਾਰਾਂ ਦੇ ਖਰਚਿਆਂ ਤੇ ਰੋਕ ਲਾਈ ਗਈ ਹੈ। ਹੁਣ ਸਰਕਾਰੀ ਖਰਚੇ, ਰੁਜ਼ਗਾਰ (ਨੌਕਰੀਆਂ) ਪੈਦਾ ਕਰਨ ਦੀ ਥਾਂ ਇਸਨੂੰ ਘਟਾ ਰਹੇ ਸਨ। ਜਦੋਂ ਤੋਂ ਸਰਕਾਰਾਂ ਦੇ ਖਰਚਿਆਂ ਤੇ ਰੋਕ ਲਾਈ ਗਈ ਹੈ ਅਤੇ ਘਾਟੇਮਈ ਬਜਟ ਘਟਾਏ ਗਏ ਹਨ ਉਦੋਂ ਤੋਂ ਵਿਆਜ ਦੇ ਦਰ ਡਿਗ ਪਏ ਹਨ ਅਤੇ ਮਹਿੰਗਾਈ ਦੇ ਦਰ ਸਿਫ਼ਰ ਦੇ ਨੇੜੇ ਆ ਗਏ ਹਨ। ਬਹੁਤੇ ਰਾਜਾਂ ਵਿਚ ਕਾਨੂੰਨ ਬਣਾਏ ਜਾ ਰਹੇ ਹਨ ਕਿ ਸਰਕਾਰ ਘਾਟੇਮਈ ਬਜਟ ਬਣਾ ਹੀ ਨਹੀਂ ਸਕਦੀ। ਇਹ ਕਾਨੂੰਨ ਕੇਅਨਜ਼ੀਅਨ ਦੌਰ ਦੇ ਅੰਤ ਦੇ ਪ੍ਰੀਤਕ ਹਨ।

ਕੇਅਨਜ਼ ਦੇ ਸਿਧਾਂਤ ਕਿਰਤ ਦੀ ਸਾਰਥਕ ਤੇ ਨਿਰਾਰਥਕ ਵਰਤੋਂ ਦਾ ਫ਼ਰਕ ਨਹੀਂ ਕਰਦੇ। ਕੇਅਨਜ਼ ਕਹਿੰਦਾ ਹੈ," Ancient Egypt was doubly fortunate, and doubtless owed to this its fabled wealth, in that it possessed two activities, namely pyramid-building as well as the search for precious metals, the fruits of which, since they could not serve the needs of many by being con sumed, did not stale with abundance. Middle Ages built cathedrals and sang dirges. Two pyramids, two masses of the dead, are twice as good as one, but not so two railways from London to York." ਕੀ ਉਸ ਸਮਾਜ ਵਿੱ ਜਿੱਥੇ ਲੋਕ ਗਰੀਬੀ ਵਿੱਚ ਰਹਿ ਹੋਣ ਅਤੇ ਸੈਕੜੇ ਹੋਰ. ਕਰਨ ਵਾਲੇ ਜ਼ਰੂਰੀ, ਕੰਮ ਰਹਿੰਦੇ ਹੋਣ ਉੱਥੇ, ਨ



ਵੇਚੀ ਅਤੇ ਨਾ ਵਰਤੀ ਜਾਣ ਵਾਲੀ ਚੀਜ਼ ਬਣਾਉਣਾ, ਦੌਲਤ ਪੈਦਾ ਕਰਦਾ ਹੈ?

ਅਜੀਬ ਗੱਲ ਇਹ ਹੈ ਕਿ ਪੱਛਮ ਦੇ ਵਿਦਵਾਨਾਂ ਨੂੰ ਇਹ ਗੱਲ ਸਮਝ ਨਹੀਂ ਆ ਸਕੀ ਕਿ ਕੇਅਨਜ਼ੀਅਨ ਪਾਲਿਸੀਆਂ ਇਨਫ਼ਲੇਸ਼ਨ ਕਿਉਂ ਪੈਦਾ ਕਰਦੀਆਂ ਹਨ। ਨੋਬਲ ਇਨਾਮ ਜੇਤੂ ਸੈਮੂਅਲਸਨ ਹੈਰਾਨ ਸੀ ਕਿ ਇੰਜ ਕਿਉਂ ਹੋ ਰਿਹਾ ਹੈ। ਪਰ ਉਹ ਹੈਰਾਨ ਹੁੰਦਾ ਵੀ ਕਿਉਂ ਨਾ? ਕਿਉਂਕਿ ਉਹ, ਉਸ ਰਾਹੀ ਲਿਖੀ ਟੈਕਸਟ ਬੁੱਕ ਵਿੱਚ, 70 ਵਿਆਂ ਵਿੱਚ ਆਈ ਮਹਿੰਗਾਈ ਬਾਰੇ ਕਬੂਲ ਕਰਦਾ ਹੈ ਕਿ ਇਹ ਅਰਥ ਵਿਗਿਆਨ ਦੀ ਸਮਝ ਦੇ ਦਾਇਰੇ ਤੋਂ ਬਾਹਰ ਹੈ, "In the current state of knowledge about the modern mixed economy, no jury of competent economists can reach broad agreement on whether, when or how to recomend an income policy." ਬਿਨਾਂ ਪੂਰਨ ਰੁਜ਼ਗਾਰ ਦੇ ਹੋਣ ਤੋਂ ਕੀਮਤਾਂ ਦਾ ਵਧਣਾ ਉਸਦੀ ਸਮਝ ਵਿੱਚ ਨਹੀਂ ਆ ਰਿਹਾ। ਇਸ ਵਿਦਵਾਨ ਦੀ ਕਿਤਾਬ ਦੁਨੀਆਂ ਭਰ ਵਿਚ ਟੈਕਸਟ ਬੁੱਕ ਦੇ ਤੌਰ ਤੇ ਪੜ੍ਹਾਈ ਗਈ ਹੈ ਅਤੇ ਇਹ ਨੋਬਲ ਇਨਾਮ ਜੇਤੂ ਹੈ। ਇਸੇ ਹਾਲਤ ਬਾਰੇ ਜੌਹਨ ਕੈਨੇਥ ਗਾਲਬਰੇਥ ਦੀ ਸਿਫਾਰਸ਼ ਸੀ ਕਿ ਕੀਮਤਾਂ ਅਤੇ ਉਜਰਤਾਂ ਤੇ ਰੋਕ ਲਾਈ ਜਾਵੇ। ਗੈਲਬਰੇਥ ਦਾ ਇਹ ਤਰੀਕਾ 70ਵਿਆਂ ਵਿੱਚ, ਸਣੇ ਕਨੈਡਾ ਦੇ, ਕਈ ਮੁਲਕਾਂ ਵਿੱਚ ਵਰਤਿਆਂ ਗਿਆ ਸੀ। ਅਤੇ ਇਹ ਕਹਿਣ ਦੀ ਲੋੜ ਨਹੀਂ ਕਿ ਨਤੀਜੇ ਬਿਲਕੁਲ ਫ਼ਜ਼ੂਲ ਅਤੇ ਨਕਾਰਾ ਸਨ। ਇਹ ਹੈ ਹਾਲਤ ਪੱਛਮੀ ਅਰਥ ਵਿਗਿਆਨ ਦੀ। ਕਿਸੇ ਨੇ ਵੀ ਸਾਰਥਕ ਤੇ ਨਿਰਾਰਥਕ ਚੀਜ਼ਾਂ ਪੈਦਾ ਕਰਨ ਤੇ ਖਰਚੀ ਕਿਰਤ ਅਤੇ ਵਸੀਲਿਆਂ ਨੂੰ ਜ਼ੁਮੇਵਾਰ ਨਹੀਂ ਠਹਿਰਾਇਆ।

ਕੇਅਨਜ਼ ਦੇ ਸਿਧਾਂਤਾਂ ਨੂੰ ਸਰਮਾਏਦਾਰੀ ਦੀ ਸੰਜੀਵਨੀ ਬੂਟੀ ਸਮਝਣ ਬਾਰੇ ਪ੍ਰੀਤਮ ਸਿੰਘ ਨੇ ਜ਼ਰੂਰ ਪੜ੍ਹਿਆ ਹੋਵੇਗਾ, ਪਰ ਉਹ ਕਿਤਾਬਾਂ ਬਹੁਤ ਦੇਰ ਪਹਿਲਾਂ ਲਿਖਿਆਂ ਗਈਆਂ ਸਨ। ਹੁਣ ਬੈਲੈਂਸਡ ਬਜਟ ਨੇ ਪਵਿਤਰ ਗਾਂ ਦਾ ਅਵਤਾਰ ਧਾਰ ਲਿਆ ਹੈ ਅਤੇ ਕੇਅਨਜ਼ ਦਾ ਡੈਫੀਸਿਟ ਬਜਟ ਇੱਕ ਦੋਸ਼ ਬਣ ਕੇ ਰਹਿ ਗਿਆ ਹੈ। ਇਹ ਗੱਲ ਹੁਣ ਅਰਥ ਸ਼ਾਸ਼ਤਰ ਦੀਆਂ ਕਿਤਾਬਾਂ ਵਿੱਚ ਸਿਧਾਂਤ ਬਣ ਕੇ ਆ ਰਹੀ ਹੈ ਤੇ ਕਿਹਾ ਜਾਂਦਾ ਹੈ ਕਿ ਸਰਕਾਰੀ ਕਰਜ਼ਾ ਦੂਜੀ ਇਨਵਾਸਟਮੇਂਟ ਉੱਤੇ ਕਰਾਊਡਿੰਗ ਆਊਟ ਦਾ ਅਸਰ ਕਰਦਾ ਹੈ। ਬਰਿਟਿਸ਼ ਲੇਬਰ ਪਾਰਟੀ ਵੀ ਹੁਣ ਇਹ ਕਹਿਣ ਲਗ ਪਈ ਹੈ ਕਿ ਕੇਅਨਜ਼ ਦੇ ਸਿਧਾਂਤ ਇਕ ਮੁਲਕ ਵਿਚ ਲਾਗੂ ਨਹੀਂ ਕੀਤੇ ਜਾ ਸਕਦੇ। ਪ੍ਰੀਤਮ ਸਿੰਘ ਹੋਰਾਂ ਨੂੰ ਕੇਅਨਜ਼ ਦੇ ਪੈਗੰਬਰ ਹੋਣ ਬਾਰੇ ਰਾਏ ਬਦਲ ਲੈਣੀ ਚਾਹੀਦੀ ਹੈ ਅਤੇ ਦੂਰ-ਪੂਰਬੀ ਮੁਲਕਾਂ ਦੇ ਮੌਜੂਦਾ ਸੰਕਟ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਮੰਦਵਾੜੇ ਸਰਮਾਏਦਾਰੀ ਦਾ ਅਜੇ ਵੀ ਓਨਾ ਹੀ ਭਿਆਨਕ ਸੱਚ ਹਨ ਜਿੰਨਾਂ ਮਾਰਕਸ ਵੇਲੇ। ਕੇਅਨਜ਼ ਦੇ ਸਿਧਾਂਤ ਬਾਰੇ ਪ੍ਰੀਤਮ ਸਿੰਘ ਦਾ ਨਜ਼ਰੀਆ ਵੀ Argumentum ad ignorantiam ਦਾ ਸ਼ਿਕਾਰ ਹੈ।

ਸਰਮਾਏਦਾਰੀ ਦੇ ਉਤਪਾਦਕਤਾ ਦੇ ਵਾਧੇ ਨੂੰ ਪ੍ਰਬੰਧਕੀ ਕ੍ਰਾਂਤੀ ਦਾ ਨਾਂ ਦੇਣਾ ਸਰਾਸਰ ਗਲਤ ਹੈ ਕਿਉਂਕਿ ਉਤਪਾਦਕਤਾ ਦਾ ਵਾਧਾ ਤਕਨਾਲੋਜੀ ਦਾ ਵਾਧਾ ਹੈ ਅਤੇ ਇਸਦਾ ਆਰਥਕ ਕਾਰਨ ਮੰਡੀ ਵਿਚ ਮੁਕਾਬਲਾ ਹੈ। ਪੰਜਾਬ ਦੀ ਖੇਤੀ ਵਿਚ ਜੋ ਉਤਪਾਦਕਤਾ ਦਾ ਵਾਧਾ ਹੋਇਆ ਹੈ ਉਸਨੇ ਪੱਛਮੀ ਵਿਦਵਾਨਾਂ ਨੂੰ ਗਲਤ ਸਾਬਤ ਕਰ ਕੇ ਰੱਖ ਦਿੱਤਾ ਹੈ, ਖਾਸ ਕਰ ਕਲੱਬ ਆਫ ਰੋਮ ਵਰਗੀਆਂ ਸੰਸਥਾਵਾਂ ਦੇ ਵਿਦਵਾਨਾਂ ਨੂੰ ਜੋ ਸਤਰਵਿਆਂ ਵਿਚ ਹਿੰਦੁਸਤਾਨ ਵਿਚ ਅਕਾਲ ਅਤੇ ਭੋਖੜੇ ਦੀਆਂ ਭਵਿੱਖਬਾਣੀਆਂ ਕਰਦੇ ਸਨ। ਪੰਜਾਬ ਦੇ ਕਿਸਾਨਾਂ ਨੇ ਕਿਸੇ ਹਾਰਵਰਡ ਵਿਚ ਮੈਨੇਜਮੈਂਟ ਦੇ ਕੋਰਸ ਨਹੀਂ ਕੀਤੇ ਅਤੇ ਨਾ ਹੀ ਮੈਨੇਜਰ ਰੱਖੇ ਸਨ। ਪੰਜਾਬ ਵਿਚ ਜ਼ਰਾਇਤੀ ਉਤਪਾਦਕਤਾ ਦਾ ਵਿਕਾਸ, ਹਿੰਦੁਸਤਾਨ ਦੀ ਕੇਂਦਰੀ ਸਰਕਾਰ ਦੀਆਂ ਗਲਤ ਆਰਥਕ ਪਾਲਿਸੀਆਂ ਦੇ ਅਤੇ ਅੱਤਵਾਦ ਦੀ ਸਮੱਸਿਆ ਦੇ, ਬਾਵਜੂਦ ਹੋਇਆ ਹੈ। ਪੰਜਾਬੀ ਕਿਸਾਨ ਉਤਪਾਦਕਤਾ ਦੇ ਵਿਕਾਸ ਦੇ ਇਸ ਚੱਕਰ ਵਿਚ ਫਸ ਚੁੱਕੇ ਹਨ ਤੇ ਉਹਨਾਂ ਦੇ ਮੁਨਾਫੇ ਨੂੰ ਕਾਇਮ ਰੱਖਣ ਲਈ ਹੁਣ ਉਤਪਾਦਕਤਾ ਦਾ ਲਗਾਤਾਰ ਵਾਧਾ ਜ਼ਰੂਰੀ ਹੈ ਅਤੇ ਵਧਦੀ ਉਤਪਾਦਕਤਾ ਛੋਟੇ ਪਰਿਵਾਰਕ ਫਾਰਮ ਦੀ ਮੌਤ ਦਾ ਕਾਰਨ ਬਣ ਰਹੀ

ਹੈ ਅਤੇ ਇਹ ਪ੍ਰਕ੍ਰਿਆ ਨੇੜ ਭਵਿਖ ਵਿਚ ਹੋਰ ਵੀ ਤੇਜ਼ ਹੋ ਜਾਵੇਗੀ।

ਜਦੋਂ 70ਵਿਆਂ ਦੇ ਊਰਜਾ ਸੰਕਟ ਵਿਚੋਂ ਜਪਾਨ ਇਕ ਸਨਅਤੀ ਤਾਕਤ ਦੇ ਤੌਰ ਤੇ ਨਿਕਲਿਆ ਤਾਂ ਅਮਰੀਕਨ ਸੋਫਿਸਟ ਜਪਾਨ ਦੀ ਕਲਚਰ ਅਤੇ ਜਪਾਨੀਆਂ ਦੇ ਮੈਨੇਜਮੈਂਟ ਦੇ ਤਰੀਕੇ ਨੂੰ ਇਸ ਦਾ ਕਾਰਨ ਦਰਸਾ ਰਹੇ ਸਨ। ਅਸੀਂ ਉਹਨਾਂ ਦੀ ਸਮਝ ਦੇ ਪੇਤਲੇਪਨ ਤੇ ਹੈਰਾਨ ਹੁੰਦੇ ਸਾਂ। ਅਸਲ ਕਾਰਨ ਸੀ ਕਿ ਊਰਜਾ ਦੇ ਸੰਕਟ ਸਮੇਂ ਜਪਾਨ ਛੋਟੀਆਂ ਕਾਰਾਂ ਦਾ ਨਿਰਮਾਤਾ ਸੀ ਅਤੇ ਪੈਟਰੋਲ ਦੀ ਕਮੀ ਅਤੇ ਮਹਿੰਗਾਈ ਕਾਰਨ ਅਚਾਨਕ ਛੋਟੀਆਂ ਕਾਰਾਂ ਦੀ ਵਿਕਰੀ ਬਹੁਤ ਵਧ ਗਈ। ਜਦੋਂ ਇਸ ਬੂਮ ਨਾਲ ਜਪਾਨੀ ਉਤਪਾਦਨ ਦੀ ਮੰਗ ਜਪਾਨ ਦੀ ਕੌਮੀ ਉਤਪਾਦਕ ਸਮਰੱਥਾ (ਜੋ ਸਮੁੱਚੀ ਕਿਰਤ ਦੀ ਸਮਰਥਾ ਹੀ ਹੁੰਦੀ ਹੈ) ਤੋਂ ਵਧਣ ਨਾਲ ਉਹਨਾਂ ਦੀ ਉਤਪਾਦਕਤਾ, ਕਾਰਾਂ ਦੀ ਸਨਅਤ ਵਿਚ, ਰੋਬਾਟ ਵਰਤਣੇ ਸ਼ੁਰੂ ਕਰ ਦਿੱਤੇ। ਇਸ ਨਾਲ ਉਹਨਾਂ ਦੀ ਉਤਪਾਦਕਤਾ, ਕਾਰਾਂ ਦੀ ਸਨਅਤ ਵਿਚ, ਅਮਰੀਕਾ ਨਾਲੋਂ ਵਧ ਗਈ। ਪਰ ਅਮਰੀਕਨਾ ਨੂੰ ਇਸ ਅਸਲ ਕਾਰਨ ਦਾ ਪਤਾ ਲੱਗਣ ਨੂੰ ਘਟੋ ਘੱਟ ਦਸ ਸਾਲ ਲੱਗੇ। ਹੁਣ ਅਮਰੀਕਾ ਦੀ ਸਾਰੀ ਕਾਰ-ਸਨਅਤ ਵਿਚ ਉਹੋ ਜਹੇ ਰੋਬਾਟ ਕੰਮ ਕਰ ਰਹੇ ਹਨ ਅਤੇ ਅਮਰੀਕਾ ਜਪਾਨ ਤੋਂ ਕਾਰਾਂ ਦੇ ਉਤਪਾਦਨ ਦੀ ਲੀਡਰਸ਼ਿੱਪ ਵਾਪਿਸ ਲੈ ਰਿਹਾ ਹੈ।

ਜੇ ਸਾਰੇ ਮੈਨੇਜਰ ਕੰਮ ਤੋਂ ਕੱਢ ਦਿੱਤੇ ਜਾਣ (80ਵਿਆਂ ਵਿਚ ਬਹੁਤ ਸਾਰੇ ਕੱਢੇ ਵੀ ਗਏ ਸਨ) ਤਾਂ ਵੀ ਅਮਰੀਕਨ ਸਭਿਅਤਾ ਚਲਦੀ ਰਹੇਗੀ, ਪਰ ਜੇ ਇਸ ਵਿਚੋਂ ਬਿਜਲੀ, ਲੋਹਾ, ਜਾਂ ਪਹੀਆ ਕੱਢ ਦਿੱਤੇ ਜਾਣ ਤਾਂ ਇਕ ਦਮ ਖਤਮ ਹੋ ਜਾਵੇਗੀ। ਪਹੀਆ ਕੱਢਣ ਨਾਲ ਕੋਈ ਵੀ ਆਧੁਨਿਕ (ਹੁਣ ਸ਼ਾਇਦ ਆਧੁਨਿਕ ਨੂੰ ਉਤਰ-ਆਧੁਨਿਕ ਕਹਿਣਾ ਪਵੇਗਾ) ਸਭਿਅਤਾ ਕੁਝ ਘੰਟਿਆਂ ਵਿਚ ਖਤਮ ਹੋ ਜਾਵੇਗੀ ਅਤੇ ਲੋਕ ਭੁੱਖ ਮਰਨ ਲੱਗ ਪੈਣਗੇ। ਉਤਪਾਦਕਤਾ ਦਾ ਵਾਧਾ ਉਤਪਾਦਨ ਦੇ ਨਾਲ ਹੀ ਸ਼ੁਰੂ ਹੋਇਆ ਸੀ ਅਤੇ ਇਸ ਦੇ ਮੁਕਬਾਲੇ ਤੇ ਮੈਨੇਜਮੈਂਟ ਦਾ ਇਨਕਲਾਬ ਇਕ ਮਖੌਲ ਹੈ। ਉਤਪਾਦਕਤਾ ਦਾ ਜੋ ਵਾਧਾ ਸਟੀਮ ਇੰਜਨ ਨਾਲ ਹੋਇਆ ਸੀ ਉਹ ਅਜੇ ਤੱਕ ਅਤੁੱਲ ਹੈ। ਇਸ ਵਾਧੇ ਨਾਲ ਸਰਮਾਇਦਾਰੀ ਨਿਜ਼ਾਮ ਦੀ ਅਸਲ ਸ਼ੁਰੂਆਤ ਹੋਈ ਸੀ। ਪਰ ਹੁਣ ਮਸਨੂਈ ਬੁੱਧੀ ਨਾਲ ਜੋ ਵਾਧੇ ਹੋ ਰਹੇ ਹਨ ਉਸਦਾ ਸਿਹਰਾ ਮੈਨੇਜਮੈਂਟ ਦੇ ਸਿਰ ਦੇਣਾ ਸਰਾਸਰ ਗਲਤ ਹੈ। ਮਸਨੂਈ ਬੁੱਧੀ ਵਿਚ ਭਵਿੱਖ ਦੇ ਨਿਜ਼ਾਮ ਦਾ ਬੀਜ ਪਿਆ ਹੈ ਕਿਉਂਕਿ ਇਹ ਸਰਮਾਇਦਾਰੀ ਦੇ ਇਕ ਧੁਰੇ, ਕਿਰਤ ਨੂੰ, ਉਤਪਾਦਨ ਵਿਚੋਂ ਕੱਢ ਕੇ ਸਰਮਾਇਦਾਰੀ ਤੋਂ ਅਗਲੇ ਸਮਾਜ ਦੀ ਨੀਂਹ ਰੱਖ ਸਕਦੀ ਹੈ। ਇਸ ਬਾਰੇ ਅਸੀਂ ਇਸ ਲੇਖ ਦੇ ਦੂਜੇ ਹਿੱਸੇ ਵਿਚ ਗੱਲ ਕਰਾਂਗੇ ਜਦੋਂ ਅਸੀਂ ਸਰਮਾਇਦਾਰੀ ਦੇ ਅੰਤ ਬਾਰੇ ਵਿਚਾਰ ਕਰਾਂਗੇ। ਪਰ ਮੈਨੇਜਰ ਇਸ ਇਤਿਹਾਸਕ ਵਿਕਾਸ ਦੇ ਜ਼ੁੰਮੇਵਾਰ ਨਹੀਂ ਸਗੋਂ ਉਤਪਾਦਨ ਦੇ ਸਾਧਨਾਂ ਦਾ ਵਿਕਾਸ ਤੇ ਵਧਦੀ ਅਬਾਦੀ ਨਾਲ ਵਧਦੀ ਗਲੋਬਲ ਮੰਗ ਹੈ। ਮੈਨੇਜਰ ਨੂੰ ਇਤਿਹਾਸਕ ਵਿਕਾਸ ਦਾ ਪੈਰੋਕਾਰ ਬਣਾਉਣਾ ਸੋਫਿਸਟਰੀ ਹੈ ਤੇ Argumentum ad ignorantiam ਹੈ।

ਸੋਵੀਅਤ ਸੰਘ ਵਿਚ ਉਤਪਾਦਕਤਾ ਦੀ ਸਮੱਸਿਆ ਬਾਰੇ ਪ੍ਰੀਤਮ ਸਿੰਘ ਦੀ ਗੱਲ ਦਰੁਸਤ ਹੈ ਪਰ ਸਮੱਸਿਆ ਦਾ ਬਿਆਨ ਉਸਦੇ ਕਾਰਨ ਦੀ ਵਿਆਖਿਆ ਨਹੀਂ ਹੈ। ਸਵਾਲ ਤਾਂ ਇਹ ਹੈ ਕਿ ਕੀ ਸੋਵੀਅਤ ਯੂਨੀਅਨ ਵਰਗੇ ਨਿਜ਼ਾਮ ਵਿਚ ਉਤਪਾਦਕਤਾ ਵਧਾਈ ਜਾ ਸਕਦੀ ਹੈ ਕਿ ਨਹੀਂ? ਬਹੁਤੇ ਲੋਕਾ ਵਾਂਗ ਪ੍ਰੀਤਮ ਸਿੰਘ ਨੇ ਇਹ ਲਾਈਨ ਲਈ ਹੈ ਕਿ ਨਿਜੀ ਨੁਕਸਾਨ ਦੀ ਸੰਭਾਵਨਾ ਨਾ ਹੋਣ ਕਾਰਨ, ਉਥੇ ਉਤਪਾਦਕਤਾ ਦਾ ਵਾਧਾ ਸੰਭਵ ਨਹੀਂ ਸੀ। ਭਾਵੇਂ ਇਹ ਗੱਲ ਵੀ ਇਕ ਅੰਸ਼ ਹੈ ਪਰ ਜੇ ਪੱਛਮ ਵਿਚ ਮੈਨੇਜਰ ਕਿਸੇ ਹੋਰ ਦੀ ਪੂੰਜੀ ਨਾਲ ਬਿਜ਼ਨਸ ਚਲਾ ਸਕਦਾ ਹੈ ਤਾਂ ਸਮਾਜਵਾਦੀ ਮੈਨੇਜਰ ਸਟੇਟ ਦੀ ਪੂੰਜੀ ਨਾਲ ਕਿਉਂ ਨਹੀਂ ਚਲਾ ਸਕਦਾ? ਜਿਵੇਂ ਉਤੇ ਅਸੀਂ ਗੱਲ ਕੀਤੀ ਹੈ ਕਿ ਉਤਪਾਦਕਤਾ ਵਧਾਉਣ ਲਈ ਮਜ਼ਦੂਰ ਹਟਾ ਕੇ ਮਸ਼ੀਨਰੀ ਲਾਉਣੀ ਪੈਂਦੀ ਹੈ। ਪਰ ਸਮਾਜਵਾਦੀ ਢਾਂਚੇ ਵਿਚ ਪੂਰਨ ਰੁਜ਼ਗਾਰ (Full employment) ਦੀ ਪਾਲਿਸੀ ਲਾਗੂ ਕੀਤੀ ਗਈ ਸੀ ਜੋ ਸ੍ਵੈਚਾਲਕਤਾ ਨਾਲ ਸਿਆਸੀ ਅਤੇ ਤਕਨੀਕੀ ਦਵੰਦ ਰੱਖਦੀ ਹੈ। ਇਸ ਲਈ ਉਤਪਾਦਕਤਾ ਦਾ ਵਾਧਾ ਸਿਧਾਂਤਕ ਤੌਰ ਤੇ ਸੰਭਵ ਹੋਣ ਦੇ ਬਾਵਜੂਦ ਵੀ, ਸਿਆਸੀ ਤੌਰ ਤੇ ਅਸੰਭਵ ਕਰ ਦਿੱਤਾ ਗਿਆ ਸੀ। ਕੌਮੀ ਉਤਪਾਦਕਤਾ



ਵਧਾਉਣ ਲਈ ਹਰ ਸਨਅਤ ਵਿਚੋਂ ਕਾਮਿਆਂ ਦਾ ਘਟਾਏ ਜਾਣਾ ਜ਼ਰੂਰੀ ਹੈ। ਸਭ ਤਰ੍ਹਾਂ ਦੇ ਸਮਾਜਵਾਦੀਆਂ ਨੂੰ ਭੁਲੇਖਾ ਹੈ ਕਿ ਇਸ ਨਾਲ ਬੇਰੁਜ਼ਗਾਰੀ ਵਧਦੀ ਹੈ। ਇਹੋ ਜਹੀ ਪਾਲਿਸੀ ਦੇ ਵਿਰੁੱਧ ਪੱਛਮ ਵਿਚ ਵੀ ਟਰੇਡ ਯੂਨੀਅਨਾਂ ਸਭ ਤੋਂ ਪਿਛਾਂਹ ਖਿੱਚੂ ਰੋਲ ਨਿਭਾਹ ਰਹੀਆਂ ਹਨ ਅਤੇ ਸਾਰੀ ਖੱਬੇ ਪੱਖੀ ਸਿਆਸਤ ਇਸ ਮਸਲੇ ਵਿੱਚ ਪਿਛਾਂਹ ਖਿੱਚੂ ਹੈ। (ਪਰ ਹੁਣੇ ਜਹੇ ਇੰਗਲੈਂਡ ਦੀ ਲੇਬਰ ਪਾਰਟੀ ਦੇ ਟੋਨੀ ਬਲੇਅਰ ਨੇ ਇਸ ਰਵਾਇਤੀ ਸਿਆਸਤ ਤੋਂ ਥੋੜ੍ਹਾ ਪਰੇ ਜਹੇ ਹਟ ਕੇ ਚੋਣਾਂ ਜਿੱਤੀਆਂ ਸਨ।) ਸੋ ਇਹ ਸਵਾਲ ਅਸੰਭਵਤਾ ਦਾ ਨਹੀਂ ਜਿੰਨਾਂ ਮਾਰਕਸ ਤੋਂ ਬਾਅਦ ਵਿਚ ਆਏ ਸਮਾਜਵਾਦੀ ਸਿਆਸਤਦਾਨਾਂ ਵੱਲੋਂ ਆਰਥਿਕ ਨਿਯਮਾਂ ਦੀ ਅਗਿਆਨਤਾ ਦਾ ਹੈ। ਹੈਰਾਨੀਜਨਕ ਗੱਲ ਹੈ ਕਿ ਆਰਥਿਕਤਾ ਨੂੰ ਸਾਰੇ ਸਮਾਜਕ ਵਰਤਾਰੇ ਦਾ ਧੁਰਾ ਮੰਨਣ ਵਾਲੇ ਲੋਕ ਹੀ, ਸਿਰਫ਼ ਸਿਆਸੀ ਦਿਆਲੂਪੁਣੇ 'ਚੋਂ ਸਮਾਜ ਦਾ ਕਲਿਆਣ ਭਾਲਦੇ ਰਹੇ। ਕੈਨੇਡਾ ਦੀ ਐਨ.ਡੀ.ਪੀ., ਜੋ ਇੱਕ ਜਮਹੂਰੀ ਸਮਾਜਵਾਦੀ ਪਾਰਟੀ ਹੈ, ਵੀ ਇਸ ਗੱਲ ਦੀ ਸ਼ਿਕਾਰ ਹੈ। ਇਸ ਵਿਸ਼ੇ ਬਾਰੇ ਮੈਂ ਬਰੂਸ ਰਾਲਸਟਨ ਨਾਲ ਗੱਲ ਕੀਤੀ, ਜੋ ਕਿ ਪੇਸ਼ੇ ਵੱਲੋਂ ਵਕੀਲ ਹੈ ਅਤੇ ਐਨ.ਡੀ.ਪੀ. ਦਾ ਬੀ ਸੀ ਦਾ ਪ੍ਰਧਾਨ ਹੈ, ਤਾਂ ਉਸ ਦਾ ਇਤਰਾਜ਼ ਸੀ ਕਿ ਉਤਪਾਦਕਤਾ ਵਧਣ ਨਾਲ ਬੇਰੁਜ਼ਗਾਰੀ ਫੈਲਦੀ ਹੈ। ਪਰ ਸਬੂਤ ਇਸ ਦੇ ਉਲਟ ਹਨ। ਪੂਰਨ ਰੁਜ਼ਗਾਰ ਅਤੇ ਬੇਰੁਜ਼ਗਾਰੀ ਬਾਰੇ ਖੱਬੇ ਪੱਖੀ ਸਿਆਸਤ ਵਿਚ ਬਹੁਤ ਘਾਤਕ ਕਿਸਮ ਦੀਆਂ ਗਲਤ ਫ਼ਹਿਮੀਆਂ ਹਨ ਜੋ ਇਸ ਸਿਆਸਤ ਨੂੰ ਨਕਾਰਾ ਬਣਾ ਚੁੱਕੀਆਂ ਹਨ। ਹੋਰ ਵੀ ਕਾਰਨ ਹਨ ਜਿਨ੍ਹਾਂ ਕਰਕੇ ਉਤਪਾਦਕਤਾ, ਹਰ ਸਮਾਜਵਾਦੀ ਮੁਲਕ ਜਾਂ ਅਦਾਰੇ ਵਿਚ, ਵਧਣ ਦੀ ਥਾਂ ਘਟਣ ਲੱਗ ਪੈਂਦੀ ਹੈ। ਮੈਂ ਇਸ ਨੂੰ ਉਤਪਾਦਕਤਾ ਦਾ ਡੈਵੋਲੂਸ਼ਨ ਕਹਿੰਦਾ ਹਾਂ ਅਤੇ ਸਬੂਤਨ ਤੌਰ ਤੇ ਇਹ ਇਤਿਹਾਸਕ ਵਿਕਾਸ ਨੂੰ ਪਿਛੇ ਵਲ ਮੋੜਦਾ ਹੈ। ਸੋ ਸਮਾਜਵਾਦ ਦਾ ਸਾਮਵਾਦ ਵੱਲ ਨਾ ਜਾ ਕੇ ਸਗੋਂ ਸਰਮਾਏਦਾਰੀ ਵੱਲ ਨੂੰ ਮੋੜਾ ਪਾਉਣਾ ਕੋਈ ਅਨੋਖੀ ਗੱਲ ਨਹੀਂ। ਜਿਥੋਂ ਤੱਕ ਭੋਂ, ਕਿਰਤ ਅਤੇ ਪੂੰਜੀ ਦਾ ਸਵਾਲ ਹੈ, ਇਨ੍ਹਾਂ ਦੀ ਕਦਰ ਬਾਰੇ ਕਿੰਤੂ ਕਰਨਾ ਵੀ ਇੱਕ ਅਜੀਬ ਗੱਲ ਹੈ। ਲੋੜ ਤੋਂ ਵਾਧੂ ਪੂੰਜੀ ਲਾ ਕੇ ਮੁਨਾਫਾ ਨਾਂ ਕਦੇ ਪੈਦਾ ਕੀਤਾ ਜਾ ਸਕਦਾ ਸੀ ਤੇ ਨਾ ਕੀਤਾ ਜਾ ਸਕਦਾ ਹੈ। ਇਸ ਬਾਰੇ ਮਾਰਜਨਲ ਯੁਟਿਨਲਟੀ ਦੇ ਨਿਯਮ ਤਾਂ ਹੁਣ ਕਾਫੀ ਪੁਰਾਣੇ ਹੋ ਰਹੇ ਹਨ। ਵਾਧੂ ਭੋਂ ਵਰਤਕੇ ਉਤਪਾਦਨ ਵਧਾਉਣ ਵਿਰੁੱਧ 'ਲਾਅ ਆਫ ਡਿਮਿਨਿਸ਼ਿੰਗ ਰੀਟਰਨਜ਼' ਮਾਲਥੂਸ ਦੇ ਵੇਲੇ ਤੋਂ ਚਲਦਾ ਆ ਰਿਹਾ ਹੈ। ਵਾਧੂ ਕਿਰਤ ਲਾ ਕੇ ਉਤਪਾਦਨ ਵਧਾਉਣਾ ਡੈਵੂਲੁਸ਼ਨ ਹੈ ਜਿਸ ਦੇ ਹਮੇਸ਼ਾਂ ਤੋਂ ਨਤੀਜੇ ਕਿਸੇ ਵੀ ਸਭਿਅਤਾ ਲਈ ਘਾਤਕ ਰਹੇ ਹਨ। ਸਵਰਗਵਾਸੀ ਸੋਵੀਅਤ ਯੂਨੀਅਨ ਇਸ ਦੀ ਸਭ ਤੋਂ ਨਾਟਕਮਈ ਮਿਸਾਲ ਹੈ। ਜਦ ਤੱਕ ਅਬਾਦੀ ਵਧਦੀ ਹੈ ਭੋਂ ਦੀ ਕਦਰ ਵਧਦੀ ਰਹੇਗੀ, ਜਦ ਤੱਕ ਕਿਰਤ ਦੀ ਗਿਣਤੀ ਮਿਣਤੀ ਪੈਸੇ ਨਾਲ ਹੁੰਦੀ ਰਹੇਗੀ ਪੂੰਜੀ ਦੀ ਕਦਰ ਕਾਇਮ ਰਹੇਗੀ। ਕਿਰਤ ਦੀ ਕਦਰ ਖਤਮ ਹੁੰਦੇ ਸਾਰ ਮੰਡੀ ਦੀ ਹੋਂਦ ਖਤਮ ਹੋ ਜਾਵੇਗੀ ਕਿਉਂਕਿ ਕਿਰਤ ਦੀ ਕਦਰ ਦੇ ਦੋ ਰੂਪਾਂ ਉਤਪਾਦਨ ਅਤੇ ਵੇਤਨ ਜਾਂ ਕਿਰਤ ਅਤੇ ਕਿਰਤੀ ਦਾ ਮੁੜ ਮਿਲਾਪ ਮੰਡੀ ਵਿਚ ਹੁੰਦਾ ਹੈ। ਪ੍ਰੀਤਮ ਸਿੰਘ ਦਾ ਇਹ ਖਿਆਲ ਅਰਥ ਸ਼ਾਸਤਰ ਦੇ ਪੇਤਲੇ ਗਿਆਨ ਦਾ ਸੂਚਕ ਹੈ ਅਤੇ argumentum ad ignorantiam ਦਾ ਸ਼ਿਕਾਰ ਹੈ।

ਕੱਚੇ ਮਾਲ ਦੀ ਘੱਟ ਲਾਗਤ ਦਾ ਸੰਬੰਧ ਸਰਮਾਇਦਾਰੀ ਦੇ ਕਮਾਲ ਨਾਲ ਨਹੀਂ, ਸਗੋਂ ਤਕਨਾਲੋਜੀ ਦੇ ਕਮਾਲ ਨਾਲ ਹੈ। ਪਹਿਲਾ ਕੰਪਿਊਟਰ ਬਨਾਉਣ ਲਈ ਕਈ ਕਵਿੰਟਲ ਲੋਹਾ ਲੱਗਾ ਸੀ ਤੇ ਹੁਣ ਕੰਪਿਊਟਰ ਵਿਚ ਲੋਹਾ ਲੱਭਣਾ ਮੁਸ਼ਕਿਲ ਹੈ। ਪਹਿਲੇ ਕੰਪਿਊਟਰ ਦੇ ਲੋਹੇ ਨੂੰ ਤਿਆਰ ਕਰਨ ਲਈ ਕਿੰਨਾ ਕੋਲਾ ਬਲਿਆ ਹੋਵੇਗਾ ਪਰ ਹੁਣ ਲੱਖਾਂ ਕੰਪਿਊਟਰ ਬਿਨਾਂ ਕੋਲਾ ਬਾਲੇ ਬਣ ਰਹੇ ਹਨ। ਪਹਿਲੀਆਂ ਕਾਰਾਂ ਬਿਲਕੁਲ ਲੋਹੇ ਦੀਆਂ ਬਣਦੀਆਂ ਸਨ ਪਰ ਹੁਣ ਬਹੁਤ ਸਾਰੇ ਹਿੱਸਿਆਂ ਵਿਚ ਲੋਹੇ ਦੀ ਥਾਂ ਪਲਾਸਟਿਕ ਨੇ ਲੈ ਲਈ ਹੈ। ਇਹ ਗੱਲ ਜੰਗ ਤੇ ਵੀ ਢੁੱਕਦੀ ਹੈ। ਵੀਅਤਨਾਮ ਦੀ ਲੜਾਈ ਵਿਚ, ਸਰਮਾਇਦਾਰੀ ਤਾਕਤਾਂ ਨੂੰ, ਕਾਰਪਟ ਬਾਂਬਿੰਗ ਕਰਨੀ ਪੈਂਦੀ ਸੀ ਪਰ ਹੁਣ ਇਹ ਸਮਾਰਟ ਬੰਬ ਤੇ ਹਥਿਆਰ ਬਨਾਉਣ ਲੱਗ ਪਏ ਹਨ ਤੇ ਕਿਸੇ ਵੀ ਨਿਸ਼ਾਨੇ ਨੂੰ ਤਬਾਹ ਕਰਨ ਲਈ ਹੁਣ ਬਹੁਤ ਘੱਟ

ਬਾਰੂਦ ਦੀ ਲੋੜ ਪੈਂਦੀ ਹੈ। ਹੁਣ ਹੁਸ਼ਿਆਰ ਗੋਲੀਆਂ ਆਣ ਵਾਲੀਆਂ ਹਨ ਜੋ ਇਕ ਵਾਰ ਨਿਸ਼ਾਨੇ ਵੱਲ ਫਾਇਰ ਕਰਨ ਤੋਂ ਬਾਅਦ ਨਿਸ਼ਾਨੇ ਦੇ ਹਿੱਲਣ ਨਾਲ ਉਸ ਦੇ ਪਿੱਛੇ ਚਲੇ ਜਾਇਆ ਕਰਨਗੀਆਂ ਅਤੇ ਇੰਜ ਖਾਹਮਖਾਹ ਅੰਧਾਧੁੰਦ ਫਾਇਰ ਕਰਨ ਦੀ ਲੋੜ ਨਹੀਂ ਰਹੇਗੀ। ਲੱਗਦਾ ਹੈ ਕਿ ਮਹਾਂ-ਭਾਰਤ ਦੇ ਮਿੱਥ ਹੁਣ ਸਾਕਾਰ ਹੋ ਰਹੇ ਹਨ। ਪਰ ਨੁਕਤਾ ਇਹ ਹੈ ਕਿ ਇਹ ਮੈਨੇਜਰ ਦਾ ਨਹੀਂ ਤਕਨਾਲੋਜੀ ਦਾ ਕਮਾਲ ਹੈ। ਇਸ ਦਾ ਸਿਹਰਾ ਕਿਸੇ ਮੈਨੇਜਰ, ਹੌਲਦਾਰ ਜਾਂ ਮੇਜਰ ਦੇ ਨਹੀਂ ਰੀਸਰਚ ਐਂਜਨੀਅਰਾਂ ਦੇ ਸਿਰ ਦੇਣਾ ਚਾਹੀਦਾ ਹੈ। ਪਰ ਇਹ ਕੋਈ ਨਵੀਂ ਗੱਲ ਨਹੀਂ, ਕਿਉਂਕਿ ਮਿਸਰ ਦੇ ਪੈਰਾਮਿਡ ਤੇ ਭਾਰਤ ਦਾ ਤਾਜ ਮਹੱਲ ਵੀ ਉਸ ਵਕਤ ਦੇ ਐਂਜਨੀਅਰਾਂ ਦਾ ਕਮਾਲ ਸੀ।

ਬਿੱਲ ਗੇਟਸ ਦੀ ਮਾਈਕਰੋਸੌਫਟ ਦਾ ਔਪਰੇਟਿੰਗ ਸਿਸਟਮ, ਓਨਾਂ ਹੀ ਖਿਆਲ ਉੱਤੇ ਨਿਰਭਰ ਸੀ ਜਿਨ੍ਹਾਂ ਐਡੀਸ਼ਨ ਦਾ ਲਾਈਟ ਬਲਬ ਅਤੇ ਦੋਹਵਾਂ ਦੀ ਕਾਮਯਾਬੀ ਦੇ ਰਾਜ਼ ਵੀ ਬੜੇ ਮਿਲਦੇ ਜੁਲਦੇ ਹਨ। ਐਡੀਸ਼ਨ ਦੀ ਸ਼ੁਰੂ ਕੀਤੀ ਜਨਰਲ ਇਲੈਕਟਰਿਕ ਬਿਲ ਗੇਟਸ ਦੀ ਮਾਈਕਰੋਸੌਫਟ ਨਾਲੋਂ ਘੱਟ ਮਹੱਤਵਪੂਰਨ ਕੌਰਪੋਰੇਸ਼ਨ ਨਹੀਂ ਹੈ। ਇਹ ਉਤਰ-ਸਰਮਾਇਦਾਰੀ ਨਹੀਂ ਸਗੋਂ ਘੋਰ ਸਰਮਾਇਦਾਰੀ ਹੈ। ਬੇਹੱਦ ਸਨਅਤਾਂ ਦੀ ਸ਼ੁਰੂਆਤ ਘਾੜਤਕਾਰਾਂ ਦੇ ਦਿਮਾਗਾਂ ਤੋਂ ਹੋਈ ਹੈ। ਡੀਜ਼ਲ, ਇੰਜਣ, ਡਾਕਟਰ ਡੀਜ਼ਲ ਦੇ ਦਿਮਾਗ਼ ਦੀ ਕਾਢ ਸੀ, ਪਰ ਹੁਣ ਇਹ ਇੰਜਣ ਦੁਨੀਆਂ ਦੇ ਹਰ ਕੋਨੇ ਵਿਚ ਖੋਤਿਆਂ ਵਾਂਗ ਭਾਰ ਢੋਅ ਰਹੇ ਹਨ। ਇਨ੍ਹਾਂ ਸਨਅਤਾਂ ਦਾ ਵਿਕਾਸ ਸਰਮਾਇਦਾਰੀ ਦੇ ਪੈਰਾਂਡਾਈਮ ਤੋਂ ਬਾਹਰ ਨਹੀਂ ਹੈ। ਹੁਣ ਸੌਫਟਵੇਅਰ ਕੰਪਨੀਆਂ ਇਨ੍ਹਾਂ ਪ੍ਰੋਗਰਾਮਾਂ ਦੇ ਵਿਕਾਸ ਉੱਤੇ ਬਿਲੀਅਨ ਬਿਲੀਅਨ ਡਾਲਰ ਖ਼ਰਚ ਕਰ ਰਹੀਆਂ ਹਨ। ਪੂੰਜੀ ਤੋਂ ਬਿਨਾਂ ਤੇ ਸਿਰਫ ਗਿਆਨ ਨਾਲ ਇਨ੍ਹਾਂ ਦਾ ਮੁਕਾਬਲਾ ਕਰਨਾ ਬਹੁਤ ਮੁਸ਼ਕਿਲ ਹੈ। ਜਾਣਕਾਰੀ ਲਹਿਰ, ਮਸਨੂਈ ਬੁੱਧੀ ਦਾ ਯੁੱਗ ਅਤੇ ਜੀਵ-ਵਿਗਿਆਨਕ ਯੁੱਗ ਬਹੁਤ ਮਹਿੰਗੀ ਕਿਸਮ ਦੀ ਖੋਜ ਉੱਤੇ ਉਤਪਾਦਨ ਦੇ ਸਿਰ 'ਤੇ ਆ ਰਹੇ ਹਨ।

ਪ੍ਰੀਤਮ ਸਿੰਘ ਨੇ ਮਾਰਕਸ ਦੇ ਮੂੰਹ ਵਿੱਚ ਇਕ ਹੋਰ ਆਮ ਗਲਤ ਫਹਿਮੀ ਪਾਈ ਹੈ ਜੋ ਅਸਲ ਵਿਚ ਮਾਰਕਸ ਨੇ ਆਪ ਨਹੀਂ ਕਹੀ। ਪ੍ਰੀਤਮ ਸਿੰਘ ਸੈਮੂਅਲਸਨ ਦਾ ਹਵਾਲਾ ਦੇ ਰਿਹਾ ਹੈ, "ਉਸਦੀ ਇਹ ਧਾਰਨਾ ਕਿ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਜਾਣਗੇ, ਬਰੀਕੀ ਨਾਲ ਕੀਤੀ ਗਈ ਇਤਿਹਾਸਕ ਅਤੇ ਅੰਕੜਾ ਵਿਗਿਆਨਕ ਖੋਜ ਦੇ ਆਧਾਰ 'ਤੇ ਸਹੀ ਸਿੱਧ ਨਹੀਂ ਹੁੰਦੀ। ਯੋਰਪ ਅਤੇ ਅਮਰੀਕਾ ਵਿਚ ਸਪੱਸ਼ਟ ਤੌਰ 'ਤੇ ਅਟੱਲ ਅਤੇ ਲਗਾਤਾਰ ਅਲਪਤਮ ਜੀਵਨ-ਪੱਧਰਾਂ ਵਿਚ ਸੁਧਾਰ ਹੁੰਦਾ ਜਾ ਰਿਹਾ ਹੈ ਭਾਵੇਂ ਇਸ ਨੂੰ ਮਾਪਣ ਲਈ ਅਨਾਜ ਦੀ ਖਪਤ, ਵਸਤਰਾਂ ਦੇ ਪਹਿਨਾਵੇ ਅਤੇ ਭਾਵੇਂ ਰਿਹਾਇਸ਼ੀ ਮਕਾਨਾਂ ਜਾਂ ਜੀਵਨ ਦੀ ਆਸ ਨੂੰ ਹੀ ਮਾਨ-ਮਾਪ ਲਈ ਵਰਤਿਆ ਜਾਵੇ।" ਈ.ਕੇ. ਹੰਟ ਇਸ ਬਾਰੇ ਇਹ ਕਹਿੰਦਾ ਹੈ, "It should be noted that Marx asserted that the labourer would become worse off even if wages increased. It is necessary to stress this point because many writers have interpreted the law of increasing misery as meaning that the volume of material commodities that workers would be able to consume would consistently decline. Although Marx did once make such a statement in his youth, he later changed his mind. We do not find any argument in his mature writings to suggest that he believed wages would continuously decline. On the contrary in Capital he clearly stated that he believed that wages would actually rise as accumulation proceeded."

ਫਿਰ ਮਿਸਟਰ ਹੰਟ ਲਿਖਦਾ ਹੈ, "Threrefore, when Marx wrote" as capital accumulates, the lot of the labourer, be his payment high or low, must grow worse," he definitely was not asserting that wages were going to



decline. He clearly was refering to an increase in alienation and misery." (12)

ਮਾਰਕਸ, ਮਜ਼ਦੂਰ ਦੇ ਵੇਤਨ ਬਾਰੇ ਜੋ ਫਾਰਮੂਲਾ ਦਿੰਦਾ ਹੈ, ਉਸ ਅਨੁਸਾਰ ਮਜ਼ਦੂਰ ਦੀ ਉਤਪਾਦਕਤਾ ਵਧਣ ਨਾਲ ਉਸ ਦਾ ਅਸਲ ਵੇਤਨ ਵੀ ਵਧਦਾ ਹੈ ਜਿਸ ਨਾਲ ਮਜ਼ਦੂਰ ਨੂੰ ਪੈਦਾ ਕਰਨ ਦੀ ਲਾਗਤ ਘਟਦੀ ਹੈ। ਮਾਰਕਸ ਅਨੁਸਾਰ ਮਜ਼ਦੂਰ ਨੂੰ ਜਮਾਤ ਦੇ ਤੌਰ 'ਤੇ ਕਾਇਮ ਰੱਖਣ ਦਾ ਖਰਚਾ ਉਸ ਦੇ ਵੇਤਨ ਦਾ ਅਧਾਰ ਹੈ। ਉਸ ਦਾ ਵੇਤਨ ਦਾ ਸਿਧਾਂਤ ਹੁਣ ਤੱਕ ਲਾਗੂ ਹੁੰਦਾ ਹੈ ਜਿਸ ਵਿਚ ਕਿਸੇ ਹੋਰ ਥਾਂ ਉਹ ਇਹ ਵੀ ਕਹਿੰਦਾ ਹੈ ਕਿ ਕਿਸੇ ਮੁਲਕ ਵਿਚ ਮਜ਼ਦੂਰ ਦੇ ਵੇਤਨ ਵਿਚ ਉਸ ਦਾ ਰਵਾਇਤੀ ਜੀਵਨ ਮਿਆਰ ਵੀ ਅਧਾਰ ਬਣਦਾ ਹੈ। ਇਹ ਗੱਲ ਅਸੀਂ ਦੇਖ ਸਕਦੇ ਹਾਂ ਕਿ ਅਮਰੀਕਨ ਮਜ਼ਦੂਰ ਨੂੰ ਬਰਤਾਨਵੀ ਮਜ਼ਦੂਰ ਨਾਲੋਂ ਤੇ ਬਰਤਾਨਵੀ ਮਜ਼ਦੂਰ ਨੂੰ ਭਾਰਤੀ ਮਜ਼ਦੂਰ ਨਾਲੋਂ ਚੰਗੇਰਾ ਜੀਵਨ ਮਿਆਰ ਦੇ ਕੇ ਕਾਇਮ ਰੱਖਿਆ ਜਾ ਸਕਦਾ ਹੈ। ਮਜ਼ਦੂਰ ਨੂੰ ਕਾਇਮ ਰੱਖੇ ਬਿਨਾਂ ਸਰਮਾਇਦਾਰੀ ਨਿਜ਼ਾਮ ਚੱਲ ਨਹੀਂ ਸਕਦਾ। ਮਜ਼ਦੂਰ ਦੀ ਵਟਾਂਦਰਾ ਕਦਰ, ਔਸਤ ਕੌਮੀ ਉਤਪਾਦਕਤਾ ਉਤੇ ਅਸਰ ਕਰਦੀ ਹੈ ਤੇ ਇਸ ਨੂੰ ਨੀਯਤ ਕਰਨ ਵਿਚ ਮਦਦ ਕਰਦੀ ਹੈ। ਜਿਸ ਦਾ ਭਾਵ ਹੈ ਕਿ ਮਜ਼ਦੂਰ ਦੀ ਵਟਾਂਦਰਾ ਕਦਰ ਅਤੇ ਮਜ਼ਦੂਰੀ ਦੀ ਵਟਾਂਦਰਾ ਕਦਰ ਇਕ ਦੂਜੇ ਨੂੰ ਨੀਯਤ ਕਰਦੀਆਂ ਹਨ। ਇਹ ਨਿਯਮ ਅਜੇ ਅਰਥ ਸ਼ਾਸਤਰ ਦਾ ਹਿੱਸਾ ਨਹੀਂ ਬਣਿਆ ਅਤੇ ਬੜੀ ਡੂੰਘੀ ਖੋਜ ਮੰਗਦਾ ਹੈ।

ਅਮੀਰ ਦੇ ਅਮੀਰ ਹੋਣ ਬਾਰੇ ਅਤੇ ਗਰੀਬ ਦੇ ਗਰੀਬ ਹੋਣ ਬਾਰੇ, ਗੱਲ ਦਾ ਸਿਧਰੀਕਰਨ ਕਰਕੇ ਅਤੇ ਸੰਦਰਵ ਵਿਚੋਂ ਕੱਢ ਕੇ, ਨਾਅਰੇਬਾਜ਼ੀ ਦੀ ਪੱਧਰ 'ਤੇ ਲਿਆਂਦਾ ਗਿਆ ਹੈ। ਘੱਟੋ-ਘੱਟ ਮੈਂ ਅਜੇ ਤੱਕ ਮਾਰਕਸ ਦੀ ਲਿਖਤ ਵਿਚ ਸਾਦਾਪਨ ਨਹੀਂ ਦੇਖਿਆ। ਹਾਂ ਉਸ ਵਿਚ ਮਜ਼ਦੂਰ ਜਮਾਤ ਦੇ ਹੱਕ ਵਿਚ ਝੁਕਾਅ ਜ਼ਰੂਰ ਦਿੱਸਦਾ ਹੈ ਤੇ ਇਸ ਨਾਲ ਉਸ ਦੀ ਸਿਆਸਤ ਵਿਚ ਕੁਝ ਦਵੰਦ ਆਉਂਦੇ ਹਨ ਜੋ ਉਸ ਦੇ ਵਿਗਿਆਨਕ ਪੱਖਾਂ ਵਿਚ ਸਮੱਸਿਆ ਪੈਦਾ ਕਰਦੇ ਹਨ।

ਪਰ ਕੀ ਸਰਮਾਇਦਾਰੀ ਨਿਜ਼ਾਮ ਵਾਕਈ ਸਰਮਾਇਦਾਰੀ ਨਿਜ਼ਾਮ ਰਹਿ ਕੇ ਵਿਕਾਸ ਜਾਰੀ ਰੱਖ ਸਕੇਗਾ? ਇਸ ਬਾਰੇ ਪ੍ਰੀਤਮ ਸਿੰਘ ਨੇ ਕਿਹਾ ਹੈ ਕਿ ਇਹ "ਭਵਿੱਖ ਦਾ ਸਮਾਜ ਸਮਾਜਵਾਦੀ ਨਹੀਂ ਹਵੇਗਾ ਪਰ ਇਹ ਵੀ ਸਪੱਸ਼ਟ ਹੈ ਕਿ ਇਹ ਸਮਾਜ ਰਵਾਇਤੀ ਪੂੰਜੀਵਾਦੀ ਵੀ ਨਹੀਂ ਹੋਵੇਗਾ।" ਕੀ ਇਸ ਦਾ ਮਤਲਬ ਇਹ ਹੈ ਕਿ ਇਹ ਪੂੰਜੀਵਾਦੀ ਵੀ ਹੋਵੇਗਾ ਅਤੇ ਨਹੀਂ ਵੀ ਹੋਵੇਗਾ?

ਸ਼ਾਇਦ ਇਥੇ ਸਮੱਸਿਆ ਪੂੰਜੀਵਾਦ ਦੀ ਪ੍ਰੀਭਾਸ਼ਾ ਦੀ ਹੈ। ਪੀਤਮ ਸਿੰਘ ਨੂੰ ਪੂੰਜੀਵਾਦ ਦੇ ਭਵਿੱਖ ਬਾਰੇ ਇਹੋ ਜਿਹੀ ਗੱਲ ਕਰਨ ਤੋਂ ਪਹਿਲਾਂ ਇਸ ਨੂੰ ਪ੍ਰੀਭਾਸ਼ਤ ਕਰ ਲੈਣਾ ਚਾਹੀਦਾ ਹੈ। ਖੈਰ ਇਹ ਕੰਮ ਅਸੀਂ ਹੁਣ ਕਰ ਲੈਂਦੇ ਹਾਂ ਤੇ ਫਿਰ ਦੇਖਦੇ ਹਾਂ ਕਿ ਅੱਜ ਦਾ ਸਰਮਾਇਦਾਰੀ ਨਿਜ਼ਾਮ ਸਰਮਾਇਦਾਰੀ ਨਿਜ਼ਾਮ ਹੈ ਵੀ ਕਿ ਨਹੀਂ। ਪੂੰਜੀਵਾਦੀ ਨਿਜ਼ਾਮ ਉਹ ਹੈ ਜਿਥੇ ਉਤਪਾਦਨ ਦੇ ਸਾਧਨ ਇੰਨੇ ਵੱਡੇ ਅਤੇ ਮਹਿੰਗੇ ਹੋ ਜਾਂਦੇ ਹਨ ਕਿ ਉਤਪਾਦਨ ਸ਼ੁਰੂ ਕਰਨ ਲਈ ਇੰਨੇ ਪੈਸੇ ਜਾਂ ਪੂੰਜੀ ਦੀ ਲੋੜ ਪੈਂਦੀ ਹੈ ਕਿ ਸਿਰਫ਼ ਪੂੰਜੀਪਤੀ ਹੀ ਇਹ ਕੰਮ ਕਰ ਸਕਦਾ ਹੈ ਤੇ ਇਨ੍ਹਾਂ ਸੰਦਾਂ ਅਤੇ ਸਾਧਨਾਂ ਨੂੰ ਚਲਾਉਣ ਵਾਲਾ ਕਾਮਾ ਆਪ ਨਹੀਂ ਕਰ ਸਕਦਾ ਜਿਵੇਂ ਉਹ ਮੱਧਯੁਗ ਵਿਚ ਕਰਦਾ ਸੀ। ਸੋ ਹੁਣ ਉਹ ਸਿਰਫ ਤਨਖਾਹਦਾਰ ਕਾਮਾ ਹੀ ਰਹਿ ਜਾਂਦਾ ਹੈ। ਇਸ ਪ੍ਰੀਭਾਸ਼ਾ ਤੋਂ ਅਸੀਂ ਦੇਖਦੇ ਹਾਂ ਕਿ ਪੂੰਜੀਪਤੀ ਅਤੇ ਪ੍ਰੋਲੇਤਾਰੀ ਨੂੰ ਪੈਦਾ ਕਰਨ ਵਾਲੇ ਹਾਲਾਤ ਇੱਕ ਹੀ ਹਨ। ਇਸ ਲਈ ਮਾਰਕਸ ਨੇ ਕਿਹਾ ਸੀ ਕਿ ਪੂੰਜੀ ਕਿਰਤ ਨੂੰ ਪੂਰਵਸੰਕਲਪਤ ਕਰਦੀ ਹੈ ਤੇ ਕਿਰਤ ਪੂੰਜੀ ਨੂੰ। ਪਰ ਸਵਾਲ ਇਹ ਹੈ ਕਿ ਕੀ ਹੁਣ ਉਤਪਾਦਨ ਸ਼ੁਰੂ ਕਰਨ ਲਈ ਪੂੰਜੀਪਤੀ ਦੀ ਲੋੜ ਹੈ ਜਾਂ ਨਹੀਂ? ਇਸ ਗੱਲ ਦਾ ਜਵਾਬ ਸਾਫ਼ ਜ਼ਾਹਰ ਹੈ ਤੇ ਕਿਸੇ ਸਬੂਤ ਦੀ ਲੋੜ ਨਹੀਂ ਰੱਖਦਾ ਕਿਉਂਕਿ ਸ੍ਵੈ-ਚਾਲਕ ਮਸ਼ੀਨਾਂ ਦੇ ਆਉਣ ਨਾਲ ਉਤਪਾਦਨ ਦੇ ਸਾਧਨ ਪਹਿਲਾਂ ਨਾਲੋਂ ਵੀ ਬਹੁਤ ਮਹਿੰਗੇ ਹੋ ਰਹੇ ਹਨ। ਹੁਣੇ ਜਹੇ ਪੰਜਾਬ ਵਿਚ ਸੈਲੂਲਰ ਫੋਨ ਸਰਵਿਸ ਸ਼ੁਰੂ ਹੋਈ ਹੈ ਅਤੇ ਫੋਨ ਦਾ ਨਿਰਮਾਣ ਕਰਨ ਵਾਲੀ ਮੋਟੋਰੋਲਾ ਬਹੁਕੌਮੀ ਕੌਰਪੋਰੇਸ਼ਨ ਇਸ ਵਿਚ ਹਿੱਸੇਦਾਰ

ਹੈ ਅਤੇ ਹੋਰ ਹਿੱਸੇਦਾਰ ਵੀ ਵੱਡੇ ਸਰਮਾਏ ਵਾਲੀਆਂ ਕੰਪਨੀਆਂ ਹਨ। ਕਾਰਾਂ ਦੇ ਉਤਪਾਦਨ ਕਰਨ ਵਾਲੀਆਂ ਦਿਉ ਦਾਨੂੰ ਕੰਪਨੀਆਂ ਤੋਂ ਲੈ ਕੇ ਸਧਾਰਨ ਫਾਰਮ ਸ਼ੁਰੂ ਕਰਨ ਲਈ ਅੱਜ ਕੱਲ੍ਹ ਹਮੇਸ਼ਾਂ ਨਾਲੋਂ ਵਧ ਸਰਮਾਏ ਦੀ ਲੋੜ ਹੈ। ਵੈਨਕੂਵਰ ਦੀ ਸਥਾਨਕ ਅਖ਼ਬਾਰ ਨੇ ਸਰੀ ਵਿਚ ਪ੍ਰੈੱਸ ਲਗਾਈ ਹੈ ਜਿਸ ਬਾਰੇ ਉਨ੍ਹਾਂ ਦਾ ਆਪਣਾ ਕਹਿਣਾ ਹੈ ਕਿ ਇਹ ਸ੍ਵੈ-ਚਾਲਕ ਪ੍ਰੈੱਸ ਛੋਟੇ ਮੋਟੇ ਸਮੁੰਦਰੀ ਜਹਾਜ ਜਿੱਡੀ ਹੈ। ਇਹੋ ਜਹੇ ਸੰਦ ਤੇ ਸਾਧਨ ਬਹੁਤ ਮਹਿੰਗੇ ਹਨ ਤੇ ਸਰਮਾਏ ਤੋਂ ਬਿਨਾਂ ਨਹੀਂ ਲੱਗਦੇ। ਸੋ ਸਰਮਾਇਦਾਰੀ ਦੀ ਲੋੜ ਘਟਣ ਦੇ ਕੋਈ ਆਸਾਰ ਅਜੇ ਨਜ਼ਰ ਨਹੀਂ ਆਉਂਦੇ। ਇਸ ਲਈ ਆਰਥਿਕ ਨਿਜ਼ਾਮ ਅਜੇ ਵੀ ਸਰਮਾਇਦਾਰੀ ਹੀ ਹੈ। ਨੇੜ-ਭਵਿੱਖ ਵਿਚ ਇਸ ਦੇ ਬਦਲਣ ਦੇ ਹਾਲਾਤ ਅਜੇ ਨਹੀਂ ਬਣੇ। ਇਸ ਵਿਚ ਕਈ ਤਬਦੀਲੀਆਂ ਤਾਂ ਆਈਆਂ ਹਨ ਪਰ ਇਸ ਦਾ ਬੁਨਿਆਦੀ ਖਾਸਾ ਨਹੀਂ ਬਦਲਿਆ। ਭਵਿੱਖ ਵਿਚ ਕੀ ਹੋਵੇਗਾ? ਇਸ ਬਾਰੇ ਇਹ ਕਹਿਣਾ ਕਿ ਜੋ ਹੈ ਉਹ ਨਹੀਂ ਹੋਵੇਗਾ, ਇਉਂ ਕਹਿਣ ਦੇ ਬਰਾਬਰ ਹੈ ਜਿਵੇਂ ਕਿਹਾ ਜਾਵੇ ਕਿ ਕੁਝ ਜ਼ਰੂਰ ਹੋਵੇਗਾ। ਇਹ ਉਤਰ ਯਕੀਨਨ ਉਤਰ-ਮਾਰਕਸਵਾਦੀ ਨਹੀਂ ਹੈ। ਉਤਲੀਆਂ ਸਾਰੀਆਂ ਤੇ ਹੋਰ ਬਹੁਤ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਪੀਤਮ ਸਿੰਘ ਵੱਲੋਂ ਮਾਰਕਸਵਾਦ ਉੱਤੇ ਲਾਏ ਇਲਜ਼ਾਮ ਪੱਛਮੀ ਮੀਡੀਆ ਦੀਆਂ ਆਮ ਪ੍ਰਚਲਤ ਅਲੋਚਣੀਆਂ (ਕਲੀਸ਼ੇ ਹੀ ਹਨ। ਜਿਥੋਂ ਤੱਕ ਸਰਮਾਇਦਾਰੀ ਦੇ ਭਵਿੱਖ ਦਾ ਸਵਾਲ ਹੈ, ਇਸ ਵਿਚ ਪ੍ਰੀਤਮ ਸਿੰਘ ਹੋਰੀ ਮਾਰਕਸ ਨਾਲ ਸਹਿਮਤ ਹਨ ਕਿ ਇਹ ਆਪਣੇ ਰਵਾਇਤੀ ਰੂਪ ਵਿਚ ਖਤਮ ਹੋ ਜਾਵੇਗੀ। ਪਰ ਭਵਿੱਖ ਵਿਚ ਕੀ ਹੋਵੇਗਾ ਇਸ ਬਾਰੇ ਉਨ੍ਹਾਂ ਸਾਨੂੰ ਬਹੁਤਾ ਨਹੀਂ ਦੱਸਿਆ ਸਿਵਾਏ ਇਸ ਗੱਲ ਤੋਂ ਕਿ ਹੁਣ ਜਾਣਕਾਰੀ ਇਸ ਯੂਟੋਪੀਆ ਨੂੰ ਸਾਈਬਰ-ਕੈਫੇ ਵਾਂਗ ਚਿਤਰਿਆ ਹੈ ਜਿੱਥੇ ਕੌਫੀ ਦੀ ਜਾਣਕਾਰੀ ਤਾਂ ਮਿਲੇਗੀ ਪਰ ਕੌਫੀ ਨਹੀਂ ਮਿਲੇਗੀ।

ਪ੍ਰੀਤਮ ਸਿੰਘ ਦਾ ਕਹਿਣਾ ਹੈ, "ਇਹ ਸਮਾਜ ਵਿਚ ਸਰਬਰਾਹੀ "ਗਿਆਨਵਾਨ ਕਾਮੇ" ਦੇ ਹੱਥ ਵਿਚ ਆ ਗਈ ਹੈ।" ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਕੰਪਿਊਟਰ ਦੇ ਮਾਊਸ ਦਾ ਨਹੀਂ ਪਤਾ ਕਿ ਉਹ ਕੀ ਹੁੰਦਾ ਹੈ ਤੇ ਕਿਵੇਂ ਵਰਤੀਦਾ ਹੈ। ਕੀ ਇਹੋ ਗਿਆਨਵਾਨ ਜਮਾਤ ਹੈ ਜਿਸ ਦੀ ਗੱਲ ਇਹ ਕਰ ਰਹੇ ਹਨ? ਨਿਊਟ ਗਿੰਗਰਿਚ, ਅਮਰੀਕਾ ਦਾ ਹਾਊਸ ਸਪੀਕਰ, ਗਰੀਬਾਂ ਨੂੰ ਚਰਚਾਂ ਦੇ ਦਾਨ ਤੇ ਨਿਰਭਰ ਕਰ ਦੇਣ ਦਾ ਸੁਝਾਅ ਦੇ ਰਿਹਾ ਹੈ। ਕਲਿੰਟਨ ਆਪਣੀਆਂ ਗੋਪੀਆਂ ਨਾਲ ਖੇਡ ਰਿਹਾ ਹੈ। ਤਾਕਤ ਇਨ੍ਹਾਂ ਲੋਕਾਂ ਦੇ ਕੋਲ ਹੈ ਨਾ ਕਿ ਬਿੱਲ ਗੇਟਸ ਦੇ 'ਨਰਡਜ਼' ਕੋਲ। ਕੰਪਿਊਟਰ ਵਰਤ ਕੇ ਫਾਈਲਾਂ ਦਾ ਕੰਮ ਤੇਜ਼ ਕਰਨ ਵਾਲਾ ਕਲਰਕ ਅਜੇ ਵੀ ਉਹੀ ਕਲਰਕ ਹੈ ਤੇ ਗਿਆਨਵਾਨ ਕਾਮਾ ਨਹੀਂ। ਕੈਸ਼ ਰੈਜਿਸਟਰ, ਦਫ਼ਤਰ ਦਾ ਕੰਪਿਊਟਰ ਤੇ ਗੈਸ ਸਟੇਸ਼ਨ ਤੇ ਲੱਗੇ ਮੋਨਿਟਰ ਕਾਮੇ ਦਾ ਕੰਮ ਸੌਖਾ ਕਰਦੇ ਹਨ ਉਸ ਨੂੰ ਗਿਆਨਵਾਨ ਨਹੀਂ ਬਣਾਉਂਦੇ। ਕੰਪਿਊਟਰ ਨੂੰ ਸੰਦ ਦੇ ਤੌਰ ਤੇ ਹਰ ਕੋਈ ਵਰਤ ਰਿਹਾ ਹੈ ਪਰ ਹਰ ਕੰਮ ਲਈ ਬਣੇ ਕੰਪਿਊਟਰ ਦਾ ਖਾਸਾ ਉਸ ਕੰਮ ਵਿਚ ਉਤਪਾਦਕਤਾ ਦਾ ਵਾਧਾ ਕਰਨਾ ਹੈ, ਕਾਮੇ ਦੇ ਗਿਆਨ ਵਿਚ ਨਹੀਂ। ਜੇ ਗਿਆਨਵਾਨ ਕਾਮੇ ਤੋਂ ਭਾਵ ਕੰਪਿਊਟਰ ਦਾ ਪ੍ਰੋਗਰਾਮ ਲਿਖਣ ਵਾਲੇ ਕਾਮੇ ਤੋਂ ਹੈ ਤਾਂ ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਨਹੀਂ ਅਤੇ ਉਨ੍ਹਾਂ ਵਿਚੋਂ ਵੀ ਬਹੁਤ ਸਾਰੇ ਬੰਗਲੌਰ ਵਿਚ ਬੈਠੇ ਹਨ। ਜਿਥੋਂ ਤੱਕ ਰੀਸਰਚ ਸਾਇੰਸਦਾਨਾਂ ਦਾ ਸਵਾਲ ਹੈ ਉਨ੍ਹਾਂ ਦੀ ਅਹਿਮੀਅਤ ਕਦੇ ਵੀ ਘੱਟ ਨਹੀਂ ਸੀ ਪਰ ਉਹ ਬਹੁਤ ਥੋੜ੍ਹੇ ਹਨ ਤੇ ਆਮ ਹਾਲਤਾਂ ਵਿਚ ਸਰਮਾਇਦਾਰੀ ਦੇ ਜਾਂ ਸਰਕਾਰ ਦੇ ਮੁਲਾਜ਼ਮ ਹਨ। ਦਫ਼ਤਰ ਵਿਚ ਕੰਪਿਊਟਰ ਲਗਾਉਣ ਦਾ ਰੋਲ ਫਾਰਮ ਵਿਚ ਟਰੈਕਟਰ ਵਰਤਣ ਨਾਲੋਂ ਆਰਥਿਕ ਤੌਰ 'ਤੇ ਵੱਖਰਾ ਨਹੀਂ। ਨਾ ਇਸ ਨਾਲ ਕਲਰਕ ਗਿਆਨਵਾਨ ਕਾਮਾ ਬਣਦਾ ਹੈ ਤੇ ਨਾ ਕਿਸਾਨੀ ਮਜ਼ਦੂਰ ਬਲਵਾਨ ਕਾਮਾ। ਸੇਵਾ ਸੈਕਟਰ ਦੇ ਕਾਮੇ ਜਿਵੇਂ ਕਿ ਟਰੈਵਲ ਏਜੰਸੀ ਦੇ ਕਲਰਕ ਜਾਂ ਰੈਸਟੋਰੈਂਟਾਂ ਵਿਚ ਕੰਮ ਕਰਨ ਵਾਲੇ ਲੋਕਾਂ ਵਿਚ ਉਤਪਾਦਨ ਜਾਣੀ ਕਿ ਅਸੈਂਬਲੀ ਲਾਈਨ ਤੇ ਕੰਮ ਕਰਨ ਵਾਲੇ ਕਾਮੇ ਨਾਲੋਂ ਬਹੁਤਾ ਫਰਕ ਨਹੀਂ। ਕੰਪਿਊਟਰ, ਲੇਥ, ਜ਼ੁਬਾਨ ਜਾਂ ਟਰੈਕਟਰ ਨਾਲ ਕੰਮ ਕਰਨ ਵਾਲੇ ਕਾਮੇ ਦੇ ਹਿੱਤਾਂ, ਹੱਕਾਂ, ਲੋੜਾਂ ਤੇ ਸੋਚ ਵਿਚ ਬਹੁਤਾ ਫਰਕ ਨਹੀਂ। ਕੈਨੇਡੀਅਨ ਆਟੋ ਵਰਕਰਜ਼ ਯੂਨੀਅਨ ਨੇ ਹੁਣੇ ਜਿਹੇ ਬੀ ਸੀ ਵਿਚ ਮੈਕਡਾਨਲਡਜ਼ ਦੇ ਇਕ



ਰੈਸਟੋਰੈਂਟ ਵਿਚ ਯੂਨੀਅਨ ਬਣਾ ਕੇ ਉਤਰੀ ਅਮਰੀਕਾ ਵਿਚ ਪਹਿਲੀ ਵਾਰ ਫਾਸਟ ਫੂਡ ਦੇ ਖੇਤਰ ਵਿਚ ਇੱਕ ਮੀਲ ਪੱਥਰ ਪਾਰ ਕੀਤਾ ਹੈ। ਯੂਨੀਅਨ ਲਈ, ਉਤਪਾਦਨ ਕਰ ਰਹੇ ਆਟੋ ਵਰਕਰਜ਼ ਅਤੇ ਸੇਵਾ ਸੈਕਟਰ ਵਿਚ ਹੈਮਬਰਗਰ ਵਰਤਾ ਰਹੇ ਕਾਮਿਆਂ ਵਿਚ, ਕੋਈ ਫਰਕ ਨਹੀਂ। ਹੁਣੇ ਜਹੇ ਏਅਰ ਕੈਨੇਡਾ ਦੇ ਪਾਇਲਟਾਂ ਦੀ ਹੜਤਾਲ ਹੋ ਕੇ ਹਟੀ ਹੈ ਜੋ ਇਕ ਲੱਖ ਡਾਲਰ ਦੇ ਕਰੀਬ ਸਾਲਾਨਾ ਤਨਖਾਹ ਲੈਂਦੇ ਹਨ ਤੇ ਬਹੁਤ ਹੀ ਵਿਕਸਿਤ ਕਿਸਮ ਦੇ ਸੰਦਾਂ ਨਾਲ ਕੰਮ ਕਰਦੇ ਹਨ। ਡਾਕਟਰਾਂ ਦਾ ਵੀ ਬੀ. ਸੀ. ਸਰਕਾਰ ਨਾਲ ਝਗੜਾ ਚਲ ਰਿਹਾ ਹੈ। ਹੁਣੇ ਜਹੇ ਖ਼ਬਰ ਆਈ ਹੈ ਕਿ ਅਮਰੀਕਨ ਡਾਕਟਰਾਂ ਨੇ ਯੂਨੀਅਨ ਬਣਾਉਣ ਦਾ ਫੈਸਲਾ ਕੀਤਾ ਹੈ। ਤਨਖਾਹਦਾਰ ਕਾਮੇ ਨੂੰ, ਕਿਸੇ ਵੀ ਰੁਤਬੇ ਤੇ ਪਹੁੰਚਾ ਦਿਉ, ਉਸ ਦਾ ਹੋਰ ਤਨਖਾਹ ਮੰਗਣਾ ਅਤੇ ਕੰਮ ਦੀਆਂ ਚੰਗੇਰੀਆਂ ਹਾਲਤਾਂ ਦੀ ਮੰਗ ਕਰਨਾ ਕੁਦਰਤੀ ਗੱਲ ਹੈ। ਇਹ ਗੱਲ ਸੱਤ ਡਾਲਰ ਘੰਟੇ ਵਾਲੇ ਕਾਮੇ ਵੀ ਕਰਦੇ ਹਨ ਤੇ ਸਤਰ ਡਾਲਰ ਘੰਟੇ ਵਾਲੇ ਵੀ।

ਅਸਲ ਵਿਚ ਜੋ ਕਾਮਾ ਕਿਸੇ ਕੰਪਨੀ ਦਾ ਹਿਸਾਬ ਕਿਤਾਬ ਕਾਗਜ਼ ਤੇ ਕਲਮ ਨਾਲ ਰੱਖਦਾ ਹੈ ਉਸ ਨੂੰ ਬਹੁਤ ਗਿਆਨ ਦੀ ਲੋੜ ਹੈ। ਪਰ ਜੋ ਕਪਿਊਟਰ ਤੇ ਇਹੋ ਹਿਸਾਬ ਕਿਤਾਬ ਰੱਖਦਾ ਹੈ ਉਸ ਨੂੰ ਇੰਨੇ ਗਿਆਨ ਦੀ ਲੋੜ ਨਹੀਂ, ਸਗੋਂ ਕੰਪਿਊਟਰ ਵਰਤਣਾ ਸਿੱਖਣ ਨਾਲ ਉਸ ਦੇ ਬਹੁਤ ਸਾਰੇ ਕੰਮ ਕੰਪਿਊਟਰ ਕਰ ਦਿੰਦਾ ਹੈ। ਕੈਨੇਡਾ ਵਿਚ ਪੜ੍ਹੇ ਹੋਏ, ਬਹੁਤ ਸਾਰੇ ਲੋਕਾਂ ਨੂੰ, ਸਾਧਾਰਨ ਪਹਾੜੇ ਨਹੀਂ ਆਉਂਦੇ ਕਿਉਂਕਿ ਇਹ ਕੰਮ ਕੈਲਕੂਲੇਟਰ ਜਾਂ ਕੰਪਿਊਟਰ ਕਰਨ ਲੱਗ ਪਏ ਹਨ। ਇੱਕ ਦਿਨ ਇਕ ਲੰਬਰ ਸਟੋਰ ਤੇ ਕੁਝ ਖਰੀਦਣ ਵੇਲੇ ਇਕ ਸੇਲਜ਼ਮੈਨ ਨੇ ਕਿਸੇ ਨੂੰ ਪੁੱਛਿਆ ਕਿ 66 ਗੁਣਾ 3 ਕਿੰਨੇ ਹੁੰਦੇ ਹਨ ਤਾਂ ਉਹ ਬੰਦਾ, ਇਹ ਨੰਬਰ, ਕੈਲਕੂਲੇਟਰ ਵਿਚ ਪੰਚ ਕਰਨ ਲੱਗ ਪਿਆ। ਮੈਂ ਅਚਾਨਕ ਹੀ ਕਹਿ ਦਿੱਤਾ ਕਿ ਇਹ 198 ਹੁੰਦੇ ਹਨ ਤਾਂ ਉਹ ਸਾਰੇ ਬੜੇ ਹੈਰਾਨ ਹੋ ਕੇ ਪੁੱਛਣ ਲੱਗੇ, "ਆਰ੍ ਆ ਮੈਥ ਟੀਚਰ ਔਰ ਜਸਟ ਆ ਜੀਨੀਅਸ? ਯੂ ਜਸਟ ਬੀਟ ਦਾ ਕੈਲਕੂਲੇਟਰ।" ਮੈਂ ਉਨ੍ਹਾਂ ਨੂੰ ਦੱਸਿਆ ਕਿ ਇਹ ਕੰਮ ਭਾਰਤ ਦੇ ਸਕੂਲਾਂ ਵਿਚ ਪੜ੍ਹੇ ਕਿਸੇ ਵੀ ਬੰਦੇ ਲਈ ਬਿਲਕੁਲ ਸਾਧਾਰਨ ਹੈ। ਸੋ ਵਧ ਰਹੀ ਤਕਨਾਲੋਜੀ, ਉਤਪਾਦਕਤਾ ਤਾਂ ਵਧਾ ਰਹੀ ਹੈ, ਪਰ ਜ਼ਰੂਰੀ ਤੌਰ ਤੇ ਗਿਆਨ ਨਹੀਂ। ਇੰਟਰਨੈਟ ਦੇ ਨੀਊਜ਼ ਗਰੁੱਪਾਂ ਦੀ ਚਰਚਾ ਤੋਂ ਪਤਾ ਲੱਗਦਾ ਹੈ ਕਿ ਇਨਸਾਨ ਜਾਣਕਾਰੀ ਦੇ ਹਾਈਵੇ ਤੇ ਦੌੜਾਂ ਜਾਂ ਪੁਲਾੜ ਵਿਚ ਗੇੜੇ ਖਾਂਦਾ ਵੀ ਆਪਣੀਆਂ ਸਾਧਾਰਨ ਲੋੜਾਂ, ਆਦਤਾਂ ਅਤੇ ਸੀਮਾਵਾਂ ਤੋਂ ਮੁਕਤ ਨਹੀਂ ਹੋ ਜਾਂਦਾ। ਜਾਣਕਾਰੀ ਲੈਣਾ ਸੌਖਾ ਹੈ ਪਰ ਗਿਆਨਵਾਨ ਹੋਣਾ ਅੱਜ ਵੀ ਬਹੁਤ ਮੁਸ਼ਕਿਲ ਹੈ। ਸਮੁੱਚੀ ਪਿਕਚਰ ਦੇਖਿਆ ਲੱਗਦਾ ਹੈ ਕਿ ਅੱਜ ਵੀ ਗਿਆਨਵਾਨ ਕਾਮੇ ਡਾਕਟਰ, ਵਕੀਲ, ਐਜਨੀਅਰ ਅਤੇ ਪ੍ਰੋਫੈਸਰ ਹੀ ਹਨ। ਇਨਫਰਮੇਸ਼ਨ ਯੁੱਗ ਨੂੰ ਗਿਆਨਯੁੱਗ ਨਹੀਂ ਸੂਚਨਾ ਯੁੱਗ ਕਿਹਾ ਜਾਣਾ ਚਾਹੀਦਾ ਹੈ।

ਕਿਉਂਕਿ ਉਤਪਾਦਨ ਦੇ ਸਾਧਨਾਂ ਦੀ ਸਥਾਪਨਾ ਲਈ ਲੋੜੀਂਦਾ ਸਰਮਾਇਆ ਅਜੇ ਵੀ ਸਰਮਾਇਦਾਰ ਤੋਂ ਬਿਨਾਂ ਨਹੀਂ ਮਿਲਦਾ, ਇਸ ਲਈ ਸਰਮਾਇਦਾਰੀ ਨਿਜ਼ਾਮ, ਅਜੇ ਬਿਲਕੁਲ ਬਰਕਰਾਰ ਹੈ, ਤੇ ਇਸ ਦੇ ਆਰਥਿਕ ਨਿਯਮ ਕਾਇਮ ਹਨ। ਇਸ ਦੀ ਸਿਆਸੀ ਤਾਕਤ ਗਿਆਨਵਾਨ ਕਾਮਿਆਂ ਦੇ ਹੱਥ ਆਉਣ ਦਾ ਕੋਈ ਸਬੂਤ ਨਹੀਂ ਮਿਲਦਾ, ਕਿਉਂਕਿ ਅਸਲ ਗਿਆਨਵਾਨ ਕਾਮੇ ਅਜੇ ਬਹੁਤ ਘੱਟ ਹਨ। ਸਗੋਂ ਇਹ ਤਾਕਤ ਉਨ੍ਹਾਂ ਹੀ ਸਿਆਸੀ ਅਤੇ ਆਰਥਿਕ ਜਮਾਤਾਂ ਦੇ ਹੱਥ ਹੈ ਜਿਨ੍ਹਾਂ ਨੇ ਵੀਹਵੀਂ ਸਦੀ ਵਿਚ ਅਮਰੀਕਾ ਨੂੰ ਵਿਕਸਤ ਕਰਕੇ ਇੱਕ ਸੁਪਰਪਾਵਰ ਬਣਾਇਆ ਹੈ। ਜੇ ਸਰਮਾਇਦਾਰੀ ਕਾਇਮ ਹੈ ਤਾਂ ਇਸ ਦੇ ਬੁਨਿਆਦੀ ਖਾਸੇ ਵੀ ਕਾਇਮ ਹਨ ਪਰ ਕੀ ਮਾਰਕਸਵਾਦ ਗਲਤ ਹੈ ਜਾਂ ਸਹੀ ਹੈ? ਕੀ ਸਮਾਜਵਾਦ ਬਾਵਜੂਦ ਫੇਲ੍ਹ ਹੋਣ ਦੇ ਸਿਧਾਂਤਕ ਤੌਰ ਤੇ ਕਾਮਯਾਬੀ ਦੀ ਸੰਭਾਵਨਾ ਰੱਖਦਾ ਹੈ ਇਹ ਸਵਾਲ ਅਜੇ ਵੀ ਕਾਇਮ ਹਨ ਤੇ ਇਨ੍ਹਾਂ ਦੇ ਜਵਾਬ ਪ੍ਰੀਤਮ ਸਿੰਘ ਦੇ ਲੇਖ ਵਿਚੋਂ ਨਹੀਂ ਮਿਲਦੇ। ਆਉ ਪ੍ਰੀਤਮ ਸਿੰਘ ਦੇ ਲੇਖ ਦੇ ਨਤੀਜੇ ਵੱਲ ਨਿਗਾਹ ਮਾਰੀਏ।

**Ignoratio Elenchi**

ਹੁਣ ਅਸੀਂ ਪ੍ਰੀਤਮ ਸਿੰਘ ਹੋਰਾਂ ਦੇ ਲੇਖ ਦੇ ਨਤੀਜੇ ਵੱਲ ਆਉਂਦੇ ਹਾਂ। ਪ੍ਰੀਤਮ ਸਿੰਘ ਦੇ ਲੇਖ ਦਾ ਖੁਲਾਸਾ ਇੰਜ ਹੈ :-

1. ਕਿਉਂਕਿ ਸਰਮਾਏਦਾਰੀ ਨਿਜ਼ਾਮ ਬਦਲ ਚੁੱਕਾ ਹੈ, ਇਸ ਲਈ ਮਾਰਕਸ ਦੀਆਂ ਭਵਿੱਖਬਾਣੀਆਂ ਸਹੀ ਸਾਬਤ ਨਹੀਂ ਹੋਈਆਂ।

2. ਕਿਉਂਕਿ ਮਾਰਕਸ ਦੀਆਂ ਭਵਿੱਖਬਾਣੀਆਂ ਸਹੀ ਸਾਬਤ ਨਹੀਂ ਹੋਈਆਂ ਇਸ ਲਈ ਮਾਰਕਸਵਾਦ ਗਲਤ ਹੈ।

3. ਕਿਉਂਕਿ ਮਾਰਕਸਵਾਦ ਗਲਤ ਹੈ, ਇਸ ਲਈ ਹੁਣ ਸਾਡੇ ਕੋਲ ਕੋਈ ਜੀਣ ਦਾ ਸਿਧਾਂਤ ਨਹੀਂ ਰਿਹਾ।

4. ਕਿਉਂਕਿ ਹੁਣ ਕੋਈ ਸਿਧਾਂਤ ਨਹੀਂ ਰਿਹਾ, ਇਸ ਲਈ ਹੁਣ ਵਿਅਕਤੀਵਾਦੀ ਸਾਹਿਤ ਹੀ ਚਲੇਗਾ।

5. ਕਿਉਂਕਿ ਮਾਰਕਸਵਾਦੀ ਸਮਾਜਵਾਦ ਦਾ ਭੋਗ ਪੈ ਗਿਆ ਹੈ ਅਤੇ ਮਾਰਕਸਵਾਦ "ਜੀਵਨ ਨੂੰ ਸੁਖੀ ਬਨਾਉਣ ਲਈ" ਸਮਾਜਕ ਤਬਦੀਲੀ ਦੀ ਗੱਲ ਕਰਦਾ ਸੀ, ਇਸ ਲਈ "ਸਮਾਜ ਰਾਹੀਂ ਮੁਕਤੀ ਦੀ ਵਿਚਾਰਧਾਰਾ ਸ਼ਾਇਦ ਹੁਣ ਕਦੇ ਮੁੜ ਸੁਰਜੀਤ ਨਹੀਂ ਹੋਵੇਗੀ।"

1. ਕਿਉਂਕਿ ਸਰਮਾਏਦਾਰੀ ਨਿਜ਼ਾਮ ਬਦਲ ਚੁੱਕਾ ਹੈ, ਇਸ ਲਈ ਮਾਰਕਸ ਦੀਆਂ ਭਵਿੱਖਬਾਣੀਆਂ ਸਹੀ ਸਾਬਤ ਨਹੀਂ ਹੋਈਆਂ।

ਪਿਆਰੇ ਸ੍ਰੀਮਾਨ ਜੀ, ਉਨ੍ਹਾਂ ਵਰਤਾਰਿਆਂ ਵਿਚ ਜਿਥੇ ਅਸਥਾਈ ਅੰਸ਼ (Variables) ਬਹੁਤ ਗਿਣਤੀ ਵਿਚ ਹੋਣ, ਭਵਿੱਖਬਾਣੀਆਂ ਤਾਂ, ਪੂਰਨ ਤੌਰ ਤੇ ਕਦੇ ਵੀ ਸਹੀ ਸਾਬਤ ਨਹੀਂ ਹੁੰਦੀਆਂ। ਸਿਰਫ਼ ਮਾਰਕਸ ਦੀਆਂ ਹੀ ਨਹੀਂ ਸਗੋਂ ਕਿਸੇ ਦੀਆਂ ਵੀ ਕਦੇ ਸਹੀ ਸਾਬਤ ਨਹੀਂ ਹੋਈਆਂ। ਇਸ ਬਾਰੇ ਰੌਬਰਟ ਹੈਲਬਰੌਨਰ ਦਾ ਕਹਿਣਾ ਹੈ, "..I do not think we can forsee these prospects with the clarity and scientific certitude that the word prediction conveys." (13)

2. ਕਿਉਂਕਿ ਮਾਰਕਸ ਦੀਆਂ ਭਵਿੱਖਬਾਣੀਆਂ ਸਹੀ ਸਾਬਤ ਨਹੀਂ ਹੋਈਆਂ ਇਸ ਲਈ ਮਾਰਕਸਵਾਦ ਗਲਤ ਹੈ।

ਭਵਿੱਖਬਾਣੀਆਂ ਦੇ ਗਲਤ ਸਾਬਤ ਹੋਣ ਤੋਂ ਇਹ ਅੰਦਾਜ਼ਾ ਲਾਉਣਾ ਕਿ ਮਾਰਕਸ ਦੇ ਬੁਨਿਆਦੀ ਸਿਧਾਂਤ ਗਲਤ ਹਨ, ਸਮਾਜਕ ਵਿਗਿਆਨ ਨੂੰ ਤਾਰਾ ਵਿਗਿਆਨ ਸਮਝਣ ਦੇ ਬਰਾਬਰ ਹੈ। ਪ੍ਰੀਤਮ ਸਿੰਘ ਆਪਣੇ ਸਾਰੇ ਲੇਖ ਵਿਚ ਮਾਰਕਸ ਦੇ ਬੁਨਿਆਦੀ ਸਿਧਾਂਤਾਂ, ਜਿਵੇਂ ਕਿ ਕਦਰ ਦਾ ਸਿਧਾਂਤ, ਸ਼ੋਸ਼ਣ ਦਾ ਸਿਧਾਂਤ ਅਤੇ ਸਮਾਜ ਕੇ ਵਿਕਾਸ ਦਾ ਸਿਧਾਂਤ ਆਦਿ ਨੂੰ ਚੈਲੰਜ ਨਹੀਂ ਕਰਦਾ। ਸਿਰਫ਼ ਬਦਲੇ ਹਾਲਾਤ ਦੀ ਗੱਲ ਕਰਦਾ ਹੈ। ਸੋ ਪ੍ਰੀਤਮ ਸਿੰਘ ਮਾਰਕਸ ਦੀ ਪੇਤਲੀ ਸਮਝ ਵਿਚੋਂ ਅਤੇ ਉਸ ਦੀਆਂ ਭਵਿੱਖਬਾਣੀਆਂ ਦੇ ਅਧਾਰ ਤੇ ਮਾਰਕਸ ਨੂੰ ਗਲਤ ਕਹਿਦਾ ਹੈ ਜੋ ਨਤੀਜਾ ਦਲੀਲਨ ਤੌਰ ਤੇ ਬਹੁਤ ਕਮਜ਼ੋਰ ਹੈ ਅਤੇ Ignoratio Elenchi ਦਾ ਦੋਸ਼ੀ ਹੈ।

3. ਕਿਉਂਕਿ ਮਾਰਕਸਵਾਦ ਗਲਤ ਹੈ, ਇਸ ਲਈ ਹੁਣ ਸਾਡੇ ਕੋਲ ਕੋਈ ਜੀਣ ਦਾ ਸਿਧਾਂਤ ਨਹੀਂ ਰਿਹਾ।

ਜੇ ਪ੍ਰੀਤਮ ਸਿੰਘ ਦੀ ਦਲੀਲ ਨਾਲ ਮਾਰਕਸ ਗਲਤ ਸਾਬਤ ਨਹੀਂ ਹੋਇਆ ਤਾਂ ਮਿਸਟਰ ਸਿੰਘ ਦਾ ਕਰਿਸ਼ਨਾ ਸੋਬਤੀ ਦਾ ਹਵਾਲਾ ਦੇ ਕੇ ਇਹ ਕਹਿਣਾ ਕਿ ਹੁਣ ਕੋਈ ਸਿਧਾਂਤ ਨਹੀਂ ਰਹਿ ਗਿਆ, ਇਕ ਉੱਤਰ-ਆਧੁਨਿਕ ਬਿਆਨ ਤਾਂ ਹੈ ਪਰ ਦਰੁਸਤ ਨਹੀਂ। ਅਸਲ ਵਿਚ ਜਦੋਂ ਤੱਕ ਕਾਰਨ ਅਤੇ ਪ੍ਰਭਾਵ ਦਾ ਸਿਲਸਿਲਾ ਜਾਰੀ ਹੈ ਉਦੋਂ ਤੱਕ ਸਿਧਾਂਤਾਂ ਦਾ ਸਿਲਸਿਲਾ ਚਲਦਾ ਰਹੇਗਾ। ਸਿਧਾਂਤ ਦੇ ਨਹੀਂ ਹੋਣ ਬਾਰੇ, ਸਿਧਾਂਤ ਦੇਣ ਵਾਲੇ ਸਿਧਾਂਤ, ਉਨ੍ਹਾਂ ਲੋਕਾਂ ਵਾਂਗ ਹਨ ਜੋ ਸੌਂਹ ਖਾ ਕੇ ਕਹਿੰਦੇ ਹਨ ਕਿ ਉਨ੍ਹਾਂ ਨੇ ਕਦੇ ਵੀ ਝੂਠ ਨਹੀਂ ਬੋਲਿਆ।



ਪਰ ਜੇ ਮੰਨ ਵੀ ਲਈਏ ਕਿ ਮਾਰਕਸ ਗਲਤ ਹੈ ਜੋ ਇੱਕ ਵੱਖਰੀ ਗੱਲ ਹੈ ਅਤੇ ਪ੍ਰੀਤਮ ਸਿੰਘ ਦੇ ਲੇਖ ਵਿੱਚ ਸਾਬਤ ਨਹੀਂ ਹੁੰਦੀ ਤਾਂ ਇਹ ਨਤੀਜਾ ਕਿਵੇਂ ਨਿਕਲਿਆ ਕਿ ਉਹ ਕੋਈ ਵੀ ਸਿਧਾਂਤ ਨਹੀਂ ਰਹਿ ਗਿਆ। ਕੀ ਦੁਨੀਆਂ ਵਿਚ ਸਿਰਫ਼ ਮਾਰਕਸਵਾਦ ਹੀ ਜੀਣ ਦਾ ਸਿਧਾਂਤ ਸੀ? ਇਹ ਮਾਰਕਸਵਾਦ ਦੀ ਆਲੋਚਨਾ ਹੈ ਜਾਂ ਪ੍ਰੋੜਤਾ? ਸਾਫ਼ ਜ਼ਾਹਿਰ ਹੈ ਕਿ ਪ੍ਰੀਤਮ ਸਿੰਘ ਇੱਥੇ Ignoratio Elenchi ਦੀ ਗਲਤੀ ਕਰ ਰਿਹਾ ਹੈ।

4. ਕਿਉਂਕਿ ਹੁਣ ਕੋਈ ਸਿਧਾਂਤ ਨਹੀਂ ਰਿਹਾ, ਇਸ ਲਈ ਹੁਣ ਵਿਅਕਤੀਵਾਦੀ ਸਾਹਿਤ ਹੀ ਚੱਲੇਗਾ।

ਪ੍ਰੀਤਮ ਸਿੰਘ ਹੋਰੀ ਆਪਣਾ ਲੇਖ ਸਾਨੂੰ ਦੱਸ ਕੇ ਸ਼ੁਰੂ ਕਰਦੇ ਹਨ ਕਿ "ਸਾਹਿਤ ਅਤੇ ਸਮਾਜ ਦਾ ਚੋਲੀ ਦਾਮਨ ਦਾ ਰਿਸ਼ਤਾ ਹੁੰਦਾ ਹੈ।" ਕੀ ਇਹ ਇੱਕ ਸਾਬਤ ਹੋ ਚੁੱਕਾ ਸੱਚਵਾਦ ਜਿਸਨੂੰ ਮਾਰਕਸਵਾਦੀ ਲੋਕ ਸਿਰਦਰਦੀ ਦੀ ਹੱਦ ਤੱਕ ਦੁਹਰਾ ਚੁੱਕੇ ਹਨ ਅਤੇ ਦੁਨੀਆਂ ਦੇ ਬਹੁਤ ਘੱਟ ਵਿਦਵਾਨ ਇਸ ਦੇ ਨਾਲ ਅਸਹਿਮਤ ਹਨ? ਇਸ ਗੱਲ ਨੂੰ ਨਵੇਂ ਸਿਰਿਓਂ ਦੱਸ ਕੇ ਪ੍ਰੀਤਮ ਸਿੰਘ ਹੋਰੀ ਮਾਰਕਸ ਦੀ ਪ੍ਰੋੜਤਾ ਕਰ ਰਹੇ ਹਨ ਜਾਂ ਉਹ ਇਹ ਸਿਧਾਂਤ ਦੇ ਕੇ, ਅਚੇਤ ਹੀ, ਆਪਣੇ ਲੇਖ ਦੇ ਵਿਅਕਤੀਵਾਦੀ ਸਿੱਟੇ ਦੀ, ਆਪ ਹੀ ਵਿਰੋਧਤਾ ਕਰ ਰਹੇ ਹਨ? ਅਸਲ ਵਿਚ ਸਮਾਜ ਅਤੇ ਸਾਹਿਤ ਦੇ ਰਿਸ਼ਤੇ ਬਾਰੇ ਗੱਲ ਕਰਨ ਨਾਲੋਂ ਤਾਂ ਸ਼ਾਇਦ ਹੁਣ ਇਹ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ 'ਪਾਣੀ' ਅਤੇ ਮੱਛੀਆਂ ਦਾ ਕੋਈ ਰਿਸ਼ਤਾ ਹੈ? ਇਹ ਲੇਖ ਭਾਵੇਂ ਸਾਹਿਤ ਬਾਰੇ ਨਹੀਂ ਹੈ ਪਰ ਪ੍ਰੀਤਮ ਸਿੰਘ ਹੋਰੀਂ, ਲੇਖ ਦੇ ਇੱਕ ਹਿੱਸੇ ਵਿਚ ਵਿਅਕਤੀਵਾਦੀ ਸਾਹਿਤ ਦੀ ਭਵਿੱਖਬਾਣੀ ਕਰਦੇ ਹਨ। ਜਦ ਕਿ ਉਨ੍ਹਾਂ ਦਾ ਹੀਰੋ ਬਿਲ ਗੇਟਸ ਕਹਿੰਦਾ ਹੈ ਕਿ ਨਵੀਂ ਤਕਨਾਲੋਜੀ ਦੇ ਨਾਲ ਸਮਾਜ 'ਤੇ ਹੋਣ ਵਾਲੇ ਅਸਰ ਬਾਰੇ ਗੱਲਬਾਤ ਕਰਨ ਦਾ ਵਕਤ ਹੁਣ ਹੀ ਹੈ। ਪਰ ਪ੍ਰੀਤਮ ਸਿੰਘ ਜੀ ਆਪ ਹੀ ਸਾਨੂੰ ਦੱਸ ਕੇ ਮੱਛੀਆਂ ਅਤੇ ਪਾਣੀ ਦਾ ਰਿਸ਼ਤਾ ਹੁੰਦਾ ਹੈ, ਕਹਿੰਦੇ ਹਨ ਕਿ ਹੁਣ ਸਿਰਫ਼ ਮੱਛੀ ਦੀ ਗੱਲ ਹੋਵੇਗੀ ਪਾਣੀ ਦੀ ਨਹੀਂ। ਇਹ ਸਿੱਟਾ ਵੀ Ignoratio Elenchi ਦਾ ਦੋਸ਼ੀ ਹੈ।

5. ਕਿਉਂਕਿ ਮਾਰਕਸਵਾਦੀ ਸਮਾਜਵਾਦ ਦਾ ਭੋਗ ਪੈ ਗਿਆ ਹੈ ਅਤੇ ਮਾਰਕਸਵਾਦ "ਜੀਵਨ ਨੂੰ ਸੁਖੀ ਬਨਾਉਣ ਲਈ" ਸਮਾਜਕ ਤਬਦੀਲੀ ਦੀ ਗੱਲ ਕਰਦਾ ਸੀ, ਇਸ ਲਈ "ਸਮਾਜ ਰਾਹੀਂ ਮੁਕਤੀ ਦੀ ਵਿਚਾਰਧਾਰਾ ਸ਼ਾਇਦ ਹੁਣ ਕਦੇ ਮੁੜ ਸੁਰਜੀਤ ਨਹੀਂ ਹੋਵੇਗੀ।"

ਸਮਾਜਵਾਦ ਦੇ ਪਹਿਲੇ ਤਜੁਰਬੇ ਦੇ ਫੇਲ੍ਹ ਹੋਣ ਨਾਲ ਇਹ ਸਿੱਟਾ ਕੱਢਣਾ ਕਿ ਸਮਾਜਵਾਦ ਜਾਂ ਸਾਮਵਾਦ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ, ਉਨ੍ਹਾਂ ਲੋਕਾਂ ਵਾਲੀ ਗੱਲ ਹੈ ਜੋ ਪਹਿਲੇ ਜਹਾਜ਼ ਦੇ ਫੇਲ੍ਹ ਹੋਣ ਤੇ ਕਹਿੰਦੇ ਹਨ ਕਿ ਲੋਹਾ ਕਦੇ ਉੱਡ ਨਹੀਂ ਸਕਦਾ। ਇਹ ਨਤੀਜਾ ਵੀ ਕਮਜ਼ੋਰ ਹੈ ਅਤੇ ਸਾਬਤ ਨਹੀਂ ਕਰਦਾ ਕਿ ਇਹੋ ਜਿਹੇ ਸਭ ਸਿਸਟਮ ਅਸੰਭਵ ਹਨ। ਇਹ ਨਤੀਜਾ ਕੱਢਣ ਲਈ ਜਾਂ ਤਾਂ ਬਹੁਤ ਦਲੀਲ ਨਾਲ ਸਾਬਤ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਸਿਸਟਮ ਸਿਧਾਂਤਕ ਤੌਰ ਤੇ ਅਸੰਭਵ ਹੈ ਜਾਂ ਫਿਰ ਬਹੁਤ ਵਾਰ ਵੱਖਰੇ-ਵੱਖਰੇ ਹਾਲਾਤ ਵਿਚ ਇਨ੍ਹਾਂ ਤਜੁਰਬਿਆਂ ਦੇ ਫੇਲ੍ਹ ਹੋਣ ਦਾ ਇਤਿਹਾਸ ਦਰਸਾਇਆ ਜਾਣਾ ਚਾਹੀਦਾ ਹੈ। ਪ੍ਰੀਤਮ ਸਿੰਘ ਦੇ ਲੇਖ ਵਿਚ ਇਹ ਦੋਵੇਂ ਗੱਲਾਂ ਨਹੀਂ ਹਨ। ਇਸ ਲਈ ਸਮੁੱਚਾ ਲੇਖ Ignoratio Elenchi ਦਾ ਨੁਕਸ ਰੱਖਦਾ ਹੈ।

ਇਵੇਂ ਹੀ ਇਹ ਕਹਿਣਾ ਕਿ ਸਮਾਜਵਾਦ ਦੇ ਫੇਲ੍ਹ ਹੋਣ ਨਾਲ ਹੁਣ ਸਮਾਜ ਨੂੰ ਚੰਗੇਰਾ ਬਣਾਉਣ ਦੀਆਂ ਸਭ ਕੋਸ਼ਿਸ਼ਾਂ ਨੂੰ ਤਿਲਾਂਜਲੀ ਦੇ ਦਿੱਤੀ ਜਾਵੇਗੀ ਜਾਂ ਦੇ ਦੇਣੀ ਚਾਹੀਦੀ ਹੈ, ਇੱਕ ਸਰਾਸਰ ਗਲਤ ਸਿੱਟਾ ਹੈ। ਸਮਾਜਕ ਤਬਦੀਲੀ ਦੇ ਤਰੀਕੇ ਬਾਰੇ ਤਾਂ ਵਖਰੇਵਾਂ ਹੋ ਸਕਦਾ ਹੈ, ਪਰ ਸਮਾਜਕ ਤਬਦੀਲੀ ਵੱਲ ਅੱਖਾਂ ਮੀਟਣ ਬਾਰੇ ਤਾਂ ਦੁਨੀਆਂ ਦਾ ਕੋਈ ਵਿਦਵਾਨ ਜਾਂ ਸਰਕਾਰ ਤਿਆਰ ਨਹੀਂ। ਅਮਰੀਕਾ ਦੀ ਸਰਕਾਰ ਤਾਂ ਆਪ ਦੁਨੀਆਂ ਭਰ ਦੇ ਮੁਲਕਾਂ ਵਿਚ ਵਾਪਰਨ ਵਾਲੀ ਤਬਦੀਲੀ ਉੱਤੇ ਨਜ਼ਰ ਰੱਖਦੀ ਹੈ। ਸੋ ਸਮਾਜ ਰਾਹੀਂ ਮੁਕਤੀ ਦੀ ਗੱਲ ਸਿਰਫ ਖੱਬੇ ਲੋਕ ਹੀ ਨਹੀਂ ਕਰਦੇ ਸਗੋਂ ਸੱਜੇ ਪੱਖੀ ਵੀ ਕਰਦੇ ਹਨ, ਭਾਵੇਂ ਇਨ੍ਹਾਂ ਦੀ ਮੁਕਤੀ ਦੀ ਪ੍ਰੀਭਾਸ਼ਾ ਵੱਖਰੀ ਹੈ। ਮਿਸਾਲ ਵਜੋਂ, 'ਉਤਰ-ਆਧੁਨਿਕ,

ਉਤਰ-ਸਨਅਤੀ ਅਤੇ ਉਤਰ-ਸਰਮਾਇਦਾਰੀ' ਅਮਰੀਕਾ ਵਾਲੇ ਹੁਣ ਸਮਾਜਕ ਸਿਹਤ ਪਲੈਨ ਲਾਗੂ ਕਰ ਰਹੇ ਹਨ, ਜੋ ਸਮਾਜ ਰਾਹੀਂ ਵਿਅਕਤੀ ਦੇ ਕਲਿਆਣ ਦੀ ਇੱਕ ਮਹੱਤਵਪੂਰਨ ਮਿਸਾਲ ਹੈ। ਇਸ ਬਾਰੇ ਪ੍ਰੀਤਮ ਸਿੰਘ ਹੋਰਾਂ ਦਾ ਉਤਰ ਕੀ ਹੋਵੇਗਾ ਇਹ ਸਿੱਟਾ ਵੀ Ignoratio Elenchi ਦਾ ਦੋਸ਼ੀ ਹੈ।

ਸਰਮਾਇਦਾਰੀ ਦੇ ਚੱਲਣ ਲਈ ਸੜਕਾਂ, ਸਕੂਲਾਂ, ਹਸਪਤਾਲਾਂ, ਪੁਲਾਂ, ਕੌਮੀ ਅਤੇ ਕੌਮਾਂਤਰੀ ਡੀਫੈਂਸ ਅਤੇ ਹੋਰ ਅਨੇਕਾਂ ਤਰਾਂ ਦੀ ਸਮਾਜਕ ਇਨਫਰਾਸਟਰਕਚਰ ਦੀ ਲੋੜ ਪੈਂਦੀ ਹੈ ਜਿਸ ਦਾ ਖਰਚਾ, ਸਰਮਾਇਦਾਰੀ ਨਹੀਂ ਕਰਦਾ ਸਗੋਂ ਸਾਰੇ ਲੋਕ ਕਰਦੇ ਹਨ। ਇਸ ਲਈ ਸਰਮਾਇਦਾਰੀ ਹਮੇਸ਼ਾਂ ਹੀ ਸਮਾਜਕ ਸਬਸਿਡੀ ਦੀ ਕਰਜ਼ਦਾਰ ਰਹਿੰਦੀ ਹੈ ਅਤੇ ਕਦੇ ਨਹੀਂ ਚਾਹੇਗੀ ਕਿ ਇਹੋ ਜਿਹਾ ਸਮਾਜਵਾਦ ਖਤਮ ਹੋ ਜਾਵੇ। ਇਹ ਸਭ ਮਸਲੇ ਵਿਅਕਤੀਵਾਦ ਦੇ ਦਾਇਰੇ ਤੋਂ ਬਾਹਰ ਹਨ। ਸਾਰੇ ਆ ਰਹੇ ਇਤਿਹਾਸ ਬਾਰੇ ਇਹ ਕਹਿਣਾ ਗਲਤ ਹੈ ਕਿ, "ਸਮਾਜ ਰਾਹੀਂ ਮੁਕਤੀ ਦੀ ਵਿਚਾਰਧਾਰਾ ਸ਼ਾਇਦ ਹੁਣ ਕਦੇ ਮੁੜ ਸੁਰਜੀਤ ਨਹੀਂ ਹੋਵੇਗੀ।" ਇਹ ਅੰਗਰੇਜ਼ੀ ਦੇ ਉਸ ਮੁਹਾਵਰੇ ਵਾਲੀ ਗੱਲ ਹੈ ਕਿ ਟੱਬ ਦੇ ਪਾਣੀ ਦੇ ਨਾਲ ਬੱਚੇ ਨੂੰ ਵੀ ਬਾਹਰ ਸੁੱਟ ਦਿੱਤਾ ਜਾਵੇ।

ਕੀ ਉਤਰ-ਆਧੁਨਿਕਤਾ ਪ੍ਰੀਤਮ ਸਿੰਘ ਦੇ ਇਸ ਵਿਅਕਤੀਵਾਦ ਨਾਲ ਸਹਿਮਤ ਹੈ? ਗਲੈਨ ਵਾਰਡ ਕਹਿੰਦਾ ਹੈ, "There are many sides to the unfolding story of postmodern identity, but if there is one central theme, it is that the self is fundamentally social...... Karl Marx, for one, insisted on it, and sociology is in some respects founded on the idea... For Jean Baudrillard it involves a viral invasion of simulation into private life, such that it is impossible to draw a line between natural and manufactured identities and desires." ਜੇ ਸ੍ਵੈ ਹੀ ਸਮਾਜਕ ਹੈ, ਤਾਂ ਵਿਅਕਤੀ ਆਪਣਾ ਕਲਿਆਣ ਇਕੱਲਾ ਕਿਵੇਂ ਕਰ ਸਕਦਾ ਹੈ ਤੇ ਸਿਰਫ਼ ਆਪਣੇ ਅੰਤ੍ਰੀਵ ਦਾ ਸਾਹਿਤ ਕਿਵੇਂ ਰਚ ਸਕਦਾ ਹੈ?

ਕੀ ਇਸ ਸਭ ਸਿਲਸਿਲੇ ਦੇ ਪਿੱਛੇ ਇਨਸਾਨੀ ਲੋੜਾਂ ਦੀ ਕਾਰਨਾਤਮਕਤਾ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ? ਜੀਵ-ਵਿਗਿਆਨ ਯੁੱਗ ਵਿਚ ਤਾਂ ਮਨੁੱਖੀ ਜਿਨਸ ਨੂੰ ਬਦਲ ਕੇ ਨੀਤਸ਼ੇ ਦੇ ਪਰਮ-ਮਨੁੱਖ ਦੀ ਸਿਰਜਣਾ ਦੀ ਸੰਭਾਵਨਾ ਦਿਸ ਰਹੀ ਹੈ। ਕੀ ਇਹ ਸਭ ਕੁਝ ਵਿਅਕਤੀਵਾਦ ਦੀ ਸੌੜੀ ਦੁਨੀਆਂ ਦਾ ਸੂਚਕ ਹੈ?

ਜਿਥੋਂ ਤੱਕ ਸਿਧਾਂਤਕ ਤੌਰ ਤੇ ਮਾਰਕਸ ਦੇ ਗਲਤ ਜਾਂ ਸਹੀ ਹੋਣ ਦੀ ਗੱਲ ਹੈ, ਇਸ ਵਿਚ ਇੱਕ ਤਾਂ ਇਹ ਦੇਖਣਾ ਪਵੇਗਾ ਕਿ ਮਾਰਕਸ ਦਾ ਪੈਰਾਡਾਈਮ ਸਹੀ ਹੈ ਜਾਂ ਗਲਤ ਅਤੇ ਦੂਜਾ ਇਹ ਕਿ ਮਾਰਕਸ ਦੇ ਕਈ ਸਿਧਾਂਤਾਂ ਵਿਚੋਂ ਕਿਹੜੇ ਗਲਤ ਹਨ ਅਤੇ ਕਿਹੜੇ ਸਹੀ ਹਨ। ਸਮਾਜਵਾਦ ਦੇ ਸਹੀ ਜਾਂ ਗਲਤ ਹੋਣ ਲਈ ਸਮਾਜਵਾਦ ਨੂੰ ਪ੍ਰੀਭਾਸ਼ਤ ਕਰਕੇ ਪਹਿਲਾਂ ਤਾਂ ਇਹ ਦੇਖਣਾ ਪਵੇਗਾ ਕਿ ਇਹ ਸੋਵੀਅਤ ਸਮਾਜਵਾਦ ਵਾਕਈ ਸਮਾਜਵਾਦ ਸੀ ਕਿ ਨਹੀਂ ਅਤੇ ਫਿਰ ਦੇਖਣਾ ਪਵੇਗਾ ਕਿ ਕਿਹੜੇ ਕਾਰਨਾਂ ਨਾਲ ਇਹ ਫੇਲ੍ਹ ਹੋਇਆ ਤੇ ਕੀ ਉਨ੍ਹਾਂ ਕਾਰਨਾਂ ਦੇ ਬਦਲਣ ਨਾਲ ਇਹ ਕਾਮਯਾਬ ਹੋ ਸਕਦਾ ਹੈ ਜਾਂ ਇਹ ਇੱਕ ਅਸੰਭਵ ਮਿਸ਼ਨ ਹੈ। ਇਵੇਂ ਹੀ ਇਹ ਦੇਖਣਾ ਪਵੇਗਾ ਕਿ ਕੀ ਸਨਅਤੀ ਅਰਥਚਾਰਾ ਤੇ ਸਰਮਾਇਦਾਰੀ ਅਰਥਚਾਰਾ ਇਕੋ ਗੱਲ ਹਨ। ਕੀ ਉਤਰ-ਸਨਅਤੀ ਅਰਥਚਾਰੇ ਨੂੰ ਉਤਰ-ਸਰਮਾਇਦਾਰੀ ਕਹਿਣਾ ਠੀਕ ਹੈ? ਇਹ ਸਭ ਕੁਝ ਅਸੀਂ ਕਦੇ ਫਿਰ ਵਿਚਾਰਗੋਚਰੇ ਕਰਾਂਗੇ।

(ਨੋਟ- ਸ੍ਰੀ ਬ਼ਲਦੇਵ ਦੂਹੜੇ ਦਾ ਇਹ ਲੇਖ ਪਿਛਲੇ ਅੰਕ ਵਾਸਤੇ ਕੁਝ ਦੇਰ ਨਾਲ ਪ੍ਰਾਪਤ ਹੋਇਆ ਸੀ। ਇਹ ਪ੍ਰੀਤਮ ਸਿੰਘ ਦੇ ਲੇਖ ਦੇ ਆਰਥਕ ਪੱਖ ਦਾ ਵਿਸ਼ਲੇਸ਼ਣ ਕਰਦਾ ਹੈ। ਜੇ ਪ੍ਰੀਤਮ ਸਿੰਘ ਹੋਰੀਂ ਇਸ ਦਾ ਉੱਤਰ ਦੇਣਾ ਚਾਹੁੰਣ ਤਾਂ ਅਸੀਂ ਛਾਪ ਕੇ ਖੁਸ਼ ਹੋਵਾਂਗੇ।) —ਸੰਪਾਦਕ





## ਹਮੀਰਗੜ੍ਹ (ਨਾਵਲ)

-(ਰਾਮ ਸਰੂਪ ਅਣਖੀ)

ਨਾਵਲਕਾਰ ਰਾਮ ਸਰੂਪ ਅਣਖੀ ਨੇ ਇਕ ਵੱਡ ਅਕਾਰੀ ਐਪਿਕ ਪੱਧਰ ਦਾ ਨਾਵਲ ਲਿਖਣ ਦੀ ਵਿਉਂਤ ਬਣਾਈ ਹੈ। ਉਸਦਾ ਪਹਿਲਾਂ ਭਾਗ 'ਸਰਦਾਰੋ' ਸੀ। ਉਕਤ ਨਾਵਲ ਹਮੀਰਗੜ੍ਹ ਵਡੇ ਨਾਵਲ 'ਦੁੱਲੇ ਦੀ ਢਾਬ' ਦਾ ਦੂਜਾ ਹਿੱਸਾ ਹੈ। ਇਸ ਨਾਵਲ ਵਿਚ ਅਣਖੀ ਇਕ ਨਿਮਨ ਕਿਸਾਨ ਪਰਿਵਾਰ ਦੀ ਕਥਾ ਬਿਆਨ ਕਰਦਾ ਹੈ। ਇਸ ਪਰਿਵਾਰ ਵਿਚ ਦੋ ਭਰਾ ਭਜਨਾ ਤੇ ਗੁਰਮੇਲ ਹਨ। ਦੋਨਾਂ ਭਰਾਵਾਂ ਕੋਲ ਦਸ ਕਿੱਲੇ ਜ਼ਮੀਨ ਹੈ। ਭਜਨਾ ਵੱਡਾ ਹੈ। ਉਸਦੀ ਪਤਨੀ ਮਰ ਚੁੱਕੀ ਹੈ। ਉਸਦੇ ਦੋ ਮੁੰਡੇ ਸ਼ਾਮ ਤੇ ਰਾਮ ਹਨ। ਗੁਰਮੇਲ ਛੋਟਾ ਤੇ ਤਲਖ ਸੁਭਾਅ ਦਾ ਹੈ। ਉਹ ਆਪਦੇ ਭਤੀਜਿਆਂ ਤੇ ਹੋਰ ਲੋਕਾਂ ਨਾਲ ਬਹੁਤ ਹੀ ਰੁਖਾ ਵਰਤਾ ਕਰਦਾ ਹੈ। ਉਸਦੀ ਪਤਨੀ ਜਲਕੌਰ ਹੈ। ਇਹਨਾਂ ਦੇ ਕੋਈ ਔਲਾਦ ਨਹੀਂ ਹੈ। ਜਲਕੌਰ ਪਰਿਵਾਰ ਦੀਅਹਿਮ ਮੈਂਬਰ ਹੈ। ਹਕੀਕਤ ਵਿਚ ਸਾਰੇ ਪਰਿਵਾਰ ਨੂੰ ਇਕੱਠਾ ਇਸੇ ਨੇ ਰੱਖਿਆ ਹੋਇਆ ਹੈ। ਇਸ ਨੂੰ ਨਾਵਲ ਦੀ ਨਾਇਕਾ ਵੀ ਕਿਹਾ ਜਾ ਸਕਦਾ ਹੈ। ਗੁਰਮੇਲ ਦੇ ਬੁਰੇ ਸੁਭਾਅ ਕਾਰਨ ਵੱਡਾ ਮੁੰਡਾ ਸ਼ਾਮ ਫੌਜ ਵਿਚ ਭਰਤੀ ਹੋ ਜਾਂਦਾ ਹੈ। ਛੋਟੇ ਰਾਮ ਦੇ ਹੱਥ ਦੀਆਂ ਦੋ ਉਂਗਲਾਂ ਵੱਢੀਆਂ ਜਾਂਦੀਆਂ ਹਨ। ਉਹ ਦਸਵੀਂ ਜਮਾਤ ਵਿਚੇ ਛੱਡ ਕੇ ਸਾਧਾਂ ਦੇ ਡੇਰੇ ਜਾ ਬਹਿੰਦਾ ਹੈ। ਪਹਿਲਾਂ ਪਿੰਡ ਦੇ ਚਿਬੜਦਾਸ ਦੇ ਡੇਰੇ ਰਹਿੰਦਾ ਹੈ। ਪਿੱਛੋ ਦੁਲੇ ਦੀ ਢਾਬ, ਜਾ ਬਹਿੰਦਾ ਹੈ।

ਜਲਕੌਰ ਮਲਵਈ ਜੱਟ ਮੁਹਾਵਰੇ ਅਨੁਸਾਰ ਚੰਗੇ ਖਲਣੇ ਦੀ ਹੈ। ਜਿਹੜੀ ਪਰਿਵਾਰ ਨੂੰ ਇਕੱਠਾ ਰੱਖਦੀ ਹੈ। ਉਹ ਆਪਣੇ ਜੇਠ ਭਜਨੇ ਨਾਲ ਕਾਮਕ ਸਬੰਧ ਉਸ ਸਮੇਂ ਜੋੜ ਲੈਂਦੀ ਹੈ ਜਦੋਂ ਉਹਦੀ ਆਪਦੀ ਪਤਨੀ ਜਿਉਂਦੀ ਸੀ। ਜਲਕੁਰ ਕਾਮਕ ਰੁਚੀਆਂ ਵਾਲੀ ਹੈ। ਉਹ ਭਜਨੇ ਤੋਂ ਬਿਨਾਂ ਆਪਣੇ ਸੀਰੀ ਸੰਤੋਖ ਤੇ ਭੀਖੀ ਤੋਂ ਫਤਿਹ ਸਿੰਘ ਨਾਲ ਵੀ ਸਬੰਧ ਜੋੜ ਲੈਂਦੀ ਹੈ। ਗੁਰਮੇਲ ਸੰਤੇ ਦਾ ਕਤਲ ਕਰ ਦਿੰਦਾ ਹੈ ਅਤੇ ਕੈਦ ਹੋ ਜਾਂਦਾ ਹੈ। ਭਜਨਾ ਮਰ ਜਾਂਦਾ ਹੈ।

ਰਾਮ ਦੀ ਪਿੰਡ ਤੇ ਡੇਰੇ ਵਿਚ ਚੰਗੀ ਭੱਲ ਬਣ ਹੋਈ ਹੈ। ਪਰ ਉਹ ਉਦਾਸ ਰਹਿੰਦਾ ਹੈ। ਇਕ ਰਮਤੇ ਸਾਧੂ ਨਾਲ ਰਲ ਕੇ ਗੰਗਾ ਤੇ ਹੋਰ ਤੀਰਥਾਂ ਤੇ ਜਾਂਦਾ ਹੈ। ਫਿਰ ਦੁੱਲੇ ਦੀ ਢਾਬ ਵਾਲਾ ਡੇਰਾ ਸਾਂਭ ਲੈਂਦਾ ਹੈ। ਇਥੇ ਵੀ ਉਹਦੀ ਚੰਗੀ ਮਹਿਮਾਂ ਹੁੰਦੀ ਹੈ। ਚੰਗਾ ਚੜ੍ਹਾਵਾ ਚੜ੍ਹਦਾ ਹੈ। ਡੇਰੇ ਦਾ ਵਿਕਾਸ ਹੁੰਦਾ ਹੈ। ਡੇਰੇ ਵਿਚ ਰਾਮ ਤੋਂ ਬਿਨਾ ਇਕ ਹੋਰ ਮੁੰਡਾ ਸੁਖੂ ਵੀ ਹੁੰਦਾ ਹੈ। ਡੇਰੇ ਵਿਚ ਨੇੜਲੇ ਪਿੰਡਾਂ ਤੋਂ ਮੁੰਡੇ ਕੁੜੀਆਂ ਪੜ੍ਹਨ ਆਉਂਦੇ ਹਨ। ਪਿੰਡ ਟਿੱਬੇ ਤੋਂ ਆਉਂਦੀ ਇਕ ਅਲੜ ਕੁੜੀ ਮਨਜੀਤ ਕੌਰ ਉਰਫ ਮਘੋਂ ਸੁਖੂ ਤੋਂ ਹਾਮਲਾ ਹੋ ਜਾਂਦੀ ਹੈ। ਸੁਖੂ ਡੇਰਾ ਛੱਡੇ ਕੇ ਭੱਜ ਜਾਂਦਾ ਹੈ। ਰਾਮ ਆਪਦੇ ਵੱਡੇ ਭਰਾ ਫੌਜੀ ਸ਼ਾਮ ਸਿੰਘ ਨੂੰ ਜਿਹੜਾ ਪਿੰਡ ਹੌਲਦਾਰੀ ਪੈਨਸ਼ਨ ਆ ਗਿਆ ਹੁੰਦਾ ਹੈ। ਇਹ ਦਸਕੇ ਕਿ ਹਮਲ ਮੇਰਾ ਹੈ। ਮਘੋਂ ਦਾ ਵਿਆਹ ਕਰਵਾ ਦਿੰਦਾ ਹੈ। ਮਘੋਂ ਦੇ ਸੁਖੂ ਦਾ ਮੁੰਡਾ ਹੁੰਦਾ ਹੈ। ਉਹ ਉਸ ਦਾ ਨਾਂ ਸੁਖ ਰੱਖਦੀ ਹੈ। ਸੁਖੂ ਡੇਰਾ ਛਡਕੇ ਪਿੰਡ ਚਲਾ ਜਾਂਦਾ ਹੈ ਤੇ ਫਿਰ ਦੁਧ ਵੇਚਣ ਦਾ ਕੰਮ ਕਰਨ ਲੱਗ ਜਾਂਦਾ ਹੈ। ਉਹਨੂੰ ਮਘੋਂ ਯਾਦ ਆਉਂਦੀ ਹੈ। ਮਘੋਂ ਵੀ ਉਸਨੂੰ ਭੁੱਲੀ ਨਹੀਂ ਹੁੰਦੀ। ਇਕ ਦਿਨ ਉਹ ਉਹਨੂੰ ਮਿਲਣ ਹਮੀਰਗੜ੍ਹ ਜਾਂਦਾ ਹੈ। ਉਹ ਉਹਦੇ ਨਾਲ ਰਸਮੀ ਜਿਹੀ ਗਲ ਕਰਦੀ ਹੈ। ਪਿਛੋਂ ਆਪਣੇ ਘਰ ਵਾਲੇ ਨੂੰ ਇਹ ਕਹਿਕੇ ਕਿ ਇਕ ਦੁਲੇ ਦੀ ਢਾਬ ਡੇਰੇ ਆਉਂਦਾ ਹੁੰਦਾ ਸੀ। ਇਹ ਚੰਗਾ ਬੰਦਾ ਨਹੀਂ ਹੈ। ਇਸਨੂੰ ਮੂੰਹ ਲਾਉਣ ਦੀ ਲੋੜ ਨਹੀਂ ਹੈ। ਗਲ ਮੁਕਾ ਦਿੰਦੀ ਹੈ। ਗੁਰਮੇਲ ਕੈਦ ਕੱਟ ਕੇ ਆ ਜਾਂਦਾ ਹੈ ਪਰ ਸੱਪ ਲੜਕੇ ਮਰ ਜਾਂਦਾ ਹੈ।

ਅਣਖੀ ਹੁਣ ਪਕਰੋੜ ਕਲਾਕਾਰ ਹੋ ਗਿਆ ਹੈ। ਉਸਨੂੰ ਗਲ ਕਹਿਣੀ ਆਉਂਦੀ ਹੈ। ਉਸ ਕੋਲ ਭਾਂਡਾ ਤਿਆਰ ਹੁੰਦਾ ਹੈ, ਕੇਵਲ ਉਸ ਵਿਚ ਵਸਤੂ ਪਾਉਣ ਦੀ ਲੋੜ ਹੁੰਦੀ ਹੈ। ਪਰੰਤੂ ਹਾਲੇ ਅਣਖੀ ਵਸਤੂ ਵੱਲ ਬਹੁਤਾ ਧਿਆਨ ਨਹੀਂ ਦਿੰਦਾ, ਜਿਸ ਦੀ ਅਜਿਹੇ ਕਲਾਕਾਰ ਤੋਂ ਮੰਗ ਕੀਤੀ ਜਾ ਸਕਦੀ ਹੈ। ਹਥਲੇ ਨਾਵਲ ਵਿਚ ਕਥਾ ਰੌਚਕ ਹੈ। ਪਲਾਟ ਗੁੰਦਵਾਂ ਹੈ। ਲੜੀ ਨਾਲ ਲੜੀ ਜੁੜਦੀ ਜਾਂਦੀ ਹੈ। ਪਰੰਤੂ ਨਾਵਲ ਦੇ ਪਾਤਰ ਸਧਾਰਨ ਵਿਅਕਤੀ ਹਨ। ਜਿੰਨ੍ਹਾਂ ਦਾ ਸਰੋਕਾਰ ਕੇਵਲ ਆਪਦੇ ਆਪ ਜਾ ਆਪਦੇ ਘਰ ਤਕ ਹੀ ਹੈ। ਉਸ ਤੋਂ ਬਾਹਰ ਨਹੀਂ। ਪਿੰਡਾਂ ਦੇ ਲੋਕ ਆਪਦੇ ਆਪ ਵਿਚ ਜਿਉਂਦੇ ਹਨ। ਬਾਹਰਲੀ ਦੁਨੀਆਂ ਨਾਲ ਕੋਈ ਸਬੰਧ ਨਹੀਂ ਹੈ। ਕੇਵਲ ਕਦੇ ਕਦਾਈ ਕੋਈ ਘਟਨਾ ਕੁਝ ਹਿਲਜੁਲ

ਪੈਦਾ ਕਰਦੀ ਹੈ। ਫਿਰ ਸਭ ਕੁਝ ਪਹਿਲਾਂ ਵਾਂਗ ਹੀ ਹੋ ਜਾਂਦਾ ਹੈ। ਨਾਵਲ ਦੀਆਂ ਸਾਰੀਆਂ ਅਹਿਮ ਇਸਤਰੀ ਪਾਤਰਾਂ ਇਕੋ ਜਿਹੀਆਂ ਹਨ। ਸਾਰੀਆਂ ਹੀ ਪਰਾਏ ਮਰਦਾਂ ਦਾ ਸੰਗ ਕਰਦੀਆਂ ਤੇ ਭੋਗਦੀਆਂ ਹਨ। ਜਲਕੌਰ, ਭੀਖੀ ਵਾਲੀ ਤੇਜੋ ਤੇ ਮਨਜੀਤ ਮਘੋਂ। ਜਲ ਕੌਰ ਨੇ ਜੇਠ, ਸੀਰੀ ਤੇ ਭੀਖੀ ਵਾਲੇ ਫਤਿਹ ਸਿੰਘ, ਤੇਜੋ ਨੇ ਆਪਣੇ ਸਾਰੇ ਦਿਉਰ ਜੇਠ ਤੇ ਸ਼ਾਮ ਸਿੰਘ ਫੌਜੀ ਅਪੋ ਨੇ ਸੁਖੂ, ਫੌਜੀ ਤੇ ਕਿਰਪਾਲ ਸਾਂਝੇ ਹੋਏ ਹਨ। ਪੰਜਾਬੀ ਇਸਤਰੀ ਦੀ ਇਹ ਕਿਹੋ ਜਿਹੀ ਤਸਵੀਰ ਹੈ? ਇਹ ਕਿਸ ਕਲਚਰ ਦੀ ਪੇਸ਼ਕਾਰੀ ਹੈ? ਅਣਖੀ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਦੁੱਲੇ ਦੀ ਢਾਬ ਦੇ ਪਹਿਲੇ ਦੋ ਹਿੱਸੇ ਵਾਹਵਾ ਰੌਚਕ ਤਾਂ ਹਨ ਪਰੰਤੂ ਇਹਨਾਂ ਵਿਚੋਂ ਹਾਲੇ ਐਪਿਕ ਨਾਵਲ ਦਾ ਕੋਈ ਝਲਕਾਰਾ ਨਹੀਂ ਪੈਂਦਾ। ਐਪਿਕ ਨਾਵਲ ਕੇਵਲ ਅਕਾਰ ਵਿਚ ਹੀ ਵੱਡਾ ਨਹੀਂ ਹੁੰਦਾ। ਉਸ ਨੂੰ ਉਸਦਾ ਵਿਸ਼ਾ ਵਸਤੂ ਐਪਿਕ ਬਣਾਉਣਾ ਪੈਂਦਾ ਹੈ। ਅੱਗੇ ਦੇਖੋ ਕੀ ਹੁੰਦਾ ਹੈ।

**ਸੁਰਜੀਤ ਗਿੱਲ**

### ਦੋ ਟਾਪੂ (ਜਰਨੈਲ ਸਿੰਘ)

ਮੈਨੂੰ ਕੀ (1981) 'ਮਨੁੱਖ ਤੇ ਮਨੁੱਖ) (1983) ਅਤੇ ਸਮੇਂ ਦੇ ਹਾਣੀ (1987) ਤਿੰਨ ਕਹਾਣੀ-ਸੰਗ੍ਰਹਿ ਦੇ ਕੇ ਪੰਜਾਬ ਵਿੱਚ ਰਹਿੰਦਿਆਂ ਸ਼੍ਰੀ ਜਰਨੈਲ ਸਿੰਘ ਦੀ ਕਹਾਣੀਕਾਰ ਪੱਖੋਂ ਪਛਾਣ ਨਾ ਬਣੀ, ਪਰ ਕਨੈਡਾ ਦਾ ਪਰਿਵੇਸ਼ ਉਸਦੀ ਸਿਰਜਨਾਤਮਕ ਪ੍ਰਤਿਭਾ ਨੂੰ ਅਜੇਹਾ ਰਾਸ ਆਇਆ ਕਿ ਉਸ ਦਾ "ਦੋ ਟਾਪੂ" ਕਹਾਣੀ-ਸੰਗ੍ਰਹਿ ਉਸਦੀ ਸਥਾਪਤੀ ਦਾ ਦੂਤ ਬਣ ਕੇ ਆਇਆ। ਵਿਸ਼ਾ-ਵਸਤੂ ਦੀ ਚੋਣ ਤੇ ਬਿਰਤਾਂਤਿਕ ਪ੍ਰਗਤਗੀ ਨੇ ਉਸਨੂੰ ਸਥਾਪਿਤ ਕਹਾਣੀਕਾਰਾਂ ਵਿੱਚ ਲਿਆ ਖੜਾ ਕੀਤਾ।

ਪਰਵਾਸੀ ਜੀਵਨ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਨ੍ਹਾਂ ਸਮੱਸਿਆਵਾਂ ਦਾ ਵਿਕਰਾਲ ਰੂਪ ਉਸ ਸਮੇਂ ਵੱਧ ਸਾਹਮਣੇ ਆਉਂਦਾ ਹੈ, ਜਦੋ ਪਰਵਾਸੀ ਜੀਵਨ ਵਿੱਚ ਸਾਂਸਕ੍ਰਿਤਿਕ ਕਦਰਾਂ ਕੀਮਤਾਂ ਦਾ ਦਵੰਦ ਯੂਨਾਨੀ ਨਾਟਕ ਦੀ ਤ੍ਰਾਸਦੀ ਵਾਲਾ ਹੋਵੇ। ਮਾਨਵ ਦੀ ਪ੍ਰਕਿਤਿਕ ਹੋਂਦ ਸਮਾਜ ਦੀ ਸਾਂਸਕ੍ਰਿਤਿਕ ਹੋਂਦ ਨਾਲ ਟਕਰਾਅ ਦੀ ਪ੍ਰਕਿਰਿਆ ਵਿੱਚ ਪੈ ਜਾਵੇ। ਕਿਧਰੇ ਮਨੁੱਖ ਆਪਣੀ ਮੂਲ ਹੋਂਦ ਨੂੰ ਸੰਸਕਿਰਤੀ ਤੋਂ ਵਾਰ ਦਿੰਦਾ ਹੈ ਤੇ ਕਿਧਰੇ ਆਪਣੀ ਹਸਤੀ ਦੀ ਬਰਕਰਾਰੀ ਲਈ ਸਾਂਸਕਿਰਤਿਕ ਦਬਾਉ ਤੋਂ ਆਕੀ ਹੋ ਜਾਂਦਾ ਹੈ। ਇਹ ਦਵੰਦ ਹੀ ਕਨੇਡਾਈ-ਪੰਜਾਬੀ ਭਾਈਚਾਰਾ ਭੋਗਦਾ ਹੈ।

ਪੰਜਾਬੀ ਲੇਖਕ, ਜਰਨੈਲ ਸਿੰਘ ਤੋਂ ਪਹਿਲਾ ਵੀ, ਪਰਵਾਸੀ ਬਣਦੇ ਰਹੇ ਹਨ। ਪਰ 1990 ਤੋਂ ਬਾਅਦ ਹੀ ਇਸ ਦਵੰਦ ਦੀ ਸਾਹਿਤਕ-ਪੇਸ਼ਕਾਰੀ ਹੋਣੀ ਸ਼ੁਰੂ ਹੁੰਦੀ ਹੈ। ਇਸ ਤੋਂ ਪਹਿਲਾ ਝੂਹੇਰਵਾ ਤੇ ਕਰੜੀ ਕਮਾਊ-ਜ਼ਿੰਦਗੀ ਦੇ ਸਰੋਕਾਰ ਹੀ ਪਰਵਾਸੀ ਪੰਜਾਬੀ ਸਾਹਿਤ ਵਿੱਚ ਮਿਲਦੇ ਸਨ। ਜਰਨੈਲ ਸਿੰਘ ਵਰਗੇ ਪ੍ਰਤੀਭਾਸ਼ੀਲ ਲੇਖਕਾਂ ਦੀ ਕਲਮ ਨੇ ਪੰਜਾਬੀ ਪਰਵਾਸੀ ਸਾਹਿਤ ਨੂੰ ਵੀ ਉਸ ਮੁਕਾਮ ਤੱਕ ਪਹੁੰਚਾ ਦਿੱਤਾ ਹੈ, ਜਿਸ ਮੁਕਾਮ ਦੀ ਤਵੱਕੋ ਇਧਰਲੇ ਵਿਦਵਾਨ-ਆਲੋਚਕ ਇਨ੍ਹਾਂ ਤੋਂ ਕਰਦੇ ਸਨ। ਸਾਡੇ ਪ੍ਰਵਾਸੀ-ਲੇਖਕ ਪ੍ਰਵਾਸੀ ਜੀਵਨ ਦੇ ਵਿਭਿੰਨ ਪੱਖਾ ਨੂੰ ਆਪਣੀ ਲੇਖਣੀ ਦਾ ਵਿਸ਼ਾ-ਵਸਤੂ ਬਣਾਉਂਦੇ ਹਨ। ਕਈ ਲੇਖਕ ਪਰਾਏ ਦੇਸ਼ ਵਿੱਚ ਪ੍ਰਵੇਸ਼ ਕਰਨ ਦੀਆਂ ਮੁਸ਼ਕਲਾਂ ਨਸਲੀ ਵਿਤਕਰਾ, ਸਾਂਸਕ੍ਰਿਤਿਕ ਤੇ ਪੀੜ੍ਹੀ-ਪਾੜਾ ਆਦਿ ਸਮੱਸਿਆਵਾਂ ਤੇ ਲਿਖਦੇ ਰਹੇ ਹਨ ਪਰ ਜਰਨੈਲ ਸਿੰਘ ਇਕ ਵਿਲੱਖਣ ਨਜ਼ਰੀਏ ਤੋਂ ਇਨ੍ਹਾਂ ਸਮਸਿਆਵਾਂ ਦੇ ਪਿਛੋਕੜ ਵਿੱਚ ਉਪਜੇ ਦਵੰਦਾਂ ਦੇ ਕਥਾ-ਵਸਤੂ ਨੂੰ ਰੂਪਾਂਤਰਣ ਪੇਸ਼ ਕਰਦਾ ਹੈ।

"ਦੋ ਟਾਪੂ" ਕਹਾਣੀ-ਸੰਗ੍ਰਹਿ ਵਿੱਚ ਉਸਦੀਆਂ ਛੇ ਕਹਾਣੀਆਂ ਹਨ। ਇਨ੍ਹਾਂ ਸਾਰੀਆਂ ਕਹਾਣੀਆਂ ਦੇ ਦੋ-ਦੋ ਜੱਟ ਬਣਾ ਕੇ ਇਨ੍ਹਾਂ ਵਿਚਲੇ ਦਵੰਦਾਂ ਦਾ ਸਾਰਥਿਕ ਅਧਿਐਨ ਹੋ ਸਕਦਾ ਹੈ। 'ਦੋ ਟਾਪੂ' ਤੇ 'ਪਰਛਾਵੇਂ' ਉਸਦੀਆਂ ਦੋ ਅਜਿਹੀਆਂ ਕਹਾਣੀਆਂ ਹਨ, ਜਿਨ੍ਹਾਂ ਵਿੱਚ ਨਾਇਕਾ ਪ੍ਰਕਿਤਿਕ ਹੋਂਦ ਲਈ ਸਾਂਸਕ੍ਰਿਤਿਕ ਕਦਰਾਂ ਕੀਮਤਾਂ ਨੂੰ ਤਲਾਂਜਲੀ ਦੇ ਦਿੰਦੀ ਹੈ। ਦਰ-ਅਸਲ ਪੱਛਮੀ ਪੂੰਜੀਵਾਦੀ ਵਿਅਕਤੀਵਾਦ ਤੇ ਆਪੋ-ਆਪਣੀ ਹਸਤੀ ਦੇ ਮਾਲਕ ਹੋਣ ਦੇ ਸੰਕਲਪ ਮਨੁੱਖ ਦੇ ਪ੍ਰਕਿਤਿਕ ਆਪੇ ਵਿੱਚ ਹੀ ਪਨਪਦੇ ਹਨ ਤੇ ਸਭਿਆਚਾਰ ਤੋਂ ਦੂਰ ਕਰਦੇ ਹਨ। 'ਦੋ ਟਾਪੂ ਦੀ' ਪੁਸ਼ਮਿੰਦਰ ਤੇ 'ਪਰਛਾਵੇਂ' ਦੀ ਬਲਵੀਰ ਆਪਣੇ ਪ੍ਰਕਿਤਿਕ ਅਸਤਿਤਵ ਨੂੰ ਤਰਜੀਹ ਦੇ ਕੇ ਸਭਿਆਚਾਰਕ ਜੀਵਨ-ਮੁੱਲਾਂ ਦੀ ਪ੍ਰਵਾਹ ਨਹੀਂ ਕਰਦੀਆਂ। ਇਸ ਦੇ ਉਲਟ 'ਦੋ ਟਾਪੂ' ਦਾ ਬਲਰਾਜ ਤੇ ਪਰਛਾਵੇ ਦਾ ਕਵੀ ਪੰਜਾਬੀ ਭਾਰਤੀ ਸੰਸਕ੍ਰਿਤੀ ਦੇ ਪ੍ਰਤੀਨਿਧ ਨਾਇਕ ਹਨ। ਕੈਨੇਡਾ ਜਾ ਕੇ ਵੀ ਜਿਨ੍ਹਾਂ ਵਿੱਚ ਭਾਰਤੀ ਆਦਰਸ਼ ਅਤੇ ਮਰਦਾਊ-ਹਉਮੈਂ ਤੇ ਹੈਂਕੜ ਹੈ। ਜਾਗੀਰੂ ਸੰਸਕਾਰ ਕਨੈਡਾ ਆ ਕੇ ਵੀ ਨਹੀਂ ਛੱਡਦੇ।

'ਭਵਿੱਖ' ਤੇ 'ਪੰਧ-ਕਥਾ' ਦਾ ਕਥਾਨਕ ਤੇ ਵਿਸ਼ੇ ਨੂੰ ਇਕੋ ਜੁੱਟ ਵਿਚ ਵੇਖਿਆ ਜਾ ਸਕਦਾ ਹੈ।



ਭਵਿੱਖ ਦੀ ਨਾਇਕਾ ਪਰਵਾਸੀਆਂ ਦੇ ਵਿਅਕਤੀਵਾਦੀ ਭਵਿੱਖ ਦੀ ਆਵਾਜ਼ ਹੈ ਤੇ ਇਸੇ ਤਰ੍ਹਾਂ ਪੰਧ-ਕਥਾ ਦਾ ਨਾਇਕ ਸਾਂਸਕ੍ਰਿਤਿਕ ਮਾਪਿਆ ਅੱਗੇ ਆਕੀ ਹੈ। ਇਹ ਮਾਪੇ ਪੈਸਾ ਕਮਾਉਣ ਨਾਲ ਹੀ ਆਪਣੇ ਸਭਿਆਚਾਰਕ ਦਾਇਰੇ-ਭਾਈਚਾਰੇ ਵਿਚ ਵੱਡੇ ਬਨਣਾ ਚਾਹੁੰਦੇ ਹਨ ਪਰ ਰਵੀ ਆਪਣੀ ਹਸਤੀ ਦਾ ਆਪ ਮਾਲਕ ਬਨਣਾ ਚਾਹੁੰਦਾ ਹੈ। ਭਵਿੱਖ ਦੀ ਨਵਜੋਤ ਕਨੈਡਾਈ ਵਿਦਿਅਕ-ਢਾਂਚੇ ਦੀ ਉੱਪਜ ਹੈ। ਪ੍ਰਕਿਤਿਕ ਜਜ਼ਬੇ ਤਹਿਤ ਪਿਆਰ-ਸੰਬੰਧ ਕਾਇਮ ਕਰਦੀ ਹੈ ਪਰ ਭਾਰਤੀ ਸਭਿਆਚਾਰਕ ਬਾਪ ਨੂੰ ਉਸਦਾ ਇਹ ਕਾਮ ਸਵਿਕਾਰ ਨਹੀਂ। ਨਵਜੋਤ ਮਾਪਿਆਂ ਦਾ ਘਰ ਛੱਡਕੇ ਪ੍ਰੇਮੀ ਡੋਰਥੀ ਕੋਲ ਚਲੀ ਜਾਂਦੀ ਹੈ। ਉਹ ਇਹ ਵੀ ਨਹੀਂ ਸਮਝਦੀ ਕਿ ਕਨੈਡਾਈ ਸਭਿਆਚਾਰ ਵਿੱਚ ਖੁੱਲ ਤਾਂ ਹੈ। ਪਰ ਖਲੂਸ ਨਹੀਂ।

'ਪਛਾਣ' ਤੇ 'ਜੜਾਂ' ਵੀ ਇੱਕ ਜੁੱਟ ਵਿੱਚ ਪੜ੍ਹੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਸਭਿਆਚਾਰਕ ਅਸਤਿਤਵ ਦੇ ਪ੍ਰਤੀਨਿਧ ਝੁਕਣ ਲਈ ਤਿਆਰ ਨਹੀਂ ਹਨ। ਕਿਨਾਰਾ ਕਸ਼ੀ ਕਰਨ ਲਈ ਤਤਪਰ ਹਨ। ਪਰ ਅੱਖੀਂ ਵੇਖ ਕੇ ਮੱਖੀਂ ਨਿਗਲਣ ਲਈ ਤਿਆਰ ਨਹੀਂ ਹੁੰਦੇ। ਪਛਾਣ ਦਾ ਬਜ਼ੁਰਗ ਸੁਲੱਖਣ ਸਿੰਘ ਆਪਣੀ ਪੋਤੀ ਪੈਮ ਨੂੰ ਅੰਗਰੇਜ਼ ਡੇਵ ਨਾਲ ਪ੍ਰਾਕ੍ਰਿਤਿਕ ਸਬੰਧਾਂ ਵਿੱਚ ਉਲਝੀ ਵੇਖ ਲੈਂਦਾ ਹੈ ਤੇ ਦੁੱਖੀ ਹੁੰਦਾ ਹੈ ਪਰ ਉਸਦੇ ਨੂੰਹ-ਪੁੱਤ ਵੀ ਉਸਦੇ ਨਿਰਧਾਰਿਤ ਕੀਤੇ ਸਾਂਸਕ੍ਰਿਤਿਕ ਮੁੱਲਾਂ ਤੋ ਬਾਗੀ ਹਨ। ਇਸ ਨਮੋਸ਼ੀ ਦਾ ਮਾਰਿਆ ਉਹ ਓਲਡ ਏਜ ਹੋਮ ਵਿਚ ਚਲਿਆ ਜਾਂਦਾ ਹੈ। ਇਸੇ ਤਰ੍ਹਾਂ ਜੜ੍ਹਾਂ ਦਾ ਪ੍ਰੋਫੈਸਰ ਕਨੈਡਾ ਦੇ ਨਸਲੀ-ਸਭਿਆਚਾਰ ਤੋਂ ਤੰਗ ਆਇਆ ਭਾਰਤ ਵਾਪਸ ਚਲਿਆ ਜਾਂਦਾ ਹੈ ਤਾਂ ਜੋ ਉਥੇ ਜਾ ਕੇ ਕਿਸੇ ਬਾਹਰੀ ਦਬਾਉ ਤੋਂ ਮੁਕਤ ਹੋ ਕੇ ਪ੍ਰਕ੍ਰਿਤੀ ਵਾਲਾ ਜੀਵਨ ਗੁਜ਼ਾਰ ਸਕੇ। ਪ੍ਰਕ੍ਰਿਤੀ ਦੇ ਨੇੜੇ ਰਹਿਣ ਲਈ ਹੀ ਉਹ ਪੰਜਾਬ ਵਿੱਚ ਬਾਗਵਾਨੀ ਕਰਦਾ ਹੈ। ਕੋਈ ਫੈਕਟਰੀ ਨਹੀਂ ਲਾਉਂਦਾ। ਪਰ ਪੰਜਾਬ ਵਿੱਚ ਆਤੰਕਵਾਦੀ ਸਭਿਆਚਾਹ ਵਿੱਚ ਵੀ ਉਸ ਦੀ ਪ੍ਰਕ੍ਰਿਤਿਕ ਹੋਂਦ ਦਾ ਸਾਹ ਘੁਟਦਾ ਹੈ। ਉਸਦੇ ਪੁੱਤਰ ਨੂੰ ਵੀ ਸਰਕਾਰੀ ਆਤੰਕਵਾਦੀਏ (ਪੁਲਸ) ਚੁੱਕ ਕੇ ਲੈ ਜਾਂਦੀ ਹੈ। ਇਸ ਕਰਕੇ ਪ੍ਰੋਫੈਸਰ ਫਿਰ ਕਨੈਡਾ ਜਾਣ ਦੀ ਤਿਆਰੀ ਕਰ ਲੈਂਦਾ ਹੈ। ਗਲ ਕੀ ਨਾ ਹੀ 'ਪਛਾਣ' ਦੇ ਸੁਲੱਖਣ ਸਿੰਘ ਦੀ ਕਨੇਡਾ ਵਿਖੇ ਕੋਈ ਸਾਂਸਕ੍ਰਿਤਿਕ ਪਛਾਣ ਬਣਦੀ ਹੈ ਤੇ ਨਾ ਹੀ 'ਜੜ੍ਹਾਂ' ਦੇ ਨਾਇਕ ਦੀ ਭਾਰਤ-ਕਨੇਡਾ 'ਚ ਵਿਅਕਤੀਗਤ (ਪ੍ਰਾਕ੍ਰਿਤਿਕ) ਜੜ੍ਹ ਲਗਦੀ ਹੈ। ਇਹੀ ਦਵੰਦ ਹੈ। ਇਹੋ ਕਨੇਡਾਈ ਪੰਜਾਬੀ ਭਾਈਚਾਰੇ ਦੀ ਤ੍ਰਾਸਦੀ ਹੈ। ਜਰਨੈਲ ਸਿੰਘ ਦੇ ਕਹਾਣੀ-ਸੰਗ੍ਰਹਿ ਦੋ ਟਾਪੂ ਦੀਆਂ ਕਹਾਣੀਆਂ ਦਾ ਅਧਿਐਨ ਪ੍ਰਕ੍ਰਿਤੀ ਤੇ ਸੰਸਕ੍ਰਿਤੀ ਦੇ ਆਪਸੀ ਦਵੰਦਾਂ ਦੇ ਸੰਦਰਭ ਵਿੱਚ ਦਿਲਚਸਪ ਸਿੱਟੇ ਸਾਹਮਣੇ ਲਿਆਉਂਦਾ ਹੈ।

**-ਡਾ. ਲਾਭ ਸਿੰਘ ਖੀਵਾ**

### ਮਹੱਤਵ ਪੂਰਣ ਪਰ ਮਾਡਲ ਨਹੀਂ 'ਬਿਰਤਾਂਤ ਦੀਆਂ ਕਹਾਣੀਆਂ'

ਗੁਰਮੀਤ ਕੱਲਰਮਾਜਰੀ ਦਾ ਸੰਪਾਦਿਤ ਕਹਾਣੀ ਸੰਗ੍ਰਹਿ 'ਬਿਰਤਾਂਤ' ਕਈ ਕੁਝ ਸੋਚਣ ਲਈ ਮਜ਼ਬੂਰ ਕਰਦਾ ਹੈ। ਪਹਿਲਾ ਇਹ ਕਿ ਪੰਜਾਬੀ ਕਹਾਣੀਕਾਰਾਂ ਦੀ ਬਿਰਤਾਂਤ ਉਪਰ ਪਕੜ ਏਨੀ ਮਜ਼ਬੂਤ ਹੈ ਕਿ ਉਨ੍ਹਾਂ ਨੂੰ ਬ੍ਰਿਤਾਂਤ ਦੇ ਅੰਤ ਦਾ ਕੋਈ ਖਤਰਾ ਨਹੀਂ ਜਿਹੜਾ ਉਤਰ-ਆਧੁਨਿਕਤਾਵਾਦੀ ਸੋਚ ਦਾ ਬਹੁਤ ਵੱਡਾ ਹਊਆ ਹੈ। ਪੰਜਾਬੀ ਨਾਵਲ ਨੂੰ ਦੇਖ ਕੇ ਤਾਂ ਸਾਡੀ ਇਹ ਧਾਰਣਾ ਹੋਰ ਵੀ ਪੱਕੀ ਹੋ ਜਾਂਦੀ ਹੈ। ਵੈਸੇ ਉਤਰ-ਆਧੁਨਿਕਤਾ ਨੂੰ ਮੰਨਣ ਵਾਲੇ ਵੀ ਅੱਜ ਦਾ ਯੁੱਗ ਨਾਵਲ ਦਾ ਯੁੱਗ ਮੰਨਦੇ ਹਨ। ਫਿਰ ਬਿਰਤਾਂਤ ਦਾ ਅੰਤ ਤਾਂ ਹੋਇਆ ਨਾ!

ਦੂਜਾ ਪੱਖ ਇਹ ਸਾਹਮਣੇ ਆਉਂਦਾ ਹੈ ਕਿ ਕੱਲਰਮਾਜਰੀ ਨੇ ਦੇਸੀ-ਪ੍ਰਦੇਸੀ ਖਾਨੇ ਨਹੀਂ ਬਣਾਏ, ਸਗੋਂ ਸਾਰੇ ਵਿਸ਼ਵ ਦੀ ਕਹਾਣੀ ਨੂੰ ਇਕੋ ਧਾਰਾ ਮੰਨ ਕੇ ਸੰਗ੍ਰਹਿ ਦਾ ਸੰਪਾਦਨ ਕੀਤਾ ਹੈ। ਜਰਨੈਲ ਸਿੰਘ ਹਰਜੀਤ ਅਟਵਾਲ ਇਸੇ ਮੁਖ ਧਾਰਾ ਵਿੱਚ ਸ਼ਾਮਿਲ ਹਨ।

ਕੱਲ ਮਾਜਰੀ ਦਾ ਇਹ ਮੰਨਣਾ ਹੈ ਕਿ ਇਸ ਸੰਗ੍ਰਹਿ ਵਿਚ, "ਪਿਛਲੇ ਦੋ ਦਹਾਕਿਆਂ 'ਚ ਪੰਜਾਬੀ ਕਹਾਣੀ ਵਿਚ ਮਾਡਲ ਦੇ ਰੂਪ 'ਚ ਉਭਰੇ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ" ਸ਼ਾਮਲ ਹਨ। ਪਰ ਨਾਲ ਹੀ ਇਹ ਵੀ ਮੰਨਿਆਂ ਗਿਆ ਹੈ ਕਿ, "ਮੇਰੀ ਇਹ ਇੱਛਾ ਸੀ ਕਿ ਇਹ ਕਥਾ ਸੰਗ੍ਰਹਿ ਪੰਜਾਬੀ ਕਹਾਣੀ ਦੇ ਬਿਰਤਾਂਤ ਬਾਰੇ ਹੋਰ ਮਸਲੇ ਉਠਾ ਸਕਦਾ, ਪ੍ਰੰਤੂ ਪੁਸਤਕ ਦੀ ਸੀਮਾ ਦੇ ਕਾਰਣ ਮੈਂ ਚਾਹੁੰਦਿਆਂ ਹੋਇਆ ਵੀ ਵਿਸ਼ੇਸ਼ ਕਰਕੇ ਇਸਤਰੀ ਕਥਾਕਾਰਾਂ ਦੀ ਪ੍ਰਤੀਨਿਧਤਾ ਨਹੀਂ ਕਰਵਾ ਸਕਿਆ।" ਸਪੱਸ਼ਟ ਹੈ ਇਸ ਸੰਗ੍ਰਹਿ ਵਿਚ ਸਾਰੇ "ਮਾਡਲ ਦੇ ਰੂਪ ਵਿਚ ਉਭਰੇ" ਕਹਾਣੀਕਾਰ ਪੇਸ਼ ਨਹੀਂ। ਇਸੇ ਲਈ ਲਾਲ ਸਿੰਘ, ਬਲਦੇਵ ਧਾਲੀਵਾਲ, ਬਿਲਿੰਗ, ਬਲਦੇਵ ਸਿੰਘ, ਪਰਵੇਲ ਸੰਧੂ

ਆਦਿ ਕਹਾਣੀਕਾਰ ਇਸ ਵਿਚ ਸ਼ਾਮਿਲ ਨਹੀਂ ਹੋ ਸਕੇ।

ਗੁਰਮੀਤ ਕੱਲਮਾਜਰੀ ਨੇ ਅਜੋਕੀ ਪੰਜਾਬੀ ਕਹਾਣੀ ਦੇ ਕੁਝ ਪਛਾਣ ਚਿੰਨ ਨਿਸ਼ਚਿਤ ਕੀਤੇ ਹਨ। ਜਿਵੇਂ ਅਜੋਕੀ ਕਹਾਣੀ ਪੰਜਾਬੀ ਜਨ-ਜੀਵਨ ਦੀ ਪਛਾਣ ਹਿਤ ਜੂਝ ਰਹੀ ਹੈ। ਦੂਸਰੇ ਇਹ ਸਮਾਜਕ-ਸਭਿਆਚਾਰਕ ਤੇ ਰਾਜਨੀਤਕ ਵਿਵਸਥਾ ਤੋਂ ਇਕ ਕਦਮ ਅੱਗੇ ਟੁਰਦੀ ਹੈ ਇਕ ਵਰਜਿਤ ਪ੍ਰਬੰਧ ਨੂੰ ਆਪਣੇ ਉਚਾਰ ਵਿਚ ਸਮਾਉਂਦੀ ਹੈ। ਪੇਂਡੂ ਨਿਮਨ ਕਿਸਾਨੀ ਦੇ ਜੀਵਨ ਨਾਲੋ ਸੰਬੰਧਿਤ ਬਹੁਤ ਸਾਰੀਆਂ ਕਹਾਣੀਆਂ ਹਨ। "ਬਦਲਦੀਆਂ ਪ੍ਰਸਥਿਤੀਆਂ ਵਿਚ ਪੰਜਾਬੀ ਸਾਹਿਤ ਵਿਚ ਕੁਝ ਅਣਛੋਹੇ ਤੇ ਮਹੱਤਵਪੂਰਨ ਵਰਗਾਂ ਦੇ ਯਥਾਰਥ ਨੂੰ ਨਿਰੂਪਿਤ ਕਰਨ ਦਾ ਪ੍ਰਯਾਸ ਕੀਤਾ ਗਿਆ ਹੈ।" ਇਨ੍ਹਾਂ ਵਿਚਾਰਾਂ ਉਪਰ ਨਿਸ਼ਚਿਤ ਚਰਚਾ ਦੀ ਗੁੰਜਾਇਸ਼ ਹੈ ਜੋ ਅਸੀਂ ਕਿਸੇ ਹੋਰ ਸਮੇਂ ਤੇ ਛੱਡਦੇ ਹਾਂ।

ਕਾਮ ਸੰਬੰਧਾਂ ਦਾ ਵਿਸ਼ਾ ਸਾਡੀਆਂ ਧਾਰਮਿਕ ਮਾਨਤਾਵਾਂ ਅਤੇ ਸਮਾਜਿਕ ਆਦਰਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਉਨ੍ਹਾਂ ਨਾਲ ਪਾਠਕ ਜੁੜੇ ਹੋਏ ਸਨ ਤੇ ਹੁਣ ਵੀ ਹਨ-ਇਕ ਤਰ੍ਹਾਂ ਵਰਜਿਤ ਵਿਸ਼ਾ ਰਿਹਾ ਹੈ, ਜਾਂ ਇਉਂ ਕਹੋ ਕਿ ਇਹ ਪਲਾਟਾਨਿਕ ਲਵ ਤਕ ਸੀਮਤ ਸੀ। ਪਰ ਸਮੇਂ ਦੇ ਪਰਿਵਰਤਨ ਨਾਲ ਧਾਰਮਿਕ ਮਾਨਤਾਵਾਂ ਅਤੇ ਨੈਤਿਕ ਮੁੱਲਾ ਦਾ ਹਰਾਸ ਹੋਇਆ ਹੈ ਜਾਂ ਫਿਰ ਉਹ ਸਿਰਫ ਬਾਹਰੀ ਦਿਖਾਵਾ ਮਾਤਰ ਰਹਿ ਗਿਆ ਹੈ। ਇਸ ਸਥਿਤੀ ਵਿਚ ਕਈ ਵਾਰ ਲੋਚੋਂ ਬਗੈਰ ਕੇਵਲ ਸੁਆਦ ਲੈਣ ਲਈ ਕਾਮ ਦਾ ਪ੍ਰਗਟਾਵਾ ਉਪਰਲੀ ਮੱਧ ਸ਼੍ਰੇਣੀ ਦੀ ਬਿਗੜੀ ਜਿਨਸੀ ਪ੍ਰਕ੍ਰਿਤੀ ਦਾ ਪ੍ਰਗਟਾ ਮਾਤਰ ਬਣ ਜਾਂਦਾ ਹੈ। (ਪ੍ਰੇਮ ਪ੍ਰਕਾਸ਼ ਅਨੁਸ਼ਠਾਨ) ਕਹਾਣੀਕਾਰ ਜਿਨਸੀ ਰਿਸ਼ਤਿਆਂ ਦੇ ਅਨੇਕਾਂ ਰੰਗਾਂ ਨੂੰ ਪੇਸ਼ ਕਰਦੇ ਹਨ ਕਈ ਵਾਰ ਜਾਣ ਬੁੱਝ ਕੇ ਅਜਿਹੇ ਵਿਸ਼ਿਆਂ ਦੀ ਚੋਣ ਵੀ ਕਰਦੇ ਹਨ। ਇਕ ਰੰਗ ਹਰਜੀਤ ਅਟਵਾਲ ਦੀ ਕਹਾਣੀ 'ਪੁਲ' ਵਿਚ ਹੈ। ਇਥੇ ਇਕ ਔਰਤ ਪਾਤਰ ਆਪਣੇ ਨਾ-ਪਸੰਦ ਮਰਦ ਨਾਲ ਤਣਾਉ ਦੀ ਸਥਿਤੀ ਵਿਚ ਰਹਿੰਦੀ ਹੈ, ਪ੍ਰੰਤੂ ਮਨਪਸੰਦ ਪਾਤਰ ਦੇ ਸਾਹਮਣੇ ਹੁੰਦਿਆਂ ਭਾਵੇਂ ਉਹ ਉਸਨੂੰ ਭੋਗ ਨਹੀਂ ਸਕਦੀ ਪਰ, ਉਹ ਉਸਦੀ ਹੋਂਦ ਸਦਕਾ ਮਾਨਸਿਕ ਤਣਾਅ ਤੋਂ ਮੁਕਤ ਰਹਿੰਦੀ ਹੈ। ਅਜਿਹੀਆਂ ਕਹਾਣੀਆਂ ਵਿਚ ਕਹਾਣੀਕਾਰ ਲਗ-ਲਪੇਟ ਦੀ ਥਾਂ ਸਹਿਜ ਜਾਂ ਬੇਬਾਕ ਸ਼ਬਦਾਵਲੀ ਰਾਹੀ ਪ੍ਰਗਟਾ ਕਰਦੇ ਹਨ। ਕਈ ਵਾਰ ਸਾਰੀ ਉਮਰ ਔਰਤ ਮਰਦ ਤੋਂ ਦੂਰ ਇਸ ਲਈ ਰਹਿੰਦੀ ਹੈ ਕਿ ਉਹ ਦੂਸਰੀ ਔਰਤ ਕੋਲ ਰਹਿੰਦਾ ਹੈ ਪਰ ਅੰਤਿਮ ਦਿਨਾਂ ਵਿਚ ਪਤੀ ਦੀ ਸਾਂਭ ਸੰਭਾਲ ਕਰਨੀ ਪੈਂਦੀ ਹੈ। ਕਦੇ ਉਸਦੇ ਮਨ ਵਿਚ ਉਸਤੋਂ ਸਾਰੀ ਉਮਰ ਦਾ ਬਦਲਾ ਲੈਣ ਦੀ ਗੱਲ ਵੀ ਆ ਸਕਦੀ ਹੈ। ਇਨ੍ਹਾਂ ਭਾਵਾਂ ਨੂੰ ਜਿੰਦਰ ਨੇ 'ਕਤਲ' ਕਹਾਣੀ ਵਿਚ ਜ਼ੁਬਾਨ ਦਿੱਤੀ ਹੈ। ਇਸ ਕਹਾਣੀ ਦਾ ਜਿਨ੍ਹਾਂ ਕੱਥ ਸ਼ਕਤੀ-ਸ਼ਾਲੀ ਹੈ ਉਸੇ ਅਨੁਕੂਲ ਰੂਪ ਵੀ ਸਮਰੱਥਾਵਾਨ ਹੈ। ਗੁਰਬਚਨ ਸਿੰਘ ਭੁੱਲਰ ਦੀ ਕਹਾਣੀ ਉਪਰਾ ਮਰਦ ਵੀ ਇਕ ਨਿਵੇਕਲੀ ਸਥਿਤੀ ਦੀ ਕਹਾਣੀ ਹੈ ਜੋ ਪੰਜਾਬੀ ਵਿਆਹ ਪ੍ਰੰਪਰਾ ਦੇ ਸੰਦਰਭ ਵਿਚ ਔਰਤ ਮਨ ਦੀਆਂ ਗੁੰਝਲਦਾਰ ਭਾਵਨਾਵਾਂ ਦਾ ਪ੍ਰਗਟਾ ਕਰਦੀ ਹੈ। ਦੀਪ ਵਿਆਹੀ ਹਰਚੰਦ ਨਾਲ ਹੈ, ਪਰ ਉਲਾਰ ਉਹ ਰਣਧੀਰ ਵਲ ਸੀ। ਰਣਧੀਰ ਨਾਲ ਸੰਬੰਧ ਜੁੜਨ ਤੇ ਉਹ ਹੀਣਤਾ ਮਹਿਸੂਸ ਕਰਦੀ ਹੈ।

'ਬੇਰ ਵਰਗਾ ਫਲ' ਜਸਵਿੰਦਰ ਸਿੰਘ ਅਤੇ ਦੋ-ਟਾਪੂ (ਜਰਨੈਲ ਸਿੰਘ) ਇਕੋ ਸਮੱਸਿਆ ਦੇ ਦੋ ਪਾਸਾਰ ਪੇਸ਼ ਕਰਦੀਆਂ ਹਨ। ਪਹਿਲੀ ਵਿਚ ਵਿਦੇਸ਼ੀ ਜਾਣ ਦਾ ਉਤਾਵਲਾਪਣ ਹੈ ਭਾਵੇਂ ਕਿਹੋ ਜਿਹਾ ਹੀ ਕੰਮ ਕਰਨਾ ਪੈ ਜਾਵੇ। ਪਰ ਦੁਖਾਂਤ ਇਹ ਹੈ ਕਿ ਜੋ ਪਾਤਰ ਉਤਾਵਲਾ ਹੈ, ਉਸਨੂੰ ਹੀ ਛੱਡ ਦਿੱਤਾ ਜਾਂਦਾ ਹੈ। ਵਰਿਆਮ ਸੰਧੂ ਦੀ ਸੁਨਹਿਰੀ ਕਿਣਕਾ ਵੀ ਅਜਿਹੀ ਸਮੱਸਿਆ ਵਿਚੋਂ ਹੀ ਮਾਨਵੀ ਸਰੋਕਾਰਾਂ ਦੀ ਢੂੰਡ ਕਰਦੀ ਹੈ। ਦੋ-ਟਾਪੂ, ਵਿਦੇਸ਼ੀ ਜ਼ਿੰਦਗੀ ਵਿੱਚ ਪਤੀ-ਪਤਨੀ ਦੀਆਂ ਪ੍ਰਸਥਿਤੀਆਂ, ਮਾਨਸਿਕ ਬਦਲਾ ਨੂੰ ਲੈ ਕੇ ਉਨ੍ਹਾਂ ਵਿਚ ਵਧਦੀ ਦੂਰੀ ਤੇ ਨੇੜੇ ਹੁੰਦੀ ਭਾਵਨਾ ਨੂੰ ਉਜਾਗਰ ਕਰਦੀ ਹੈ। ਦੋ-ਟਾਪੂ ਸਹੀ ਪ੍ਰਤੀਕ ਚੁਣਿਆ ਗਿਆ ਹੈ।

ਦਲਿਤ ਵਰਗ ਨਾਲ ਜੁੜੀਆਂ ਕਹਾਣੀਆਂ ਤੋਂ ਮੱਧਵਰਗ ਵਿਚ ਪਹੁੰਚੇ ਵਿਅਕਤੀਆਂ ਦੀ ਹੀਣ ਭਾਵਨਾਂ ਨੂੰ ਵਿਅੰਗ ਦਾ ਵਿਸ਼ਾ ਬਣਾਉਂਦੀਆਂ ਹਨ। ਇਥੇ ਕਿਸਾਨੀ ਭਾਵੇਂ ਮਜ਼ਦੂਰੀ ਕਰਨ ਲੱਗ ਪਈ ਹੈ, ਪਰ ਜਾਤੀ ਹਉਂ, ਦਲਿਤ ਮੱਧਵਰਗੀ ਚੇਤਨਾ ਨਾਲ ਟਕਰਾ ਕੇ ਤਿੱਖਾ ਵਿਅੰਗ ਸਿਰਜਦੀ ਹੈ। ਅਤਰਜੀਤ ਦੀ ਕਹਾਣੀ ਇਸ ਦਾ ਪ੍ਰਮਾਣ ਹੈ। ਕਿਰਪਾਲ ਕਜ਼ਾਕ ਦੀ ਕਹਾਣੀ 'ਹੁੰਮਸ' ਉਪਰਲੀ ਕਿਸਾਨੀ ਦੀ ਚੜ੍ਹਤ ਤੇ ਉਨ੍ਹਾਂ ਦੇ ਦਲਿਤਾਂ ਪ੍ਰਤੀ ਰਵੱਈਏ ਵਿਚੋਂ ਦਲਿਤਾ ਦੇ ਦੁਖਾਂਤ ਨੂੰ ਸਿਰਜਦੀ ਹੈ। ਪਰ ਗੋਰਖੀ ਦੀ ਕਹਾਣੀ ਵਿੱਥ ਜਿੱਥੇ ਦਲਿਤ ਤੇ ਕਿਸਾਨੀ ਦੇ ਦਵੰਦਾਂ ਨੂੰ ਸਿਰਜਦੀ ਹੈ ਉਥੇ ਸੂਝਵਾਨ ਮੱਧਵਰਗ ਨੂੰ ਇਨ੍ਹਾਂ ਵਿਥਾਂ ਤੋਂ ਉਪਰ ਵੀ ਦਰਸਾਉਂਦੀ ਹੈ। ਵਿਸ਼ੇਸ਼ ਤੌਰ ਤੇ ਇਸਤਰੀ ਦੀ ਪਹਿਲ, ਇਸਦਾ ਇਕ ਖਾਸ ਬਿੰਦੂ ਹੈ। ਮਨਮੋਹਨ ਬਾਵਾ ਦੀ ਰੈਕਵੇ ਕਹਾਣੀ ਵੈਦਿਕ ਸੰਦਰਭ ਤੇ



ਉਪਨਿਸ਼ਦਿਕ ਸ਼ੈਲੀ ਤੇ ਤੇ ਕਥਾ ਸੰਦਰਭ ਰਾਹੀਂ ਸਮਾਜ ਵਿਹ ਚਲੇ ਆ ਰਹੇ ਬ੍ਰਾਹਮਣ ਦਲਿਤਾਂ ਦੇ ਦਵੰਦ ਦੀ ਕਥਾ ਹੈ ਜੋ ਰਿਕਵ ਦੀ ਮੌਤ ਨਾਲ ਸਮਾਪਤ ਹੁੰਦੀ ਹੈ ਅਤੇ ਬ੍ਰਾਹਮਣਾਂ ਤੋਂ ਬਦਲੇ ਲਈ ਪ੍ਰੇਰਿਤ ਕਰਦੀ ਹੈ।

ਮੋਹਨ ਭੰਡਾਰੀ ਦੀ ਕਹਾਣੀ 'ਪਾੜ' ਤੇ ਗੁਰਪਾਲ ਸਿੰਘ ਲਿੱਟ ਦੀ ਗਿਰਝਾਂ' ਪੰਜਾਬ ਸੰਕਟ ਦੇ ਸੰਦਰਭ ਵਿਚ ਮਾਨਵੀ ਸੁਰ ਉਚਾਰਦੀਆਂ ਕਹਾਣੀਆਂ ਹਨ। ਪਿਛਲੀ ਕਹਾਣੀ ਕਤਲੋ-ਗਾਰਤ ਦੇ ਸਮਿਆਂ ਵਿਚ ਵੀ ਮਾਨਵੀ-ਕਮੀਨਗੀ ਦੀ ਬਾਤ ਪਾਉਂਦੀ ਹੈ ਤਾਂ 'ਪਾੜ' ਸੰਪ੍ਰਦਾਇਕ ਪਾੜ ਨੂੰ ਭਾਵੁਕ ਪ੍ਰਸਥਿਤੀਆਂ ਵਿੱਚੋ ਲੰਘਾ ਕੇ, ਭਾਵੁਕ ਪੱਧਰ ਤੇ ਹੱਲ ਸੁਝਾਉਂਦੀ ਹੈ। ਪ੍ਰਗਤੀਵਾਦੀਆਂ ਦੀ ਹਾਰ ਨੂੰ ਵਿਅੰਗ ਹੇਠ ਲਿਆਉਂਦੀ ਹੈ ਪਰ ਆਪਣੇ ਆਪ ਪਾੜ ਮਿਟਣ ਦਾ ਸੰਦੇਸ਼ ਵੀ ਦਿੰਦੀ ਹੈ।

ਸੁਪਨਿਆਂ ਦੀ ਸ਼ਨਾਖਤ ਅਤੇ ਜਸਬੀਰ ਭੁੱਲਰ ਅਤੇ ਪਾਤਸ਼ਾਹ (ਸੁਖਜੀਤ) ਵੱਖਰੇ ਪਸਾਰਾਂ ਦੀਆਂ ਕਹਾਣੀਆਂ ਹਨ। ਪਹਿਲੀ ਕਹਾਣੀ ਜੰਗ ਦੇ ਸੰਦਰਭ ਵਿਚ ਮਾਨਵੀ ਸ਼ੰਕਟ ਤੇ ਉਸਤੋਂ ਉਪਜੇ ਮਾਨਸਿਕ ਦਵੰਦਾਂ ਨੂੰ ਸਿਰਜਦੀ ਹੈ। 'ਪਾਤਸ਼ਾਹ' ਕਹਾਣੀ ਅਜੋਕੇ ਸਮਾਜ ਵਿਚ ਰਾਜਨੀਤੀ ਦੇ ਸਹਾਰੇ ਖੜੇ ਸਾਧ-ਤੰਤਰ ਦੀਆਂ ਲੋਕਾਂ ਉਪਰ ਕੀਤੀਆਂ ਜ਼ਿਆਦਤੀਆਂ ਨੂੰ ਤਿੱਖੀ ਸੁਰ ਵਿਚ ਪੇਸ਼ ਕਰਦੀ ਹੈ ਅਤੇ ਇਹ ਗੱਲ ਰੇਖਾਂਕਿਤ ਕਰਦੀ ਹੈ ਕਿ 'ਪਾਤਸ਼ਾਹ' ਇਹ ਸਾਧ ਨਹੀਂ ਅੰਨ-ਪੈਦਾ ਕਰਨ ਵਾਲਾ ਕਿਸਾਨ ਹੈ।

ਸਮਕਾਲੀ ਕਹਾਣੀ ਦੀ ਪ੍ਰਤੀਕਾਤਮਕ ਸੂਝ ਨੂੰ ਵਿਅੰਗ ਦੀ ਪਾਣ ਚੜੀ ਹੋਈ ਹੈ। ਪਾੜ, ਠੂੰਹਾ, ਟਾਪੂ, ਗਿਰਝਾਂ, ਜੇਹੇ ਪ੍ਰਤੀਕ ਨਵੇ ਹੀ ਪਸਾਰ ਸਿਰਜਦੇ ਹਨ। ਇਸੇ ਤਰ੍ਹਾਂ ਲੌਂਗ ਲੈਚੀਆਂ ਲੋਕਯਾਨਿਕ ਪ੍ਰਤੀਕ ਹਨ। ਅਜੋਕੀ ਕਹਾਣੀ ਦਾ ਬਿਰਤਾਂਤ ਬਹੁ-ਪਰਤਾ ਹੈ। ਉਹ ਇਕੋ ਸਮੇਂ ਸਮਾਜਿਕ ਪਰਿਪੇਖ ਵੀ ਸਿਰਜਦਾ ਹੈ ਅਤੇ ਇਸੇ ਪਰਿਪੇਖ ਵਿਚ ਮਾਨਵੀ-ਗੁੰਝਲਾਂ ਨੂੰ ਪੀਡੇ ਹੁੰਦਿਆਂ ਜਾਂ ਖੁਲਦਿਆਂ ਦੇਖਦਾ ਹੈ। ਪਿਛਲ-ਝਾਤ ਤੇ ਸਮਕਾਲੀ ਯਥਾਰਥ ਨਾਲੋਂ-ਨਾਲ ਚਲਦੇ ਨਵੇਂ ਦਿਸਹੱਦਿਆਂ ਵਲ ਵੱਧਦੇ ਹਨ।

ਸੰਖੇਪ ਜਿਹੀ ਵਿਚਾਰ ਹੀ ਇਹ ਜਾਨਣ ਲਈ ਕਾਫ਼ੀ ਹੈ ਕਿ ਬਿਰਤਾਂਤ ਦੀਆਂ ਕਹਾਣੀਆਂ ਬਹੁਤ ਮਹੱਤਵਪੂਰਣ ਹਨ ਅਤੇ ਉਨ੍ਹਾਂ ਰਾਹੀਂ ਪੰਜਾਬੀ ਕਹਾਣੀ ਦੇ ਬਹੁਤ ਸਾਰੇ ਪੱਖ ਸਾਹਮਣੇ ਆਉਂਦੇ ਹਨ, ਪਰ ਇਹ ਸਾਰੀਆਂ ਕਹਾਣੀਆਂ ਮਾਡਲ ਦੇ ਰੂਪ ਵਿਚ ਸਵੀਕਾਰੀਆਂ ਨਹੀਂ ਜਾਂ ਸਕਦੀਆਂ ਜਿਵੇਂ ਕਿ ਦਾਅਵਾ ਕੀਤਾ ਗਿਆ ਹੈ।

*

-ਡਾ. ਕਰਮਜੀਤ ਸਿੰਘ

## ਖਿਆਲ ਆਪੋ ਆਪਣਾ

"ਚਿਰਾ.ਗ" ਮਿਲਿਆ, ਜੇ ਯਕੀਨ ਕਰੋ ਤਾਂ ਏਹੀ ਪਰਚਾ ਹੈ। ਜਿਸ ਦਾ ਮੈਂ ਮਹਿਬੂਬ ਦੀ ਆਮਦ ਵਾਂਗ ਇੰਤਜ਼ਾਰ ਕਰਦਾ ਹਾਂ।

ਤੁਹਾਡਾ ਸੰਪਾਦਕੀ ਪਾਪੂਲਰ/ਗਾਇਕੀ/ਸਾਹਿਤ ਬਾਰੇ ਤਰਕਸੰਗਤ ਹੈ। ਵਿਸ਼ੇਸ਼ ਕਰਕੇ ਆਖ਼ਰੀ ਪੈਰੇ ਦੀ ਇਹ ਆਖ਼ਰੀ ਸਤਰ "ਅਰਥ-ਵਿਹੂਣੀ ਕਲਾ, ਕਲਾਕਾਰ ਦਾ ਭਾਵੇਂ ਕੁਝ ਸੁਆਰ ਦੇਵੇ ਪਰ ਸਮਾਜ ਦਾ ਕੁਝ ਨਹੀਂ ਸਵਾਰਦੀ, ਵਿਗਾੜਦੀ ਹੀ ਵਿਗਾੜਦੀ ਹੈ।" ਹਾਂ। ਇਸ ਤੇ ਖੁਭ ਕੇ ਅਤੇ ਡੁੱਬ ਕੇ ਵਿਚਾਰ ਚਰਚਾ ਹੋਣੀ ਹੀ ਚਾਹੀਦੀ ਹੈ।

ਇਸ ਵਾਰ ਦੇ ਵਿਸ਼ੇਸ਼ ਕਵੀ ਦੇ ਤਹਿਤ ਡਾ. ਜਗਤਾਰ ਦੀਆਂ ਪੰਦਰਾਂ ਗ਼ਜ਼ਲਾਂ ਪੜ੍ਹ ਕੇ ਇਕ ਅਚਾਨਕ ਮਿਲੇ ਖ਼ਜ਼ਾਨੇ ਵਾਂਗ ਜਾਪਿਆ, ਨਹੀਂ ਸਾਹਿਤ (ਗ਼ਜ਼ਲ ਦੇ ਸਹਿਰਾ 'ਚ ਭਟਕਦੇ-ਪਿਆਸੇ ਰਾਹੀਂ ਨੂੰ ਨਖਲਿਸਤਾਨ ਵਾਂਗ ਇਹ ਗ਼ਜ਼ਲਾਂ ਦਾ ਮੁਅਜ਼ਜ਼ਾ ਮੇਰੇ ਉੱਪਰ ਹੋਇਆ। ਦਿਲ ਕਰਦੈ ਕਈ ਸ਼ਿਅਰ ਇਸ ਖ਼ਤ 'ਚ ਨੋਟ ਕਰਾਂ, ਪਰ ਥਾਂ ਦੀ ਤੰਗੀ ਕਰਕੇ ਇਕ ਦੋ 'ਤੇ ਹੀ ਇਕਤਫ਼ਾ ਕਰਦਾ ਹਾਂ-

"ਕੀਤੀ ਵਤਨ ਦੇ ਨਕਸ਼ਿਆਂ ਦੀ ਤਸਕਰੀ ਜਿਨ੍ਹਾਂ
ਉਹ ਲੋਕ ਹੀ ਵਤਨ ਦੇ ਅੱਜ ਗ਼ਮਖ਼ਾਰ ਬਣ ਗਏ।"

ਇਸਨੂੰ ਕਹਿੰਦੇ ਨੇ ਤਖ਼ਤਾਂ-ਤਾਜਾਂ 'ਤੇ ਸ਼ਬਦ-ਬਾਣ ਪਰ ਇਹ ਬਾਈ ਜਗਤਾਰ ਹੀ ਚਲਾ ਸਕਦੈ, ਉਂਜ ਕਵੀ, ਮਹਾਂਕਵੀ ਤੇ 'ਬੜੇ ਨੇ, ਬੜੇ ਨਗਰਾਂ' 'ਚ। ਇਕ ਸ਼ਿਅਰ ਹੋਰ ਨੋਟ ਕਰੇ ਬਿਨ ਰਹਿ ਨਹੀਂ ਹੋਇਆ –

'ਅਜੇ ਝੁੱਗੀਆਂ 'ਚ ਭੁੱਖੇ, ਬਸਤੀਆਂ ਵਿਚ ਲੋਕ ਨੰਗੇ ਨੇਂ,
ਕਿਸੇ ਇਸ ਹਾਲ ਵਿਚ ਕੀ ਤੇਰੀਆਂ ਨਜ਼ਮਾਂ ਨੂੰ ਕਰਨਾ ਹੈ।'

ਇਹ ਸ਼ਿਅਰ 'ਮੇਰੇ ਖਿਆਲ 'ਚ, ਉਨ੍ਹਾਂ ਨੂੰ ਮੁਖ਼ਾਤਿਬ ਹੈ, ਜੋ ਯੋ... 'ਤੇ ਕਾਵਿ-ਗ੍ਰੰਥ ਲਿਖ ਰਹੇ ਨੇ ਅਤੇ ਸਮਾਜ ਦਾ ਕੋਹਰਾਮ ਜਿਨ੍ਹਾਂ ਨੂੰ ਸੁਣਦਾ, ਦਿਸਦਾ ਹੀ ਨਹੀਂ। ਯਾਨੀ "ਦੇਹੀਆਂ ਦੇ ਜਸ਼ਨ ਮਨਾਉਣ ਵਾਲੇ, ਜਾਂ "ਛੰਨੇ-ਬਾਟੀਆਂ" ਬਣਾਉਣ ਵਾਲੇ" ਦੂਜੇ ਸ਼ਾਇਆ ਹੋਏ ਸ਼ਾਇਰ ਵੀ ਐਤਕੀਂ ਸਾਰਥਕ ਗੱਲਾਂ ਹੀ ਕਰਦੇ ਨੇ। ਮੁਕਦੀ ਗੱਲ ਐਤਕੀਂ ਦੀ 'ਚਿਰਾਗ਼' 'ਚ ਸ਼ਾਇਆ ਹੋਈ ਸਾਰੀ ਕਵਿਤਾ ਤ੍ਰਿਪਤਾ ਦਿੰਦੀ ਹੈ। ਹਾਂ! ਵਿਸ਼ਾਲ ਦੀ ਨਜ਼ਮ ਪੜ੍ਹਦਿਆਂ ਮੁੜ-ਮੁੜ ਨਾਜ਼ਿਮ ਹਿਕਮਤ ਪਤਾ ਨਹੀਂ ਕਿਉਂ ਆਪਣੀਆਂ ਜੇਲ੍ਹ-ਨਜ਼ਮਾਂ ਲੈ ਕੇ ਸਾਹਮਣੇ ਬੈਠ ਕੇ ਮੁਸਕੜੀਏ ਹਸਦਾ ਰਿਹਾ। ਵੈਸੇ ਵਿਸ਼ਾਲ ਦੀ ਨਜ਼ਮ ਪਿਆਰੀ ਹੈ, ਖੁਸ਼ੀ ਇਸ ਗੱਲ ਦੀ ਹੈ ਕਿ ਉਹ ਰੋਮਾਂਸ 'ਚੋਂ ਯਥਾਰਥ ਵੱਲ ਪਰਤਿਆ ਹੈ। ਇਹ ਕਦਮ/ਮੋੜ ਮੁਬਾਰਿਕ!

ਜਸਬੀਰ ਰਾਣਾ ਦੀ ਕਹਾਣੀ ਆਪਣੇ ਮੁਖ-ਪਾਤਰ ਬੁੱਚੜ ਦਾ ਹਿੰਦੀ ਫ਼ਿਲਮੀਕਰਨ ਜਿਹਾ ਕਰ ਗਈ। ਉਂਜ ਕਹਾਣੀ ਦਾ ਵਾਤਾਵਰਨ ਤਾਂ ਸਹੀ ਉਸਾਰਿਆ ਹੈ। ਕਹਾਣੀ 'ਚ ਰਸ ਵੀ ਹੈ। ਪਰ ਪਾਤਰ ਯਥਾਰਥਕ ਨਹੀਂ ਲੱਗਦੇ ਬਲਕਿ ਮਿੱਟੀ ਦੇ ਮਾਧੋ ਹੀ ਜਾਪਦੇ ਹਨ। ਇੱਛਤ-ਯਥਾਰਥ ਵੀ ਕੋਈ ਸ਼ੈ ਹੁੰਦੀ ਹੈ, ਲੇਖਕ ਕੋਲ! ਐਂਤਕੀਂ ਦੇ ਪਰਚੇ ਦੀ ਦੂਜੀ ਪ੍ਰਾਪਤੀ ਹੈ, ਡਾ. ਕਰਮਜੀਤ ਸਿੰਘ ਦਾ ਲੇਖ। "ਰਜਨੀਸ਼ ਦਾ ਦੀਵਾਲੀਆਪਨ ਆਪਣੇ" ਏਥੇ ਸਾਡੇ (ਮੋਗੇ) 14-15 ਅਗਸਤ ਨੂੰ ਇਕ ਬਹੁਤ ਵੱਡੇ ਮੈਰਿਜ-ਪੈਲਸ 'ਚ ਓਸ਼ੋ ਬੁਕ ਫ਼ੇਅਰ ਲੱਗਿਆ ਉਥੇ ਅਸੀਂ ਤਿੰਨ ਚਾਰ ਮਿੱਤਰ ਗੇੜਾ ਮਾਰਨ ਚਲੇ ਗਏ। ਪਰ ਹੈਰਾਨੀ ਦੀ ਗੱਲ ਇਹ ਵੇਖਣ 'ਚ ਆਈ ਕਿ ਕੱਲ੍ਹ ਦੇ ਕੁਝ ਮਾਰਕਸਵਾਦੀ (?) ਵੀ ਕਿਤਾਬਾਂ ਖਰੀਦਦੇ ਵੇਖੇ ਗਏ ਅਤੇ ਸਾਨੂੰ ਵੀ ਪ੍ਰੇਰਨ ਲੱਗੇ ਕਿ ਇਹ ਕਿਤਾਬਾਂ ਮਾਰਕਸਵਾਦ ਨੂੰ ਸਮਝਣ ਲਈ ਬਹੁਤ ਜ਼ਰੂਰੀ ਹਨ। ਪਰ ਉਨ੍ਹਾਂ ਦੇ ਕਿਸੇ 'ਸਵਾਮੀ' ਤੋਂ ਮੇਰੇ ਇਕੋ ਸਵਾਲ ਦਾ ਜਵਾਬ ਨਹੀਂ ਦੇ ਹੋਇਆ। ਕਿ ਕੀ 'ਓਸ਼ੋ' ਯੁੱਧ ਦਾ ਪੈਰੋਕਾਰ ਹੈ? ਜਵਾਬ ਸੀ, ਜੀ ਹਾਂ। ਫਿਰ ਮੈਂ ਪੁਛਿਆ ਕੀ ਓਸ਼ੋ ਪੁਨਰ ਜਨਮ 'ਚ ਯਕੀਨ ਰੱਖਦਾ ਸੀ? ਸਵਾਮੀ ਜੀ ਬੋਲੇ ਹਾਂ। ਮੈਂ ਕਿਹਾ, ਬੁੱਧ ਤਾਂ ਪੁਨਰ ਜਨਮ 'ਚ ਯਕੀਨ ਨਹੀਂ ਰੱਖਦਾ, ਫਿਰ ਇਹ (ਓਸ਼ੋ) ਉਸਦਾ ਅਨੁਆਈ ਕਿਵੇਂ ਹੋਇਆ ਤਾਂ ਉਨ੍ਹਾਂ ਕੋਲ ਕੋਈ ਉੱਤਰ ਨਹੀਂ ਸੀ। ਉਥੇ ਪੁਸਤਕ-ਮੇਲੇ ਦਾ ਜਲੌਅ ਵੇਖ ਕੇ ਲੱਗਿਆ ਕਿ ਇਹ ਸਿਰਫ਼ ਉਨ੍ਹਾਂ ਲਈ ਹੈ, ਜਿਹੜੇ ਲੋਕ ਲੋੜ ਤੋਂ ਕਾਫੀ ਵਾਫ਼ਰ ਕਮਾਈ (?) ਕਰ ਰਹੇ ਹਨ ਅਤੇ ਕਿਉਂਕਿ ਉਹ ਕਮਾਈ ਬੜੇ ਸ਼ਾਤਰਾਨਾ ਢੰਗਾਂ (ਨਾ ਕਿ ਮਿਹਨਤ ਨਾਲ) ਯਾਨੀ ਝੂਠ-ਫ਼ਰੇਬ ਅਤੇ ਹੋਰ ਕਈ ਕਿਸਮ ਦੇ ਬੁਰਜੂਆ ਢੰਗਾਂ ਨਾਲ ਕੀਤੀ ਜਾਂਦੀ ਹੈ। ਤਾਂ ਫੇਰ ਇਹ ਅੰਤਰ ਯਾਤਰਾਵਾਂ 'ਤੇ ਨਿਕਲਦੇ ਹਨ (ਕਿਉਂਕਿ ਜ਼ਮੀਰ ਕਿਤੇ ਨਾ ਕਿਤੇ ਜਿਊਂਦਾ ਹੁੰਦਾ ਹੈ) ਤਾਂ ਅੰਤਰ ਯਾਤਰਾਂ 'ਤੇ ਆਪਣੇ ਗ਼ਲਤ-ਤਰੀਕੇ ਲਾਅਨਤ ਪਾਉਂਦੇ ਹਨ ਤਾਂ ਫਿਰ ਧਿਆਨ ਤੇ ਹੋਰ ਨਿਕ ਸੁੱਕ ਮਾਨਸਿਕ ਸ਼ਾਂਤੀ ਲਈ ਰਚਦੇ ਹਨ। ਜੇ ਸੰਖੇਪ 'ਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਰਜਨੀਸ਼ ਉਰਫ਼ ਓਸ਼ੋ ਰੱਜੇ ਪੁੱਜੇ (ਬਲਕਿ ਆਫ਼ਰੇ) ਲੋਕਾਂ ਦਾ ਪੈਗ਼ੰਬਰ ਜਾਂ ਗੁਰੂ ਹੈ। ਸੋ ਡਾ. ਕਰਮਜੀਤ ਸਿੰਘ ਹੋਰਾਂ ਦਾ ਲੇਖ ਰਜਨੀਸ਼ ਵਾਦੀਆਂ ਦੀ ਕੱਲਈ ਖੋਲ੍ਹ ਕੇ ਰੱਖ ਦਿੰਦਾ ਹੈ। ਉਮੀਦ ਹੈ ਡਾ. ਸਾਹਿਬ ਅੱਗੇ ਤੋਂ ਸਾਨੂੰ ਅਜਿਹੇ ਬਹੁਮੁਲੇ ਲੇਖ ਦਿੰਦੇ ਰਹਿਣਗੇ। ਤੁਹਾਡੀ ਕਿਤਾਬ 'ਸਿਰਜਣ ਕਿਰਿਆ' ਦਾ ਰੀਵਿਊ ਪੜ੍ਹ ਕੇ ਕਿਤਾਬ ਪੜ੍ਹਨ ਨੂੰ ਮਨ ਬਹੁਤ ਕਰ ਰਿਹਾ ਹੈ। ਦਅਸਲ ਤੁਹਾਡੀ ਸਾਦਗੀ ਭਰੀ ਸ਼ੈਲੀ ਦਾ ਮੈਂ ਕਾਇਲ ਹਾਂ। ਦੂਜੇ ਰੀਵਿਊਜ਼ ਵੀ ਬੜੇ ਸੰਤੁਲਨ ਨੇ। ਪਾਬਲੋ ਨਰੂਦਾ ਅਤੇ ਚੀ-ਗਵੇਰਾ ਬਾਰੇ ਲਿਖ ਕੇ (ਭਲਾ ਮੁਖ਼ਤਸਰ ਹੀ) ਬੜਾ ਚੰਗਾ ਕੀਤਾ। "ਮੇਰੀ ਕਵਿਤਾ, ਮੇਰੀ ਸੋਚ" ਵਿਚ ਨਿਰੰਜਣ ਸਿੰਘ ਨੂਰ ਆਪਣੇ ਛੋਟੇ ਜਿਹੇ ਮਜ਼ਮੂਨ 'ਚ ਬਹੁਤ ਵਧੀਆ ਜਾਣਕਾਰੀ ਆਪਣੇ ਬਾਰੇ, ਆਪਣੀ ਕਾਵਿ-ਯਾਤਰਾ ਬਾਰੇ ਅਤੇ ਕਵਿਤਾ ਦੇ ਅਸਲ ਮਕਸਦ ਤੋਂ ਭੱਜਣ ਵਾਲਿਆਂ ਦੇ ਬਾਰੇ ਗਏ ਨੇ। ਨੂਰ ਸਾਹਿਬ ਦੀ ਵਾਰਤਕ ਵੀ ਚੰਗੀ ਲੱਗੀ। ਡਾ. ਤਰਸੇਮ ਪੁਰਾਣੇ ਉਰਦੂ ਸ਼ਾਇਰਾਂ ਦੇ ਜ਼ੇਰਿ ਅਸਰ ਹੋ ਗਏ ਲੱਗਦੇ ਨੇ। ਗੱਲ ਕੀ ਐਂਤਕੀਂ 'ਚਿਰਾਗ' ਪੜ੍ਹ ਕੇ ਤਸਕੀਨ ਹੋ ਗਈ।

**ਮੁਖ਼ਲਸ, ਮਹਿੰਦਰ ਸਾਥੀ (ਮੋਗਾ)**

ਜੁਲਾਈ-ਸਤੰਬਰ 99 ਦੇ ਚਿਰਾਗ ਵਿੱਚ ਮੇਰੀ ਪਿੰਗਲ ਅਤੇ ਅਰੂਜ਼ ਬਾਰੇ ਨਵੀਂ ਛਪੀ ਪੁਸਤਕ 'ਪੰਜਾਬੀ ਗ਼ਜ਼ਲ-ਰੂਪ ਤੇ ਆਕਾਰ' ਦਾ ਰੀਵਿਊ ਪੜਿਆ ਜੋ ਨਦੀਮ ਪਰਮਾਰ ਕਨੇਡਾ ਵਾਲਿਆਂ ਲਿਖਿਆ ਸੀ। ਮੇਰੀ ਇਹ ਪੂਰਨ ਧਾਰਨਾ ਹੈ ਕਿ ਕਿਸੇ ਵੀ ਪੁਸਤਕ ਉੱਤੇ ਕੋਈ ਵੀ ਵਿਦਵਾਨ ਆਪਣੇ



ਵਿਕਲੋਤਰੇ ਵਿਚਾਰ ਲਿਖ-ਛਪਵਾ ਸਕਦਾ ਹੈ ਪਰ ਕਿਸੇ ਵੀ ਵਿਦਵਾਨ ਨੂੰ ਰੀਵਿਊ ਦੇ ਮਿਆਰ ਤੋਂ ਬਾਹਰ ਜਾਣ ਦੀ ਖੁੱਲ੍ਹ ਨਹੀਂ ਹੋਣੀ ਚਾਹੀਦੀ। ਹਰ ਪੁਸਤਕ ਦੀ ਵਿਸ਼ੇ ਸਬੰਧੀ ਆਪਣੀ ਇੱਕ ਸੀਮਾ ਹੁੰਦੀ ਹੈ। ਪੁਸਤਕ ਵਿਚ ਕਿਹਾ ਗਿਆ ਹੈ, ਰੀਵਿਊ ਉਸੇ ਦਾ ਹੋਣਾ ਚਾਹੀਦਾ ਹੈ ਨਾਕਿ ਇਹ ਕਹਿਣਾ ਕਿ ਇਸ ਪੁਸਤਕ ਵਿੱਚ ਇਹ ਹੋਣਾ ਚਾਹੀਦਾ ਸੀ! ਕੋਈ ਪੁਸਤਕ ਕਿਸੇ ਆਖਰੀ ਸੱਚ ਤੀਕ ਨਹੀਂ ਪਹੁੰਚਦੀ। ਉਂਜ ਮੈਨੂੰ ਲਗਦਾ ਹੈ ਕਿ ਮੇਰੀ ਪੁਸਤਕ ਦਾ ਰੀਵਿਊ ਹੀ ਗ਼ਲਤ ਵਿਦਵਾਨ ਨੇ ਕੀਤਾ ਹੈ। ਕਨੇਡਾ ਜਾਂ ਇੰਗਲੈਂਡ ਵਿੱਚ ਵਸਦੇ ਸਾਡੇ ਪੰਜਾਬੀ ਸਾਹਿਤਕਾਰ ਆਪਣੇ ਆਪ ਨੂੰ ਕੁਝ ਹੋਰ ਤਰ੍ਹਾਂ ਹੀ ਸਮਝਦੇ ਹਨ। ਮੇਰਾ ਖਿਆਲ ਹੈ ਜਿਸ ਤਰ੍ਹਾਂ ਹੁਣ ਪੰਜਾਬੀ ਗ਼ਜ਼ਲ ਉਤੇ ਹੋਛੇ ਵਾਰ ਹੋ ਰਹੇ ਹਨ ਪਰਮਾਰ ਉਹਨਾਂ ਤੋਂ ਬੇਖ਼ਬਰ ਹੈ। ਮੈਂ ਪੁਸਤਕ ਵਿੱਚ ਇੱਕ ਵੀ ਵਾਧੂ ਕਾਂਡ ਭਰਤੀ ਨਹੀਂ ਕੀਤਾ। ਪਰਮਾਰ ਉੱਤੇ ਦੋਸ਼ ਲਾਉਂਦਾ ਹਾਂ ਕਿ ਉਸ ਨੇ ਪੁਸਤਕ ਨੂੰ ਪੂਰੀ ਤਰ੍ਹਾਂ ਨਾ ਪੜ੍ਹ ਕੇ ਜਲਦੀ ਜਲਦੀ ਰੀਵਿਊ ਲਿਖ ਦਿੱਤਾ। ਮਿਸਾਲ ਦੇ ਤੋਰ ਉੱਤੇ ਉਹਨਾਂ ਸਫਾ 91 ਦੋ ਵੇਰ ਕੋਟ ਕੀਤਾ ਪਰ ਤੁਸੀ ਗ਼ਜ਼ਲ ਕਹਿ ਸਕਦੇ ਹੋ' ਸਗੋਂ ਮੈਂ ਲਿਖਿਆ ਹੈ 'ਤੁਸੀਂ ਬਾਖੂਬੀ ਇਸ ਬਹਿਰ ਵਿੱਚ ਗ਼ਜ਼ਲ ਕਹਿ ਸਕੋਗੇ। ਸਫਾ 91 ਉੱਤੇ ਪਰਮਾਰ ਨੇ ਜਿ ਲੇਖ ਦੀ ਗੱਲ ਕੀਤੀ ਹੈ ਉਹ ਸਫਾ 107 ਉੱਤੇ ਹੈ। ਮੈਂ ਹੈਰਾਨ ਹਾਂ ਕਿ ਪਰਮਾਰ ਅਜੇ ਤੀਕ ਏਥੇ ਹੀ ਖੜਾ ਹੈ ਕਿ ਗ਼ਜ਼ਲ ਲਿਖਣ ਵਾਲਾ ਗ਼ਜ਼ਲਕਾਰ ਹੈ ਜਾਂ ਗ਼ਜ਼ਲਗੋ? ਇਹ ਐਵੇਂ ਉਸਦਾ ਆਪਣੀ ਦਕੀਆ ਨੂਸੀ ਵਿਦਵਤੀ ਟੋਟਕਾ ਮਾਤਰ ਹੈ। ਪੰਜਾਬੀ ਅੱਖਰਾਂ ਪੈਰੀਂ ਬਿੰਦੀ ਬਾਰੇ ਮੇਰੀ ਮਾਨਤਾ ਹੈ ਕਿ ਸਾਨੂੰ ਕੱਕੇ ਪੈਰੀਂ ਜਾਂ ਤੱਤੇ ਪੈਰੀਂ ਬਿੰਦੀ ਲਾਉਂਣ ਵੱਲ ਨਹੀਂ ਵਧਣਾ ਚਾਹੀਦਾ ਅਸੀਂ ਕੁੱਤੇ ਤੇ ਕੈਂਚੀ ਇਕੋ ਕੱਕੇ ਨਾਲ ਪਾਉਂਦੇ ਹਾਂ ਤੇ ਤੋਤਾ ਅਤੇ ਤਰਾਨਾ ਵੀ ਇੱਕ ਹੀ ਤੱਤੇ ਨਾਲ। ਪਰਮਾਰ ਸਾਹਿਬ ਮੈਂ ਬੇਨਤੀ ਕੀਤੀ ਹੈ ਕਿ ਜ ਪੈਰ ਬਿੰਦੀ ਦਾ ਉਚਾਰਨ ਜ਼ੋਏ ਵਰਗਾ ਹੈ ਜਾਂ ਯੇ ਜੇ, ਸਵਾਦ ਜਾਂ ਜਾਲ ਵਰਗਾ? ਕੀ ਸਾਨੂੰ ਜ ਪੈਰੀਂ ਬਿੰਦੀਆਂ ਦੀ ਜ਼ਰੂਰਤ ਨਹੀਂ ਪਵੇਗੀ? ਮੈਂ ਕਿਹਾ ਹੈ ਕਿ ਇਵੇਂ ਪੰਜਾਬੀ ਅੱਖਰਾਂ ਪੈਰ ਬਿੰਦੀਆਂ ਲਾ ਕੇ ਅਸੀਂ ਫਾਰਸੀ ਅਰਬੀ ਦੀਆਂ ਧੁਨੀਆਂ ਪੈਦਾ ਨਹੀਂ ਕਰ ਸਕਦੇ। ਬਹੁਤ ਸਾਰੇ ਵਿਦਵਾਨ ਅੰਦਰੋਂ ਮੇਰੀ ਰਾਇ ਨਾਲ ਸਹਿਮਤ ਹਨ ਪਰ ਮੇਰੇ ਵਾਂਗ ਬੇਬਾਕ ਕਦੋਂ ਹਨ? ਮੈਂ ਵਿਚਾਰ ਵਾਸਤੇ ਮਸਲਾ ਖੋਲ੍ਹਿਆ ਹੈ, ਫੈਸਲਾ ਹੋਣ ਤੀਕ ਮੈਂ ਵੀ ਗ਼ਜ਼ਲ ਦੇ ਗ਼ ਜ਼ ਪੈਰੀਂ ਬਿੰਦੀ ਲਉਣ ਦੀ ਸ਼ਾਇਸਤਗੀ ਹੱਥੋ ਕਿਉਂ ਛੱਡਾਂ? ਤਿੰਨ ਅੱਖਰੀ ਟੁਕੜੀਆਂ ਬਾਰੇ ਮੈਂ ਮੌਲਕ ਗੱਲ ਕੀਤੀ ਹੈ ਤੇ ਮੈਂ ਆਪਣੇ ਮਾਨਯੋਗ (ਉਸਤਾਦ ਬਾਬਾ-ਦੇ ਗ਼ਜ਼ਲ ਜਨਾਬ ਦੀਪਕ ਜੈਤੋਦੀ ਜੀ ਦੇ ਇਹਨਾਂ ਟੁਕੜੀਆਂ ਦੇ ਰਵਾਇਤੀ ਵਿਚਾਰਾਂ ਨੂੰ ਪੁਸਤਕ ਵਿੱਚ ਹੀ ਰੱਦ ਕਰ ਦਿੱਤਾ ਹੈ ਫੇਰ ਨਦੀਮ ਰੀਵਿਊ ਵਿੱਚ ਕਿਉਂ ਦੀਪਕ ਜੀ ਦੀ ਪੁਸਤਕ ਨੂੰ ਕੋਟ ਕਰਦਾ ਹੈ? 'ਕਾਫੀਏ ਦੀ ਵਿਗਿਆਨਿਕ ਬਣਤਰ' ਬਾਰੇ ਪੰਜਾਬੀ ਰਿਸਾਲਿਆਂ ਅਖਬਾਰਾਂ ਅੰਦਰ ਦਰਜਣਾ ਲੇਖ ਛਪ ਚੁੱਕੇ ਹਨ ਅਤੇ ਇਹ ਇਕ ਲੇਖ ਹੈ ਜੋ ਮੈਂ ਸੋਖੇ ਤਰੀਕੇ ਨਾਲ ਪੰਜਾਬੀ ਬੋਲੀ ਵਿੱਚ ਲਿਖ ਸਕਿਆ ਹਾਂ ਪਰ ਨਦੀਮ ਕਹਿੰਦਾ ਹੈ ਕਿ ਇਹ ਟਾਪਕ ਪੰਜਾਬੀ ਗ਼ਜ਼ਲਕਾਰਾਂ ਨੂੰ ਕੰਮ ਚੋਰ ਬਣਾਵੇਗਾ ਤੇ ਇਹ ਪਲੇਗ ਦੇ ਰੋਗਾਣੂ ਹਨ? ਸ਼ਾਨਦਾਰ। ਰੀਵਿਊ ਦੇ ਅਖੀਰ ਵਿੱਚ ਨਦੀਮ ਦੀ ਇਹ ਪਹੁੰਚ ਵੀ ਗਲਤ ਹੈ ਕਿ ਪੁਸਤਕ 'ਚੋ ਇੱਕ ਲੇਖ ਕੱਢ ਦੇਣ ਨਾਲ ਇਹ ਪੁਸਤਕ ਦੂਜੀ ਦੇ ਵਿਦਿਆਰਥੀਆਂ ਦਾ ਕਾਇਦਾ (ਅਰੂਜ਼ ਦੇ ਵਿਦਿਆਰਥੀਆਂ ਦਾ) ਬਣ ਸਕਦੀ ਹੈ। ਮੈਂ ਬੇਨਤੀ ਕਰ ਦਿਆਂ ਕਿ ਇਹ ਦੂਜੀ ਦੇ ਵਿਦਿਆਰਥੀ ਪੋਸਟ ਗਰੈਜੂਏਸ਼ਨ ਦੇ ਅਗਲੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਹਨ ਅਤੇ ਉਹ ਦੋਵੇ ਬੱਚੇ ਵੀ ਨਹੀਂ ਕਿ ਮੇਰੀ ਭਾਵਨਾ ਨੂੰ ਗਲਤ ਲੈ ਲੈਣ। ਨਦੀਮ ਭਾਸ਼ਾ ਵਿਭਾਗ ਪੰਜਾਬ ਨੂੰ 'ਪੰਜਾਬ ਭਾਸ਼ਾ ਵਿਭਾਗ' ਲਿਖ ਕੇ ਆਪਣੇ ਅਲਪ ਪੰਜਾਬੀਕਰਣ ਦਾ ਹੀ ਵਿਖਾਵਾ ਤਾਂ ਕਰ ਰਿਹਾ ਹੈ। ਬਾਕੀ ਫੇਰ.......... **ਤੁਹਾਡਾ-ਸੁਲੱਖਣ ਸਰਹੱਦੀ**

ਇਸ ਅੰਕ ਵਿੱਚ ਜਗਤਾਰ ਦੀਆਂ ਗ਼ਜ਼ਲਾਂ ਨੇ ਇਸ ਅੰਕ ਦਾ ਮੁੱਲ ਬਹੁਤ ਵਧਾ ਦਿੱਤਾ ਹੈ। ਜਸਵੀਰ ਰਾਣਾ ਦੀ ਕਹਾਣੀ 'ਬੁੱਚੜ' ਵੀ ਉਸ ਦੇ ਹੋਣਹਾਰ ਕਹਾਣੀਕਾਰ ਹੋਣ ਦਾ ਸਬੂਤ ਦਿੰਦੀ ਹੈ। ਬਿਹਾਰ ਜਾਂ ਯੂ. ਪੀ ਦੀ ਲੇਬਰ ਨਾਲ ਪੰਜਾਬ ਦੇ ਜੱਟ ਦਾ ਇਸ ਕਹਾਣੀ ਰਾਹੀ ਪੇਸ਼ ਕੀਤਾ ਕਠੋਰ ਵਰਤਾਉ ਕੀ ਯੂਰਪ ਤੇ ਅਮਰੀਕਾ ਦੇ ਨਸਲੀ ਵਿਤਕਰੇ ਨਾਲੋਂ ਘੱਟ ਹੈ। ਦੂਜੀ ਕਹਾਣੀ ਵੀ ਚੰਗੀ ਲੱਗੀ ਹੈ। ਉਂਝ ਸਮੁੱਚਾ ਮੈਟਰ ਹੀ ਚਿਰਾਗ਼ ਦੇ ਕੱਦ ਨੂੰ ਸਫ਼ਲ ਸਾਹਿਤਕ ਪਰਚਾ ਬਣਾਉਣ ਵਾਲਾ ਹੈ।

**-ਐਮ. ਤਰਸੇਮ**

ਚਿਰਾਗ ਦਾ ਨਵਾਂ ਅੰਕ ਮਿਲਿਆ। ਸੰਪਾਦਕੀ ਲੇਖ ਆਪਣੀ ਵਿਲੱਖਣਤਾ ਲੈ ਕੇ ਹਾਜ਼ਰ ਸੀ। ਵਾਕਿਆ ਹੀ ਜ਼ਿੰਦਗੀ ਵਿਚ ਨਵੇਂ ਅਰਥ ਰੰਗ ਭਰਨ ਦੀ ਲੋੜ ਹੈ। ਉਸਤਾਦ ਸ਼ਾਇਰ ਡਾ. ਜਗਤਾਰ

ਦੀਆਂ ਸਾਰੀਆਂ ਗ਼ਜ਼ਲਾਂ ਪੜ੍ਹਨ ਯੋਗ ਹਨ। ਅਜਾਇਬ ਕਮਲ ਦੀ ਕਵਿਤਾ ਛਾਪ ਕੇ ਚਿਰਾਗ ਨੇ ਨਰੋਇਆ ਕਦਮ ਉਠਾਇਆ ਹੈ, ਬਲਬੀਰ ਪ੍ਰਵਾਨਾ ਤੇ ਕੰਵਲਜੀਤ ਭੁੱਲਰ ਦੀਆਂ ਕਵਿਤਾਵਾਂ ਚੰਗੀਆਂ ਲੱਗੀਆਂ। ਨਵੇਂ ਚਿਹਰਿਆਂ ਨੂੰ ਜੇਕਰ ਚਿਰਾਗ ਵਿਚ ਜਗ੍ਹਾ ਮਿਲਦੀ ਰਹੀ ਤਾਂ ਚਿਰਾਗ ਦੇ ਪਾਠਕਾਂ ਦਾ ਘੇਰਾ ਹੋਰ ਵੀ ਵਿਸ਼ਾਲ ਹੋ ਸਕਦਾ ਹੈ। ਡਾ. ਕਰਮਜੀਤ ਸਿੰਘ ਵੱਲੋਂ ਲਿਖਿਆ ਲੇਖ ਰਜਨੀਸ਼ ਦਾ ਦੀਵਾਲੀਆ ਪਨ ਨੇ ਉਸ ਦੇ ਭਗਤਾਂ ਦੀ ਸੋਚ ਤੇ ਪ੍ਰਸ਼ਨ ਚਿੰਨ੍ਹ ਲਾਇਆ ਹੋਵੇਗਾ। ਰਾਮਿੰਦਰ ਬੇਰੀ ਤੋਂ ਗ਼ਜ਼ਲ ਦੀ ਆਸ ਬਝਦੀ ਹੈ। ਵਿਸ਼ਾਲ ਦੀ ਕਵਿਤਾ "ਜੇਲ੍ਹ ਦਾ ਕਥਾ ਵਾਚਕ" ਜਦ ਪੜ੍ਹੀ ਤਾਂ ਅਜੀਬ ਤਰ੍ਹਾਂ ਦੇ ਅਨੁਭਵ ਹੋਇਆ। ਇਸ ਕਵਿਤਾ ਨੂੰ ਪੰਜਾਬੀ ਸ਼ਾਇਰੀ ਦਾ ਹਾਸਿਲ ਕਿਹਾ ਜਾ ਸਕਦਾ ਹੈ। ਵਿਸ਼ਾਲ ਦੀ ਕਵਿਤਾ ਨੂੰ ਜੇਕਰ ਕਈ ਵਿਸ਼ਵ ਪੱਧਰ ਦੀਆਂ ਰਚਨਾਵਾ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੈ। ਇਹ ਨਜ਼ਮ ਸ਼ਾਇਰੀ ਦੇ ਇਤਿਹਾਸ 'ਚ ਮੀਲ ਪੱਥਰ ਸਾਬਤ ਹੋਵੇਗੀ। ਕਿਉਂਕਿ ਜਿਸ ਪਲੇਟਫਾਰਮ ਤੇ ਖਲੋ ਕੇ ਇਹ ਕਵਿਤਾ ਲਿਖੀ ਗਈ ਹੈ। ਉਹ ਪਾਬਲੋ ਨੇਰੂਦਾ ਨਾਜ਼ਿਮ ਹਿਕਮਤ ਜੇਹੀਆਂ ਕਵਿਤਾਵਾਂ ਦੇ ਬਰਾਬਰ ਦੀ ਕਵਿਤਾ ਹੈ।

**ਐਸ.ਐਲ ਵਾਲੀਆ**
**(ਅੰਮ੍ਰਿਤਸਰ)**

ਚਿਰਾਗ (29) ਜੁਲਾਈ-ਸਤੰਬਰ 1999 ਦੇਖਣ ਦਾ ਮੌਕਾ ਮਿਲਿਆ। ਹੱਥਲੇ ਸ਼ੁਮਾਰੇ ਵਿਚ 'ਗ਼ਜ਼ਲਾਂ' ਸਿਰਲੇਖ ਆਧੀਨ ਆਪ ਜੀ ਨੇ ਐਸ ਤਰਸੇਮ ਜੀ ਦੀ ਰਚਨਾ - ਤਜ਼ਮੀਨ ਪੇਸ਼ ਕੀਤੀ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਨੂੰ ਤੁਸਾਂ ਗ਼ਜ਼ਲਾਂ ਆਧੀਨ ਕਿਵੇਂ ਸ਼ਾਮਿਲ ਕੀਤਾ ਹੈ।

ਗ਼ਜ਼ਲ ਦਾ ਰੂਪ ਸਰੂਪ ਕੀ ਹੁੰਦਾ ਹੈ ਸਿ ਬਾਰੇ ਕੁਝ ਕਹਿਣ ਦੀ ਲੋੜ ਨਹੀਂ ਪਰ 'ਤਜ਼ਗੀਨ' ਬਾਰੇ ਗੱਲ ਕਰਨੀ ਜ਼ਰੂਰੀ ਹੈ। ਇਹ ਅਰਬੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਕਿਸੇ 'ਜ਼ਿਮਨ' (ਸਬੰਧ) ਵਿਚ ਕੁਝ ਕਹਿਣਾ। ਪਰ ਸਾਹਿਤ ਵਿਚ ਤਕਨੀਕੀ ਤੌਰ ਤੇ ਕਿਸੇ ਉਸਤਾਦ ਅਤੇ ਮਸ਼ਹੂਰ ਸ਼ਾਇਰ ਦੇ ਸ਼ਿਅਰ ਦੇ ਪਹਿਲੇ ਮਿਸਰਅ ਦੇ ਹਮਕਾਫ਼ੀਆ, ਹਮ ਰਦੀਫ ਤਿੰਨ ਮਿਸਰੇ ਹੋਰ ਇਸ ਤਰ੍ਹਾਂ ਲਗਾਉਣਾ ਕਿ ਵਿਸ਼ਾ ਵਸਤੂ ਵਿਚ ਵਾਧਾ ਹੋ ਜਾਵੇ, ਚਮਕ ਪੈਂਦਾ ਹੈ। ਸ਼ਿਅਰ ਦੀ ਵਿਆਖਿਆ ਹੋ ਜਾਵੇ-ਤਜ਼ਮੀਲ ਅਖਵਾਉਂਦਾ ਹੈ। ਇਸ ਤਰ੍ਹਾਂ ਸ਼ਾਇਰ ਇਹ ਮਾਨ ਪ੍ਰਾਪਤ ਕਰਦਾ ਹੈ ਕਿ ਉਸ ਨੇ ਇਕ ਉਸਤਾਦ ਸ਼ਾਇਰ ਦੀ ਸੋਚ ਉਡਾਰੀ ਵਿਚ ਆਪਣੀ ਉਡਾਰੀ ਮਿਲਾ ਦਿੱਤੀ ਹੈ। ਪਰ ਆਪਣੀ ਹੀ ਗ਼ਜ਼ਲ ਦੇ ਸ਼ਿਅਰਾਂ ਉਤੇ ਲਗਾਏ ਗਏ ਸ਼ਿਅਰ ਤਜ਼ਮੀਨ ਨਹੀਂ ਹੁੰਦੇ। ਹੈਰਾਨੀ ਦੀ ਗੱਲ ਹੈ ਡਾਕਟਰ ਸਾਹਿਬ ਇਸ ਗੱਲ ਤੋਂ ਜਾਣੂ ਨਹੀਂ। ਇਸ ਤਰ੍ਹਾਂ ਤਾਂ ਇਹ ਮਤਲਬ ਨਿਕਲਦਾ ਹੈ ਕਿ ਪਹਿਲਾਂ ਸ਼ਾਇਰ ਆਪਣੀ ਗੱਲ ਸਮਝਾਉਣ ਵਿਚ ਅਸਮਰਥ ਰਿਹਾ ਸੀ। ਜਿਸ ਦੀ ਕਮੀ ਉਸਨੇ ਤਿੰਨ-ਤਿੰਨ ਮਿਸਰੇਅ ਹੋਰ ਲਗਾ ਕੇ ਕਰ ਦਿੱਤੀ ਹੈ। ਜਦੋਂ ਇਸ ਤਰ੍ਹਾਂ ਵਾਪਰੇ ਤਾਂ ਇਹ ਰਚਨਾ ਗ਼ਜ਼ਲ ਨਾ ਰਹੀ ਸਗੋਂ 'ਨਜ਼ਮ' ਬਣ ਗਈ (ਰੂਪਕ ਪੱਖੋਂ) ਜਿਸ ਦਾ ਇਕ ਇਕ ਬੰਦ ਪੰਜ-ਪੰਜ ਮਿਸਰਿਆਂ ਦਾ ਹੈ। ਸ਼ਿਅਰੋ ਸ਼ਾਇਰੀ ਤੋਂ ਜਾਣੂ ਲੋਕੀਂ ਅਜਿਹੀ ਨਜ਼ਮ ਨੂੰ 'ਮੁਖੱਮਸ' ਦਾ ਨਾਂ ਦਿੰਦੇ ਹਨ। ਕਿਉਂਕਿ 'ਖ਼ਮਸ' ਅਰਬੀ ਵਿਚ ਪੰਜ ਨੂੰ ਕਹਿੰਦੇ ਹਨ।

**ਖਾਲਦ ਕਿਫਾਇਤ, ਮਲੇਰ ਕੋਟਲਾ।**

ਤੁਸੀਂ ਚਿਰਾਗ ਦਾ ਖਾਲਸਾ ਸਾਜਨਾ ਦੀ ਸ਼ਤਾਬਦੀ ਸੰਬੰਧੀ ਅੰਕ ਪ੍ਰਕਾਸ਼ਿਤ ਕੀਤਾ ਹੈ। ਚੰਗਾ ਤਕੜਾ ਹੰਭਲਾ ਹੈ। ਇਸ ਸੰਬੰਧ ਵਿਚ ਤੁਹਾਡੀ ਸੰਪਾਦਕੀ ਟਿੱਪਣੀ ਬੜੀ ਨਿੱਗਰ ਹੈ। ਕਵਿਤਾਵਾਂ ਵੀ ਤਿੰਨੇ ਹੀ ਚੰਗੀਆਂ ਲੱਗੀਆਂ। ਸੁਰਜੀਤ ਗਿੱਲ ਦਾ ਲੇਖ ਤਾਂ ਚੰਗਾ ਹੋਣਾ ਹੀ ਸੀ। ਸੂਫ਼ੀ ਅਮਰਜੀਤ ਦਾ ਲੇਖ ਦਾ ਬਹੁਤ ਵਧੀਆ ਹੈ। ਸ਼ਾਇਦ ਇਸੇ ਕਰਕੇ ਪਰਚੇ ਵਿਚ ਦੋ ਵਾਰ 'ਛਾਪਿਆ' ਗਿਆ ਹੈ। 18-21 ਅਤੇ 45-48 ਸਫ਼ਿਆਂ ਤੇ।

ਦੂਜੇ ਅੰਕਾਂ ਵਿਚ ਵੀ ਨਿੱਗਰ ਮੈਟਰ ਹੁੰਦਾ ਹੈ। ਤੁਸੀਂ ਪਾਕਿਸਤਾਨੀ ਸਾਹਿਤ ਬਹੁਤਾ ਦਿੰਦੇ ਹੋ ਜਦ ਕਿ ਏਧਰ ਵੀ ਸਾਹਿਤ ਤੇ ਰਚਿਆ ਜਾ ਰਿਹਾ ਹੈ। ਇਸ ਗੱਲ ਦਾ ਖਿਆਲ ਰੱਖਿਆ ਕਰੋ।

ਚਿਰਾਗ ਦੇ ਟਾਈਟਲ ਵਲ ਵੀ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ।

**ਪ੍ਰਦੁੱਮਣ ਸਿੰਘ ਬੇਦੀ**



## ਪੁਸਤਕ-ਪ੍ਰਾਪਤੀ

* ਤਰਕਸ਼ (ਕਵਿਤਾ) ਸੁਖਵਿੰਦਰ ਪੱਪੀ, ਜੁਗਨੂੰ ਪ੍ਰਕਾਸ਼ਨ ਸੰਗਰੂਰ
* ਬਾਲ-ਗੀਤ-ਅਹਿਮਦ ਯਾਰ ਜੰਜੂਆ, ਚਾਇਸ ਪਬਲਿਸ਼ਰਜ਼, ਲਾਹੌਰ
* ਰੰਗ, ਖ਼ੁਸ਼ਬੂ, ਰੋਸ਼ਨੀ (ਗ਼ਜ਼ਲਾਂ) ਇੰਦਰਜੀਤ ਹਸਨਪੁਰੀ, ਲਿਖਾਰੀ ਸਭਾ ਰਾਮਪੁਰ
* ਕਾਮੇਸ਼ਵਰੀ (ਲੰਮੀ ਕਵਿਤਾ) ਸਵਰਨਜੀਤ ਸਵੀ-ਐਸਥੈਟਿਕ ਪਬਲੀਕੇਸ਼ਨ ਲੁਧਿਆਣਾ
* ਚਿਰਾਗ਼ਾਂ ਦੀ ਡਾਰ (ਗ਼ਜ਼ਲਾਂ) ਸੁਖਵਿੰਦਰ ਅੰਮ੍ਰਿਤ-ਓਪੀਨੀਅਨ ਮੇਕਰਜ਼ ਲੁਧਿਆਣਾ
* ਯਾਦਾਂ ਦੀ ਮਹਿਕ (ਨਿਬੰਧ) ਪਿਆਰਾ ਸਿੰਘ ਟਾਂਡਾ, ਲੋਕ ਹਿਤ ਪ੍ਰਕਾਸ਼ਨ ਮੰਚ ਬਟਾਲਾ
* ਧੁੱਪ 'ਚ ਸੁਲਘਦੇ ਬੋਲ (ਕਵਿਤਾ) ਬਲਬੀਰ ਜਲਾਲਾਬਾਦੀ, ਜੀ.ਪੀ. ਪਬਲੀਕੇਸ਼ਨਜ਼-ਪਟਿਆਲਾ
* ਧੀਆਂ (ਲੰਮੀ ਕਵਿਤਾ) ਸੁਖਮਿੰਦਰ ਰਾਮਪੁਰੀ-ਏਸ਼ੀਆ ਵਿਜ਼ੀਅਨਜ਼ ਲੁਧਿਆਣਾ
* ਦਾਇਰਾ (ਕਵਿਤਾ ਸੰਗ੍ਰਹਿ) ਸੰਪਾਦਕ ਡਾ ਵਰਿਆਮ ਸਿੰਘ ਸੰਧੂ, ਦੇਸ਼ ਭਗਤ ਯਾਦਗਾਰ ਕਮੇਟੀ-ਜਲੰਧਰ
* Guru Gobind Singh (A study) S.N. Sewak
  Pages. 120, Price. 125/- National Book Shop Delhi.
* ਜਸਵੰਤ ਗਿੱਲ ਦਾ ਸਾਹਿਤਕ ਸਫ਼ਰ (ਆਲੋਚਨਾ) ਸੰਪਾਦਤ ਡਾ. ਅਨੂਪ ਸਿੰਘ, ਪ੍ਰੇਰਨਾ ਪ੍ਰਕਾਸ਼ਨ ਪਟਿਆਲਾ

## ਅੰਤਿਕਾ

### ਆਪਣੀ ਗੱਲ

ਪਿਛਲੇ ਇਕ ਪਰਚੇ ਵਿਚ ਅਸੀਂ ਆਪਣੀ ਗੱਲ ਕਰਦਿਆਂ ਕਿਹਾ ਸੀ ਕਿ ਅਸੀਂ ਚਿਰਾਗ ਨੂੰ ਪੰਜਾਬੀ ਦਾ ਉਤਮ ਪਰਚਾ ਬਨਾਉਣ ਦੇ ਇੱਛਕ ਹਾਂ। ਇਸ ਪਾਸੇ ਵੱਲ ਅਸੀਂ ਕੁਝ ਕਦਮ ਪੁੱਟੇ ਵੀ ਹਨ। ਪਰਚੇ ਨੂੰ ਕੰਮਪਿਊਟਰ ਰਾਹੀਂ ਛਾਪਣ ਲੱਗੇ ਹਾਂ। ਮੈਟਰ ਵਿਚ ਬਿਹਤਰੀ ਲਿਆਉਣ ਦਾ ਯਤਨ ਕੀਤਾ ਹੈ। ਫਿਰ ਵੀ ਸੰਪਾਦਨਾ ਵਿਚ ਕੁਝ ਘਾਟਾਂ ਰਹਿ ਗਈਆਂ ਹਨ। (ਜਿਵੇਂ ਇਕੋ ਲੇਖ ਦਾ ਇਕ ਪਰਚੇ ਵਿਚ ਦੋ ਵਾਰ ਛਪ ਜਾਣਾ।) ਸਾਡੇ ਪਾਠਕਾਂ ਤੇ ਮਿੱਤਰਾਂ ਨੇ ਸਾਡਾ ਇਸ ਵਲ ਧਿਆਨ ਦੁਆਇਆ ਹੈ। ਪਰੰਤੂ ਇਹ ਕੁਝ ਕੰਮ ਦੇ ਬੋਝ ਕਾਰਨ ਹੋ ਗਿਆ ਹੈ। ਅਸੀਂ ਅੱਗੇ ਤੋਂ ਕੰਮ ਵੰਡ ਕਰਕੇ ਇਸ ਪਾਸੇ ਵੱਧ ਧਿਆਨ ਦੇਵਾਂਗੇ। ਅਗਲੇ ਸਾਲ ਲਈ ਅਸੀਂ ਕੁਝ ਵਿਸ਼ੇਸ਼ ਨੰਬਰ ਕੱਢਣ ਬਾਰੇ ਵਿਚਾਰਾਂ ਕੀਤੀਆਂ ਹਨ। ਛੇਤੀ ਹੀ ਉਹਨਾਂ ਬਾਰੇ ਗੱਲ ਕਰਾਂਗੇ।

ਸਾਡਾ ਟੀਚਾ ਪੰਜਾਬੀ ਪਾਠਕਾਂ ਨੂੰ ਪੰਜਾਬੀ ਸਾਹਿਤ ਤੋਂ ਬਿਨਾਂ ਸੰਸਾਰ ਸਾਹਿਤ ਬਾਰੇ ਜਾਣਕਾਰੀ ਦੇਣਾ ਹੈ। ਪਿਛਲੇ ਸਮੇਂ ਦੇ ਮਹਾਨ ਰੂਸੀ, ਜਰਮਨ ਤੇ ਫਰਾਂਸੀਸੀ ਲੇਖਕਾਂ ਬਾਰੇ ਅਸੀਂ ਗੱਲ ਕਰਾਂਗੇ। ਗੇਟੇ ਤੇ ਬਾਲਜ਼ਾਕ ਦੀਆਂ ਜਨਮ, ਮਰਨ ਸ਼ਤਾਬਦੀਆਂ ਮਨਾਈਆਂ ਜਾ ਰਹੀਆਂ ਹਨ। ਅਸੀਂ ਵੀ ਆਪਣੇ ਪਾਠਕਾਂ ਨੂੰ ਇਹਨਾਂ ਬਾਰੇ ਜਾਣਕਾਰੀ ਦੇਵਾਂਗੇ।

ਅਸੀਂ ਪੁਸਤਕਾਂ ਦੀ ਛਪਾਈ ਦਾ ਕੰਮ ਸ਼ੁਰੂ ਕਰਨ ਦੀ ਗੱਲ ਕੀਤੀ ਸੀ। ਸਾਡੇ ਕੋਲ ਕੰਮ ਸ਼ੁਰੂ ਕਰਨ ਜੋਗੀ ਮਾਇਆ ਪੁੱਜ ਗਈ ਹੈ। ਇਸ ਕੰਮ ਦੇ ਤਕਨੀਕੀ ਪੱਖਾਂ ਤੇ ਵਿਚਾਰ ਕਰਕੇ ਅਸੀਂ ਛੇਤੀ ਹੀ ਆਪਣੇ ਪਾਠਕਾਂ ਨਾਲ ਗੱਲ ਸਾਂਝੀ ਕਰਾਂਗੇ। ਨਵੇਂ ਵਰ੍ਹੇ ਵਿਚ ਇਹ ਕੰਮ ਆਰੰਭ ਦੇਵਾਂਗੇ।

ਅਸੀਂ ਆ ਰਹੇ ਵਰ੍ਹੇ ਨੂੰ ਪ੍ਰਾਪਤੀਆਂ ਦਾ ਵਰ੍ਹਾ ਬਨਾਉਣ ਦੇ ਇੱਛਕ ਹਾਂ। ਇਸ ਕੰਮ ਲਈ ਅਸੀਂ ਆਪਣੇ ਪਾਠਕਾਂ ਤੇ ਮਿੱਤਰਾਂ ਤੋਂ ਭਰਪੂਰ ਹੁੰਗਾਰੇ ਦੀ ਆਸ ਕਰਦੇ ਹਾਂ।

ਅਦਾਰਾ ਚਿਰਾਗ

Registered with the Registrar of News-Papers of India
No-PUN-PUN O 2776/AL/TC/94.

## ਵਨ ਵੇ : ਬਹੁਪੱਖੀ ਪਰਵਾਸੀ ਜੀਵਨ-ਸੰਘਰਸ਼ ਦਾ ਬਿਰਤਾਂਤ

ਜਿਸ ਪਰਵਾਸੀ ਜੀਵਨ-ਸੰਘਰਸ਼ ਦੇ ਮਹੱਤਵਪੂਰਨ ਗਲਪ-ਵੇਰਵੇ ਗਿਆਨੀ ਕੇਸਰ ਸਿੰਘ ਅਤੇ ਸਵਰਨ ਚੰਦਨ ਤੇ ਦਰਸ਼ਨ ਧੀਰ ਦੇ ਸਮਾਜਿਕ-ਮਨੋਵਿਗਿਆਨਕ ਯਥਾਰਥਵਾਦੀ ਨਾਵਲਾਂ ਵਿਚੋਂ ਹਾਸਲ ਹੁੰਦੇ ਹਨ, ਉਸ ਦਾ ਅਗਲਾ ਯਥਾਰਥ-ਵਿਸਤਾਰ ਹਰਜੀਤ ਅਟਵਾਲ ਦੇ ਪਲੇਠੇ ਨਾਵਲ 'ਵਨ ਵੇ' ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਅਟਵਾਲ ਪਰਵਾਸੀ ਜੀਵਨ-ਸੰਘਰਸ਼ ਦੇ ਮੋਟੇ-ਮੋਟੇ ਸਮੱਸਿਆਵੀ ਸੰਦਰਭਾਂ ਤੇ ਪੱਖਾਂ ਉੱਤੇ ਦ੍ਰਿਸ਼ਟੀ ਕੇਂਦਰਿਤ ਕਰਨ ਦੀ ਥਾਂ ਯਥਾਰਥ ਦੀ ਗਤੀਸ਼ੀਲ ਪ੍ਰਕਿਰਿਆ ਦੇ ਪ੍ਰਸੰਗ ਵਿਚ ਫਿਊਡਲ ਤੇ ਪੂੰਜੀਵਾਦੀ ਪ੍ਰਬੰਧ ਨਾਲ ਸੰਬੰਧਿਤ ਉਨ੍ਹਾਂ ਮਹੀਨ ਬੁਨਿਆਦੀ ਤੱਥਾਂ-ਸੱਚਾਂ, ਵਿਰੋਧਾਂ, ਤਣਾਵਾਂ ਤੇ ਦਵੰਦਾਂ ਦੀ ਤਲਾਸ਼ ਦਾ ਕਾਰਜ ਕਰਦਾ ਹੈ, ਜਿਨ੍ਹਾਂ ਕਾਰਨ ਸੁਰਜਨ ਵਰਗਾ ਪੜ੍ਹਿਆ-ਲਿਖਿਆ, ਸੁਲਝਿਆ, ਅਗਾਂਹਵਧੂ ਤੇ ਸੰਤੁਲਿਤ ਦ੍ਰਿਸ਼ਟੀ ਦਾ ਮਾਲਕ ਵਿਅਕਤੀ ਵੀ ਪ੍ਰਸਥਿਤੀਆਂ ਦੀ ਕਠੋਰਤਾ ਤੇ ਕਰੂਰਤਾ ਕਾਰਨ ਬੇਬੱਸ ਹੋਇਆ ਪ੍ਰਤੀਤ ਹੁੰਦਾ ਹੈ। ਉਸ ਦੀ ਇਹ ਬੇਬਸੀ ਤੇ ਲਾਚਾਰਗੀ ਹਾਰੀ ਹੋਈ ਮਾਨਸਿਕਤਾ ਦਾ ਅਜਿਹਾ ਪ੍ਰਤਿਰੂਪ ਨਹੀਂ ਜਿਸ ਵਿਚੋਂ ਢਾਹੂ ਤੇ ਨਕਾਰਾਤਮਕ ਵਤੀਰਾ ਉਭਰਦਾ ਹੋਵੇ, ਸਗੋਂ ਇਸ ਵਿਚੋਂ ਵੀ ਜੀਵਨ ਦੀਆਂ ਪ੍ਰਤਿਕੂਲ ਪ੍ਰਸਥਿਤੀਆਂ ਨਾਲ ਜੂਝਣ ਦਾ ਸੂਖਮ ਉਮਾਹ ਤੇ ਉਤਸ਼ਾਹ ਜਾਗਦਾ ਪ੍ਰਤੀਤ ਹੁੰਦਾ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਜਟਿਲ ਪਰਵਾਸੀ ਮਾਨਵੀ ਹੋਂਦ ਨਾਲ ਜੁੜੇ ਵਿਭਿੰਨ ਸਰੋਕਾਰਾਂ ਅਤੇ ਉਥੋਂ ਦੇ ਬਹੁਪੱਖੀ ਜੀਵਨ-ਸੰਘਰਸ਼ਾਂ ਨੂੰ ਵਿਅਕਤੀ, ਘਰ/ਪਰਿਵਾਰ ਤੇ ਸਮਾਜ ਦੇ ਪ੍ਰਸੰਗਾਂ ਵਿਚ ਫੈਲਾ ਕੇ ਯਥਾਰ੍ਥ ਦੇ ਦਿਸਦੇ ਸੱਚ ਦੀ ਥਾਂ, ਹੇਠਲੀ ਤਹਿ ਵਿਚ ਕਾਰਜਸ਼ੀਲ ਸੱਚ ਤੱਕ ਰਸਾਈ ਕਰਨ ਦੇ ਰੂਪ ਵਿਚ ਹੈ। ਅਟਵਾਲ ਨੇ ਪਰਵਾਸੀ ਜੀਵਨ ਨਾਲ ਜੁੜੇ ਕਿਸੇ ਇਕ-ਅੱਧ ਮਸਲੇ ਨੂੰ ਕੇਂਦਰ ਵਿਚ ਰੱਖ ਕੇ ਕਥਾ-ਉਸਾਰੀ ਕਰਨ ਦੀ ਥਾਂ ਉਸ ਨੇ ਪੂਰਬੀ ਤੇ ਪੱਛਮੀ ਸੱਭਿਆਚਾਰ ਦੀ ਵਿਹਾਰਕ ਕਾਰਜਸ਼ੀਲਤਾ ਦੇ ਪ੍ਰਸੰਗ ਵਿਚ ਬਹੁਤ ਸਾਰੇ ਅੰਤਰ-ਸੰਬੰਧਿਤ ਤੇ ਜੁੜਵੇਂ ਮਸਲਿਆਂ ਨੂੰ ਇਸ ਪ੍ਰਕਾਰ ਗਲਪ-ਬਿੰਬ ਵਿਚ ਢਾਲਿਆ ਹੈ ਕਿ ਮਾਨਵੀ ਸੰਘਰਸਸ਼ੀਲ ਪ੍ਰਵਿਰਤੀ ਤੇ ਭਾਵਨਾ ਨੂੰ ਵਿਸ਼ੇਸ਼ ਬਲ ਮਿਲਦਾ ਹੈ।




—ਡਾ. ਸੁਖਵਿੰਦਰ ਸਿੰਘ ਰੰਧਾਵਾ

ਆਰਸ਼ੀ ਪਬਲਿਸ਼ਰਜ਼, ਦਿੱਲੀ, ਮੁੱਲ : 240.00 ਰੁ: ਪੰਨੇ : 246

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 226877